ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 18 | 03 May to 09 May 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


05
■ ਭਾਈਚਾਰਾ
ਮਿਲਪੀਟਸ ਵਿਖੇ "ਖਾਲਿਸਤਾਨ ਐਲਾਨਨਾਮਾ ਦਿਵਸ" ਮਨਾਇਆ


15
■ ਖ਼ਬਰਸਾਰ
ਪੰਜਾਬ ਸਰਕਾਰ ਨੂੰ ਪਰਵਾਸੀਆਂ ਤੋਂ ਉਮੀਦਾਂ


21
■ ਨਜ਼ਰੀਆ
ਪਹਿਲੇ 100 ਦਿਨਾਂ 'ਚ ਹੀ ਟਰੰਪ ਦੀ ਸੁਰ ਪਈ ਨਰਮ

## 'ਆਪ' ਦੀ ਹਤਾਸ਼ਾ; ਤੂੰ-ਤੂੰ, ਮੈਂ-ਮੈਂ ਦਾ ਤਮਾਸ਼ਾ

• ਹਾਰ ਨਾਲ ਦਿੱਲੀ ਤੇ ਪੰਜਾਬ 'ਚ ਪਾਰਟੀ ਦੀਆਂ ਜੜ੍ਹਾਂ ਹਿੱਲੀਆਂ • ਵਿਸ਼ਵਾਸ ਤੇ ਅਮਾਨਤੁੱਲਾ ਦੇ ਮਿਹਣੋ-ਮਿਹਣੀ ਨੇ ਉਲਝਾਈ ਤਾਣੀ

- ਵਿਸ਼ਵਾਸ ਵਲੋਂ 'ਆਪ' ਛੱਡਣ ਦੇ ਸੰਕੇਤ
- ਦਿੱਲੀ ਦੇ ਆਗੂਆਂ ਨੂੰ ਪੰਜਾਬ ਦੀ ਮੁਖ਼ਤਿਆਰੀ ਤੋਂ ਕੀਤਾ 'ਬੇਦਖ਼ਲ'
- ਗੁਰਪ੍ਰੀਤ ਘੁੱਗੀ ਦੇ ਖੰਭ ਕੁਤਰਨ ਲਈ ਸਿਆਸੀ ਧਾਰ ਤਿੱਖੀ ਹੋਈ
- ਚਾਰ ਗੁੱਟਾਂ 'ਚ ਵੰਡੇ ਪੰਜਾਬ ਆਗੂ ਵਜਾ ਰਹੇ ਨੇ ਆਪਣੀ ਆਪਣੀ ਡਫ਼ਲੀ






**ਚੰਡੀਗੜ੍ਹ/ਬਿਊਰੋ ਨਿਊਜ਼ :** ਹਾਰਨ ਵਾਲੇ ਅਕਸਰ ਡੌਂਡੀ ਪਿੱਟਦੇ ਹਨ। ਉਨ੍ਹਾਂ ਦਾ ਨਿਸ਼ਾਨਾ ਆਪਣੇ ਵਿਰੋਧੀਆਂ ਦੇ ਨਾਲ ਨਾਲ ਟੀਮ ਮੈਂਬਰਾਂ 'ਤੇ ਵੀ ਹੁੰਦਾ ਹੈ। ਇਹੀ ਹਾਲ ਇਨ੍ਹੀਂ ਦਿਨੀਂ ਆਮ ਆਦਮੀ ਪਾਰਟੀ ਦਾ ਹੈ। ਪੰਜਾਬ, ਗੋਆ ਵਿਧਾਨ ਸਭਾ ਚੋਣਾਂ ਵਿਚ ਹਾਰ ਮਗਰੋਂ ਹੁਣ ਦਿੱਲੀ ਵਿਚ ਨਗਰ ਨਿਗਮ ਚੋਣਾਂ ਦੀ ਵੀ ਹਾਰ 'ਆਪ' ਆਗੂਆਂ ਲਈ ਨਾਬਰਦਾਸ਼ਤ ਯੋਗ ਹੈ, ਇਸੇ ਲਈ ਇਕ-ਦੂਜੇ 'ਤੇ ਇਲਜ਼ਾਮਤਰਾਸ਼ੀ ਚੱਲ ਰਹੀ ਹੈ। ਸਲਾਹ-ਮਸ਼ਵਰੇ ਅਤੇ ਖਰੀਆਂ ਖਰੀਆਂ ਸੁਣਾਉਣ ਵਾਲੇ ਕੁਮਾਰ ਵਿਸ਼ਵਾਸ ਵਰਗੇ ਆਗੂਆਂ ਦੀਆਂ ਟਿੱਪਣੀਆਂ ਮਗਰੋਂ ਪਾਰਟੀ 'ਆਪ' ਦੇ 'ਸਿਆਸੀ ਖ਼ੌਫ਼' ਤੋਂ ਘਟ ਕੇ ਸਾਧਾਰਨ ਤੂੰ-ਤੂੰ, ਮੈਂ-ਮੈਂ ਤਕ ਸੀਮਤ ਹੋ ਕੇ ਰਹਿ ਗਈ ਹੈ। ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜਿੱਥੇ ਪਹਿਲਾਂ ਪਾਰਟੀ ਦੀਆਂ ਹਾਰਾਂ ਲਈ ਏ.ਵੀ.ਐਮ. ਮਸ਼ੀਨਾਂ ਨੂੰ ਭੰਡਦੇ ਰਹੇ ਸਨ, ਪਾਰਟੀ ਅੰਦਰੋਂ ਉਠੀਆਂ ਬਗ਼ਾਵਤੀ ਸੁਰਾਂ ਮਗਰੋਂ ਉਨ੍ਹਾਂ ਆਪਣੇ 'ਨੁਕਸ' ਵੀ ਕਬੂਲ ਕਰ ਲਏ ਹਨ। ਪਹਿਲੀ ਦਫ਼ਾ ਹੈ ਕਿ ਕੁਮਾਰ ਵਿਸ਼ਵਾਸ ਦੀਆਂ ਖ਼ਰੀਆਂ-ਖ਼ਰੀਆਂ ਸੁਣਨ ਮਗਰੋਂ ਵੀ ਕੇਜਰੀਵਾਲ ਦਾ ਰਵੱਈਆ ਉਨ੍ਹਾਂ ਪ੍ਰਤੀ ਨਰਮ ਰਿਹਾ ਜਦਕਿ ਵਿਸ਼ਵਾਸ 'ਤੇ ਇਲਜ਼ਾਮ ਲਾਉਣ ਵਾਲੇ ਵਿਧਾਇਕ ਅਮਾਨਤੁੱਲਾ ਖਾਨ ਨੂੰ ਪਾਰਟੀ ਦੇ ਸਿਆਸੀ

ਬਾਕੀ ਸਫ਼ਾ 33 'ਤੇ

ਸੰਬੰਧਤ ਹੋਰ ਖ਼ਬਰਾਂ ਸਫ਼ਾ 8 ਅਤੇ 9 'ਤੇ ਪੜ੍ਹੋ

## ਦੁਨੀਆ ਦੇ ਸਭ ਤੋਂ ਵੱਡੇ ਫ਼ਿਲਮ ਫੈਸਟੀਵਲ ਵਿਚ 'ਦੀ ਬਲੈਕ ਪ੍ਰਿੰਸ' ਨੂੰ ਬਿਹਤਰੀਨ ਫ਼ਿਲਮ ਪੁਰਸਕਾਰ




**ਹਿਊਸਟਨ/ਬਿਊਰੋ ਨਿਊਜ਼ :** ਦੀ ਬਲੈਕ ਪ੍ਰਿੰਸ' ਦੇ ਤਾਜ ਵਿਚ ਬਿਹਰਤਗੀਨ ਪੁਰਸਕਾਰ ਦਾ ਇਕ ਹੋਰ ਹੀਰਾ ਜੜਿਆ ਗਿਆ ਹੈ। ਕੈਲੀਫੋਰਨੀਆ ਸਮੇਤ ਅਮਰੀਕਾ ਦੇ ਵੱਖ ਵੱਖ ਸੂਬਿਆਂ ਵਿਚ ਲਗਾਤਾਰ ਪੁਰਸਕਾਰ ਜਿੱਤਦੀ ਆ ਰਹੀ ਦੀ ਬਲੈਕ ਪ੍ਰਿੰਸ' ਨੇ ਹਿਊਸਟਨ ਦੇ ਸਭ ਤੋਂ ਵੱਡੇ ਫ਼ਿਲਮ ਫੈਸਟੀਵਲ ਵਿਚ ਬਿਹਤਰੀਨ ਫ਼ਿਲਮ ਦਾ ਪੁਰਸਕਾਰ ਹਾਸਲ ਕੀਤਾ ਹੈ। ਪੰਜਾਬ ਦੇ ਆਖ਼ਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਦੀ ਅਸਲ ਜ਼ਿੰਦਗੀ 'ਤੇ ਆਧਾਰਤ ਦੀ ਬਲੈਕ ਪ੍ਰਿੰਸ' ਨੇ ਇਸ ਫੈਸਟੀਵਲ ਦੌਰਾਨ ਸਪੈਸ਼ਲ ਜਿਊਰੀ ਰੈਮੀ ਐਵਾਰਡ' ਜਿੱਤ ਕੇ ਸਭ ਤੋਂ ਵੱਡਾ ਮਾਣ ਹਾਸਲ ਕੀਤਾ ਹੈ। ਫ਼ਿਲਮ ਦੀ ਬਿਹਤਰੀਨ ਆਰਟ ਡਾਇਰੈਕਸ਼ਨ ਲਈ ਨਟਾਲੀਆ ਓ ਕੂਨਰਜ਼ ਨੂੰ ਗੋਲਡ ਰੈਮੀ ਐਵਾਰਡ ਨਾਲ ਨਿਵਾਜਿਆ ਗਿਆ।

ਜ਼ਿਕਰਯੋਗ ਹੈ ਕਿ ਵਰਲਡਫੈਸਟ ਹਿਊਸਟਨ ਫ਼ਿਲਮ ਫੈਸਟੀਵਲ ਸਭ ਤੋਂ ਪੁਰਾਣਾ ਅਤੇ ਦੁਨੀਆ ਦਾ ਸਭ ਤੋਂ ਵੱਡਾ ਫ਼ਿਲਮ ਫੈਸਟੀਵਲ ਹੈ। 10 ਦਿਨ ਚੱਲੇ ਇਸ 50ਵੇਂ ਸਾਲਾਨਾ ਮੇਲੇ ਵਿਚ ਇਸ ਵਾਰ 74 ਮੁਲਕਾਂ ਨੇ ਹਿੱਸਾ ਲਿਆ। 500 ਫ਼ੀਚਰ ਫ਼ਿਲਮਾਂ ਵਿਚੋਂ ਕੁੱਲ 63 ਫ਼ਿਲਮਾਂ ਦੀ ਫਾਈਨਲ ਲਈ ਚੋਣ ਹੋਈ। ਇਸ ਸਾਲ ਸ਼ੌਰਟ, ਐਨੀਮੇਟਡ ਤੇ ਦਸਤਾਵੇਜ਼ੀ ਸਮੇਤ 4300 ਦੇ ਕਰੀਬ ਫ਼ਿਲਮਾਂ ਨੇ ਆਪਣੀਆਂ ਨਾਮਜ਼ਦਗੀਆਂ ਭੇਜੀਆਂ ਸਨ। ਵਰਨਣਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਉਦੋਂ 15 ਵਰ੍ਹਿਆਂ ਦੇ ਸਨ ਜਦੋਂ ਪੰਜਾਬ 'ਤੇ ਕਬਜ਼ੇ ਮਗਰੋਂ ਬਰਾਤਨਵੀ ਹਕੂਮਤ ਉਨ੍ਹਾਂ ਨੂੰ ਆਪਣੇ ਨਾਲ ਇੰਗਲੈਂਡ ਲੈ ਗਈ ਅਤੇ ਉਨ੍ਹਾਂ ਦਾ ਸਿੱਖ ਧਰਮ ਤਬਦੀਲ ਕਰਕੇ ਕ੍ਰਿਸਚਿਨ ਬਣਾ ਦਿੱਤਾ। ਕਈ ਵਰ੍ਹਿਆਂ ਬਾਅਦ ਆਪਣੀ ਮਾਂ ਮਹਾਰਾਣੀ ਜਿੰਦਾ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਫੇਰ ਸਿੱਖ ਧਰਮ ਅਪਣਾਇਆ ਅਤੇ ਨਾ ਸਿਰਫ਼ ਸਿੱਖ ਰਿਆਸਤ ਲਈ

ਬਾਕੀ ਸਫ਼ਾ 33 'ਤੇ

## ਪਾਕਿ ਫ਼ੌਜ ਵਲੋਂ ਜਵਾਨਾਂ ਦੇ ਸਿਰ ਕਲਮ ਕਰਨ ਦੀ ਕਰੂਰਤਾ ਵਾਲੀ ਕਾਰਵਾਈ

**ਜੰਮੂ/ਬਿਊਰੋ ਨਿਊਜ਼ :** ਪਾਕਿਸਤਾਨੀ ਫ਼ੌਜ ਦੇ ਇਕ ਵਿਸ਼ੇਸ਼ ਦਸਤੇ ਨੇ ਭਾਰੀ ਗੋਲਾਬਾਰੀ ਦੀ ਆੜ ਹੇਠ ਭਾਰਤੀ ਇਲਾਕੇ ਵਿੱਚ ਕਰੀਬ 250 ਮੀਟਰ ਅੰਦਰ ਦਾਖ਼ਲ ਹੋ ਕੇ ਇਕ ਗਸ਼ਤੀ ਟੀਮ ਉਤੇ ਹਮਲਾ ਕਰਦਿਆਂ ਦੋ ਭਾਰਤੀ ਜਵਾਨਾਂ ਦੇ ਸਿਰ ਵੱਢ ਦਿੱਤੇ। ਇਹ ਕਾਰਵਾਈ ਪਾਕਿਸਤਾਨੀ ਫ਼ੌਜ ਦੀ ਬਾਰਡਰ ਐਕਸ਼ਨ ਟੀਮ (ਬੈਟ) ਵੱਲੋਂ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਕ੍ਰਿਸ਼ਨਾ ਘਾਟੀ ਸੈਕਟਰ ਵਿੱਚ ਕੀਤੀ ਗਈ। ਮਾਰੇ ਗਏ ਜਵਾਨਾਂ ਦੀ ਪਛਾਣ 22 ਸਿੱਖ ਰੈਜੀਮੈਂਟ ਦੇ ਨਾਇਬ ਸੂਬੇਦਾਰ ਪਰਮਜੀਤ ਸਿੰਘ ਤੇ ਬੀਐਸਐਫ ਦੀ 200ਵੀਂ ਬਟਾਲੀਅਨ ਦੇ ਹੈੱਡ ਕਾਂਸਟੇਬਲ ਪ੍ਰੇਮ ਸਾਗਰ ਵਜੋਂ ਹੋਈ ਹੈ। ਹਮਲੇ ਵਿੱਚ ਬੀਐਸਐਫ਼ ਦਾ ਇਕ ਜਵਾਨ ਰਾਜਿੰਦਰ ਸਿੰਘ ਜ਼ਖ਼ਮੀ ਹੋ ਗਿਆ, ਜਿਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਭਾਰਤੀ ਫ਼ੌਜ ਨੇ ਵੀ ਪਾਕਿਸਤਾਨ ਦੇ ਇਸ 'ਘਟੀਆ ਕਾਰੇ' ਖ਼ਿਲਾਫ਼ ਜ਼ੋਰਦਾਰ ਕਾਰਵਾਈ ਕਰਦਿਆਂ ਪਾਕਿਸਤਾਨ ਦੀਆਂ ਦੋ ਸਰਹੱਦੀ ਚੌਕੀਆਂ ਨੂੰ ਤਬਾਹ ਕਰ ਦਿੱਤਾ। ਭਾਰਤ ਨੇ ਪਾਕਿਸਤਾਨੀ ਫੌਜ ਨੂੰ ਇਸ ਹਮਲੇ ਦਾ 'ਢੁਕਵਾਂ' ਜਵਾਬ ਦੇਣ ਦਾ ਐਲਾਨ ਕੀਤਾ ਹੈ। ਗ਼ੌਰਤਲਬ ਹੈ ਕਿ ਇਹ ਘਟਨਾ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵੱਲੋਂ ਮਕਬੂਜ਼ਾ ਕਸ਼ਮੀਰ ਵਿੱਚ ਅਸਲ ਕੰਟਰੋਲ ਲਕੀਰ (ਐਲਓਸੀ) ਨੇੜਲੇ ਵੱਖ-ਵੱਖ ਇਲਾਕਿਆਂ ਦੇ ਕੀਤੇ ਦੌਰੇ

ਬਾਕੀ ਸਫ਼ਾ 33 'ਤੇ



ਸ਼ਹੀਦ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੀ ਪਤਨੀ ਪਰਮਜੀਤ ਕੌਰ ਬੱਚਿਆਂ ਨਾਲ। (ਇਨਸੈੱਟ) ਸ਼ਹੀਦ ਪਰਮਜੀਤ ਸਿੰਘ

ਵਿਸ਼ੇਸ਼ ਸੂਚਨਾ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਜੈ ਸਿੰਘ
ਫੋਨ ਨੰਬਰ
510-677-2777

SAVE $2500
ON DIESEL PER TRUCK WITH ONE CALL!
11¢
DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
(855) 641-6955 • (888) 795-7035
sales@trans-alliance.com • www.trans-alliance.com

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

Punjabi Radio USA
408-272-5200
KHALSA INSURANCE AGENCY, INC.
COVERED CALIFORNIA
Call Now for the Lowest Health Insurance Premiums available
Some Households qualify for FREE HEALTHCARE
408-272-2500

Global Visa Service
• Indian visa
• indian passport renewals
• Oci cards
• Renunciation
• Notary services
• China visa
• Russia visa
• Brazil visa
• Providing consistent, fast and reliable Visa service to US travelers
JAY SUMMAN
415.850.9278
39271 Mission Blvd, #210, Fremont, CA 94539

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ

## Guru Nanak Sports Club San Joaquin and Kerman, CA

GURU NANAK SIKH TEMPLE 8695 MAIN ST

ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਸਨਵਾਕੀਨ ਸਕੂਲ ਦੀਆਂ ਖੁਲੀਆਂ ਗਰਾਊਡਾ ਅਤੇ ਪਾਰਕਾ ਵਿੱਚ 6 ਅਤੇ 7 ਮਈ 2017 ਨੂੰ ਅੱਠਵਾਂ ਅਮ-ਰੀਕਨ ਵਿਸਾਖੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ 6 ਅਕਤੂਬਰ, ਦਿਨ ਸ਼ਨੀਵਾਰ ਦੀ ਪਰਿਵਾਰਕ ਪਿਕਨਿਕ ਵਿੱਚ ਦੌੜਾ, ਚਾਟੀ ਰੇਸ਼, ਮਿਊਜ਼ੀਕਲ ਚੇਅਰ, ਵਧੀਆਂ ਪੁਸ਼ਾਕ ਮੁਕਾਬਲੇ ਤੋਂ ਇਲਾਵਾ ਪੰਜਾਬ ਦੀਆਂ ਪੁਰਾਤਨ ਖੇਡਾਂ ਜਿਵੇ ਘੋੜਾ ਕਬੱਡੀ, ਖੋ-ਖੋ, ਸ਼ੱਕਰ ਭਿੱਜੀ, ਗੁੱਲੀ ਡੰਡਾ, ਬਾਂਦਰ ਕੀਲਾ, ਬੰਟੇ, ਰੁਮਾਲ ਚੁੱਕਣਾ ਅਤੇ ਤਿੰਨ ਟੰਗੀ ਦੌੜ (ਸਪੈਸਲ ਮਾਂ-ਧੀ) ਨੂੰ ਵੀ ਫੈਮਲੀ ਪਿਕਨਿਕ ਵਜੋਂ ਉਤਸਾਹਿਤ ਕੀਤਾ ਜਾਵੇਗਾ। 7 ਮਈ, ਦਿਨ ਐਤਵਾਰ ਨੂੰ ਉਪਨ ਕਬੱਡੀ, ਰੱਸਾਕਸੀ, ਭਾਰ ਚੁੱਕਣਾ, ਗੋਲਾ ਸੁੱਟਣਾ, ਕੁਸਤੀਆਂ ਤੋਂ ਇਲਾਵਾ ਬੱਚਿਆ ਅਤੇ ਔਰਤਾ ਦੀਆਂ ਹੋਰ ਬਹੁਤ ਸਾਰੀਆਂ ਖੇਡਾਂ ਮੁੱਖ ਅਕਰਸ਼ਣ ਹੋਣਗੀਆਂ। ਹੋਰ ਜਾਣਕਾਰੀ ਲੈਣ ਲਈ ਪ੍ਰਬੰਧਕਾ ਨਾਲ ਸੰਪਰਕ ਕਰੋ।

**ਕਬੱਡੀ ਵਿੱਚ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਖੇਡਣ ਲਈ ਪਹੁੰਚ ਰਹੇ ਹਨ।**



**LIVE** Kabaddi Tournament and Picnic on facebook and GLOBAL PUNJAB TV NETWORK www.Globalcpn.tv

**Vaiskhi Tournament of 2017 will be held at the San Joaquin School's Play Grounds. Held by the Guru Nanak Sports Club of San Joaquin and Kerman, California. The Event will be held on May 6, Saturday Family Picnic Fun and Kabaddi under 21 & Open May 7, Sunday 2017.**

## 6 ਮਈ ਦਿਨ ਸ਼ਨੀਵਾਰ ਨੂੰ ਫੈਮਲੀ ਪਿਕਨਿਕ ਅਤੇ 7 ਮਈ ਦਿਨ ਐਤਵਾਰ ਨੂੰ ਉਪਨ ਕਬੱਡੀ ਅਤੇ ਹੋਰ ਖੇਡਾਂ

**7 ਮਈ 2017, ਦਿਨ ਐਤਵਾਰ**

**ਉਪਨ ਕਬੱਡੀ,**
ਰੱਸਾਕਸੀ, ਦੌੜਾ, ਕੁਸਤੀਆਂ, ਭਾਰ ਚੁਕਣਾ ਆਦਿਕ। ਇਸ ਤੋਂ ਇਲਾਵਾ ਦਿਲਦਾਰ ਬ੍ਰਦਰਜ਼ ਮਿਊਜ਼ੀਕਲ ਗਰੁੱਪ, ਲੋਕ ਪ੍ਰਸਿੱਧ ਗਾਇਕ ਧਰਮਵੀਰ ਥਾਂਦੀ, ਗਾਇਕਾ ਜੋਤ ਰਣਜੀਤ ਅਤੇ ਹੋਰ ਬਹੁਤ ਸਾਰੇ ਕਲਾਕਾਰ ਵਿਸ਼ੇਸ਼ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਨਗੇ

ਉਪਨ ਕਬੱਡੀ ਅਤੇ ਉਮਰ ਅੰਡਰ 21 ਸਾਲ



ਬਾਬਿਆ ਵੱਲੋਂ ਰੱਸਾਕਸ਼ੀ ਦੇ ਮੁਕਾਬਲੇ ਹੋਣਗੇ।





ਗਾਇਕ ਧਰਮਵੀਰ ਥਾਂਦੀ



ਸਟੇਜ: ਬੀਬੀ ਆਸ਼ਾ ਸ਼ਰਮਾਂ

ਕਬੱਡੀ ਦੀ ਕੁਮੈਂਟਰੀ ਸੁਖਵਿੰਦਰ ਸਿੰਘ ਸੋਢਾ, ਕੁਲਦੀਪ ਸੋਹੀ, ਬਲਬੀਰ ਚਿੰਗੋ ਅਤੇ ਹੋਰ ਉੱਘੇ ਕੁਮੈਂਟਰ ਕਰਨਗੇ।



ਗਾਇਕਾ ਜੋਤ ਰਣਜੀਤ

**6 ਮਈ 2017 ਦਿਨ ਸ਼ਨੀਵਾਰ ਪਰਿਵਾਰਿਕ ਪਿਕਨਿਕ**

ਜਿਸ ਵਿੱਚ 'ਕਰਮਨ ਪੰਜਾਬੀ ਸਕੂਲ, ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀ ਦੇ ਬੱਚੇ ਗਿੱਧੇ ਅਤੇ ਭੰਗੜੇ ਦਾ ਸ਼ਾਨਦਾਰ ਪ੍ਰਦਰਸ਼ਨ ਕਰਨਗੇ ਇਸ ਤੋਂ ਇਲਾਵਾ ਬਾਹਰੋਂ ਹੋਰ ਸੰਸਥਾਵਾਂ ਤੇ ਸਕੂਲਾ ਦੇ ਬੱਚੇ ਵੀ ਹਿੱਸਾ ਲੈਣਗੇ। ਸਪੋਰਟਸ ਕਲੱਬ ਵੱਲੋਂ 4.0 ਜੀ ਪੀ ਏ ਗਰੇਡ ਵਾਲੇ ਬੱਚਿਆ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਸ਼ਪੈਸ਼ਲ ਔਰਤਾਂ ਅਤੇ ਬੱਚਿਆ ਲਈ ਬਹੁਤ ਸਾਰੀਆਂ ਹੋਰ ਪੁਰਾਤਨ ਅਤੇ ਨਵੀਆਂ ਖੇਡਾਂ ਅਤੇ ਗੀਤ-ਸੰਗੀਤ ਦਾ ਉਚਿਤ ਪ੍ਰਬੰਧ ਹੋਵੇਗਾ।

ਇਸ ਸਮੇਂ ਪ੍ਰਸਿੱਧ ਲੋਕ ਗਇਕ ਧਰਮਵੀਰ ਥਾਂਦੀ, ਗਾਇਕਾ ਜੋਤ ਰਣਜੀਤ ਅਤੇ ਦਿਲਦਾਰ ਬ੍ਰਦਰਜ਼ ਹਾਜ਼ਰੀਨ ਦੇ ਮਨੋਰੰਜਨ ਲਈ ਵਿਸ਼ੇਸ਼ ਗਾਇਕੀ ਦੇ ਰੰਗ ਬੰਨਣਗੇ। ਚਾਹ, ਪਕੌੜੇ, ਗਰਮ ਜਲੇਬੀਆਂ ਅਤੇ ਹੋਰ ਸੁਆਦਿਸਟ ਲੰਗਰਾਂ ਦਾ ਫਰੀ ਪ੍ਰਬੰਧ ਹੋਵੇਗਾ।



ਦਿਲਦਾਰ ਮਿਊਜ਼ੀਕਲ ਗਰੁੱਪ ਫਰਿਜ਼ਨੋ ਵੱਲੋਂ ਮਨੋਰੰਜਨ ਹੋਵੇਗਾ



ਜੀ.ਐਚ.ਜੀ.ਅਕੈਡਮੀ, ਫਰਿਜ਼ਨੋ



ਕਰਮਨ ਪੰਜਾਬੀ ਸਕੂਲ, ਕਰਮਨ



ਬੀਬੀਆਂ ਦੀ ਚਾਟੀ ਦੌੜ ਅਤੇ ਰੱਸ਼ਾਕਸੀ

## More Information:

**Gurbinder S. Dhaliwal (559) 281-4697, Mohan S. Badesha (559) 248-6694, Simple Aulakh (559) 217-5465.**

Gurdarshan Brar (559) 974-0952, Garry Dhesi 'Bossa' (559) 567-8033, Dalvir Chaudry (209) 675-8764, Mintu Dhaliwal 559-994-0396,
Avtar S. Grewal (559) 352-6025, Sukhi Randhawa (559) 698-4876, Gurbax Sidhu (559) 217-5486, Parmjit Mander: (559) 709-3580,
Deep Billan (559) 217-1441, Raj Dhaliwal (559) 217-4974, Ajit Badesha (559) 706-2143, Ranmegh Dhesi (559) 577-3875.

**Near Location: Guru Nanak Sikh Temple, 8695 Main Street, San Joaquin, CA - 93660.**

Scan for Directions

ਟੂਰਨਾਮੈਂਟ ਸਮੇਂ ਕਾਰ ਪਾਰਕਿੰਗ, ਸ਼ਖਤ ਸਕਿਊਰਟੀ, ਔਰਤਾਂ ਅਤੇ ਬੱਚਿਆ ਦੇ ਬੈਠਣ ਤੋਂ ਇਲਾਵਾ ਮੁਫਤ ਲੰਗਰਾਂ ਦਾ ਪ੍ਰਬੰਧ ਹੋਵੇਗਾ।

Media Sponsor: Kulwant Ubhi Dhalian & Neeta Machhike. Special Thanks to All Media sponsers. Photography By: Jeet Gill - www.Mogavideo.com


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
DISCOVER
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

# ਖ਼ਾਲਿਸਤਾਨ ਐਲਾਨ ਦਿਵਸ ਦੀ 31ਵੀਂ ਵਰ੍ਹੇਗੰਢ ਗੁਰਦੁਆਰਾ ਸਾਹਿਬ ਟਰਲਕ ਵਿਖੇ ਮਨਾਈ







**ਟਰਲਕ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਟਰਲਕ ਦੀ ਸੰਗਤ ਨੇ ਖ਼ਾਲਿਸਤਾਨ ਐਲਾਨ ਦਿਵਸ (29 ਅਪ੍ਰੈਲ 1986) ਦੀ 31ਵੀਂ ਵਰ੍ਹੇਗੰਢ ਬਹੁਤ ਹੀ ਚੜ੍ਹਦੀ ਕਲਾ ਨਾਲ ਮਨਾਈ। ਭਾਈ ਪਰਪਾਲ ਸਿੰਘ ਅਤੇ ਭਾਈ ਨਛੱਤਰ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਪੰਜਾਂ ਪਿਆਰਿਆਂ ਨੇ 'ਦੇਹ ਸ਼ਿਵਾ ਬਰ ਮੋਹੇ ਈਹੇ' ਸ਼ਬਦ ਗਾਇਨ ਨਾਲ ਨਿਸ਼ਾਨ ਸਾਹਿਬ ਨੂੰ ਸਲਾਮੀ ਦਿੱਤੀ। ਸੰਗਤਾਂ ਵੱਲੋਂ ਨਕੋਦਰ ਕਾਂਡ ਵਿੱਚ ਸ਼ਹੀਦ ਵੀਰਾਂ ਦੀਆਂ ਫੋਟੋਆਂ ਗੁਰਦੁਆਰਾ ਸਾਹਿਬ ਵਿੱਚ ਸੁਸ਼ੋਬਿਤ ਕੀਤੀਆਂ ਗਈਆਂ। ਭਾਈ ਬਲਵਿੰਦਰਪਾਲ ਸਿੰਘ ਖਾਲਸਾ ਨੇ ਸਟੇਜ ਸੰਚਾਲਨ ਬਾਖ਼ੂਬੀ ਕੀਤਾ। ਸਿੱਖ ਯੂਥ ਆਫ ਅਮਰੀਕਾ ਦੇ ਪ੍ਰਧਾਨ ਭਾਈ ਗੁਰਿੰਦਰਜੀਤ ਸਿੰਘ ਮਾਨਾ, ਹਰਦੀਪ ਸਿੰਘ ਹੇਅਰ ਅਤੇ ਡਾ. ਗੁਰਤੇਜ ਸਿੰਘ ਨੇ ਸੰਗਤ ਨਾਲ ਖਾਲਿਸਤਾਨ ਦੇ ਸੰਘਰਸ਼ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਆਪਸੀ ਪਿਆਰ ਅਤੇ ਸਹਿਯੋਗ ਨਾਲ ਸੰਘਰਸ਼ ਅੱਗੇ ਤੋਰਨ 'ਤੇ ਜ਼ੋਰ ਦਿੱਤਾ। ਅਖੀਰ ਵਿੱਚ ਭਾਈ ਜਸਵਿੰਦਰ ਸਿੰਘ ਅਤੇ ਸਰਵਣ ਸਿੰਘ ਦੇ ਜਥੇ ਨੇ ਜੋਸ਼ੀਲੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸ਼ਹੀਦ ਪਰਿਵਾਰਾਂ ਨੂੰ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ। ਸਾਰਿਆਂ ਦੇ ਉਦਮ ਸਦਕਾ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੇ ਆਪਣੇ ਆਜ਼ਾਦ ਘਰ ਖਾਲਿਸਤਾਨ ਵਾਸਤੇ ਹੰਭਲਾ ਮਾਰਨ ਦਾ ਪ੍ਰਣ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਗੁਰਮੇਲ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ

## *ਸਹਿਜਦੀਪ ਸਿੰਘ, ਅੰਮ੍ਰਿਤ ਕੌਰ ਗਿੱਲ ਤੇ ਆਲਮਬੀਰ ਸਿੰਘ ਅਵੱਲ ਰਹੇ*



**ਮਿਲਪੀਟਸ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਆਈ.ਜ਼ੀ.ਓ.ਐਸ. (ਇੰਸਟੀਚਿਊਟ ਆੱਫ਼ ਗੁਰਮਤਿ ਗਿਆਨ ਆਨਲਾਈਨ ਸਟੱਡੀਜ਼) ਮਿਲਪੀਟਸ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿਚ ਸਮੂਹ ਬੇ-ਏਰੀਆ ਦੇ ਵਿਦਿਆਰਥੀਆਂ ਨੇ ਭਾਗ ਲਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਸੰਬੰਧੀ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਇਸ ਪ੍ਰਤੀਯੋਗਤਾ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ ਸੀ। ਪਹਿਲੀ ਸ਼੍ਰੇਣੀ ਵਿਚ ਚੌਥੀ ਤੋਂ ਛੇਵੀਂ ਜਮਾਤ, ਦੂਜੀ ਸ਼੍ਰੇਣੀ ਵਿਚ ਸੱਤਵੀਂ ਤੋਂ ਅੱਠਵੀਂ ਜਮਾਤ ਅਤੇ ਤੀਜੀ ਸ਼੍ਰੇਣੀ ਵਿਚ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਮੁਕਾਬਲੇ ਹੋਏ। ਪ੍ਰਤੀਯੋਗੀਆਂ ਨੂੰ ਭਾਸ਼ਣ ਲਈ ਵਿਸ਼ੇ ਪਹਿਲਾਂ ਹੀ ਦਿੱਤੇ ਗਏ ਸਨ। ਪਹਿਲੀ ਸ਼੍ਰੇਣੀ ਦੇ ਵਿਸ਼ੇ ਖਾਲਸਾ ਸਕੂਲ ਦੀ ਮਹੱਤਤਾ, ਡਾਇਨਾਸੋਰ ਦੀ ਹੋਂਦ ਅਤੇ ਤੁਹਾਡਾ ਰੋਲ ਮਾਡਲ, ਦੂਜੀ ਸ਼੍ਰੇਣੀ ਦੇ ਵਿਸ਼ੇ ਹੋਲਾ ਮੁਹੱਲਾ, ਐਂਟਾਰਟਿਕਾ ਸਬੰਧੀ ਜਾਣਕਾਰੀ, ਮਨਭਾਉਂਦੀ ਖੋਜ ਅਤੇ ਤੀਜੀ ਸ਼੍ਰੇਣੀ ਦੇ ਵਿਸ਼ੇ ਮਾਹਾਰਾਜਾ ਰਣਜੀਤ ਸਿੰਘ, ਰਹਿਣ ਲਈ ਤੁਹਾਡੇ ਮਨਭਾਉਂਦਾ ਦੇਸ਼ ਅਤੇ ਥਾਮਸ ਐਡੀਸਨ ਅਤੇ ਉਸ ਦੀਆਂ ਖੋਜਾਂ ਸਨ। ਸਮੂਹ ਬੱਚਿਆਂ ਨੇ ਬੜੀ ਮਿਹਨਤ ਅਤੇ ਲਗਨ ਨਾਲ ਭਾਸ਼ਣ ਤਿਆਰ ਕੀਤੇ ਸਨ। ਤਿੰਨਾਂ ਸ਼੍ਰੇਣੀਆਂ ਦੇ ਪਹਿਲੇ ਇਨਾਮ ਕ੍ਰਮਵਾਰ ਸਹਿਜਦੀਪ ਸਿੰਘ (ਪਹਿਲੀ ਸ਼੍ਰੇਣੀ), ਅੰਮ੍ਰਿਤ ਕੌਰ ਗਿੱਲ (ਦੂਜੀ ਸ਼੍ਰੇਣੀ), ਆਲਮਬੀਰ ਸਿੰਘ (ਤੀਜੀ ਸ਼੍ਰੇਣੀ), ਦੂਜੇ ਇਨਾਮ ਦੇ ਜੇਤੂ ਸੁਖਲੀਨ ਹੁੰਦਲ ਅਤੇ ਸਰਗੁਨ ਢਿਲੋਂ (ਦੂਜੀ ਸ਼੍ਰੇਣੀ), ਸਨਿਮਰ ਕੌਰ (ਪਹਿਲੀ ਸ਼੍ਰੇਣੀ) ਰਹੇ। ਤੀਜੇ ਇਨਾਮ ਦੇ ਜੇਤੂ ਹਰਲੀਨ ਕੌਰ ਮੰਡ (ਪਹਿਲੀ ਸ਼੍ਰੇਣੀ), ਬਲਜਿੰਦਰ ਕੌਰ (ਦੂਜੀ ਸ਼੍ਰੇਣੀ) ਰਹੇ। ਇਸ ਮੌਕੇ ਡਾ. ਪ੍ਰਿਤਪਾਲ ਸਿੰਘ ਦੁਆਰਾ ਸਮੂਹ ਪ੍ਰਤੀਯੋਗੀਆਂ ਨੂੰ ਤਗਮੇ ਅਤੇ ਜੇਤੂਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਸਿੰਘ ਸਭਾ ਬੇ ਏਰੀਆ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਦੁਆਰਾ ਸਮੂਹ ਸੰਗਤ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਹੋ ਰਹੇ ਅਜਿਹੇ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਅਪੀਲ ਕੀਤੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸਿੱਖ ਧਰਮ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਜਾ ਸਕੇ। ਸਮੂਹ ਸੰਗਤ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਬਹੁਤ ਸ਼ਲਾਘਾ ਕੀਤੀ।

# ਬਾਰੂਦ ਬਰਾਮਦਗੀ ਮਾਮਲੇ ਵਿਚ ਭਾਈ ਹਰਮਿੰਦਰ ਸਿੰਘ ਮਿੰਟੂ ਬਰੀ

**ਲੁਧਿਆਣਾ/ਬਿਊਰੋ ਨਿਊਜ਼ :** ਸਥਾਨਕ ਅਦਾਲਤ ਨੇ ਬਾਰੂਦ ਬਰਾਮਦਗੀ ਦੇ ਮਾਮਲੇ ਵਿਚ ਨਾਜ਼ਮਦ ਕੀਤੇ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਜਾਣਕਾਰੀ ਦਿੰਦਿਆਂ ਭਾਈ ਮਿੰਟੂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਪੁਲੀਸ ਵੱਲੋਂ 20 ਜਨਵਰੀ, 2010 ਨੂੰ ਹਲਵਾਰਾ ਏਅਰ ਫੋਰਸ ਸਟੇਸ਼ਨ ਦੇ ਨੇੜੇ ਇਕ ਮਾਰੂਤੀ ਕਾਰ ਵਿਚੋਂ ਬਾਰੂਦ ਬਰਾਮਦ ਕੀਤਾ ਸੀ। ਪੁਲੀਸ ਵੱਲੋਂ ਇਸ ਮਾਮਲੇ ਵਿਚ ਵੱਖ-ਵੱਖ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਸ ਵੇਲੇ ਭਾਵੇਂ ਪੁਲੀਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਸੀ ਪਰ ਬਾਅਦ ਵਿਚ ਪੁਲੀਸ ਵੱਲੋਂ ਇਸ ਮਾਮਲੇ ਵਿਚ ਭਾਈ ਮਿੰਟੂ ਸਮੇਤ ਪੰਜ ਖਾੜਕੂਆਂ ਨੂੰ ਨਾਮਜ਼ਦ ਕੀਤਾ ਸੀ। ਪੁਲੀਸ ਵੱਲੋਂ ਭਾਈ ਮਿੰਟੂ ਖ਼ਿਲਾਫ਼ ਚਾਲਾਨ ਪੇਸ਼ ਕੀਤਾ ਗਿਆ ਸੀ ਪਰ ਪੁਲੀਸ ਅਦਾਲਤ ਵਿਚ ਭਾਈ ਮਿੰਟੂ 'ਤੇ ਦੋਸ਼ ਸਾਬਤ ਨਹੀਂ ਕਰ ਸਕੀ, ਜਿਸ 'ਤੇ ਜੱਜ ਅਮਰਿੰਦਰ ਸਿੰਘ ਸ਼ੇਰਗਿੱਲ ਨੇ ਭਾਈ ਮਿੰਟੂ ਨੂੰ ਬਾਇੱਜ਼ਤ ਬਰੀ ਕਰ ਦਿੱਤਾ, ਜਦਕਿ ਇਸ ਮਾਮਲੇ ਵਿਚ ਚਾਰ ਖਾੜਕੂਆਂ ਨੂੰ ਪਹਿਲਾਂ ਹੀ ਬਰੀ ਕੀਤਾ ਜਾ ਚੁੱਕਾ ਹੈ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce



Pardeep S. Grewal
Attorney At Law

ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ "ਖਾਲਿਸਤਾਨ ਐਲਾਨਨਾਮਾ ਦਿਵਸ" ਮਨਾਇਆ

**ਮਿਲਪੀਟਸ/ਬਿਊਰੋ ਨਿਊਜ਼:**ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ "ਖਾਲਿਸਤਾਨ ਐਲਾਨਨਾਮਾ ਦਿਵਸ" ਮਨਾਇਆ ਗਿਆ। ਇਸ ਸਬੰਧੀ ਕੀਤੇ ਵਿਸ਼ੇਸ਼ ਸਮਾਗਮ ਵਿੱਚ ਸਮੂਹ ਮਿਲਪੀਟਸ, ਸੈਨਹੋਜ਼ੇ ਅਤੇ ਫਰੀਮੌਂਟ ਦੀਆਂ ਸੰਗਤਾਂ ਵਲੋਂ ਸ਼ਿਰਕਤ ਕੀਤੀ ਗਈ ।ਅੰਮ੍ਰਿਤ ਵੇਲੇ ਤੋਂ ਆਰੰਭ ਦੀਵਾਨਾ ਵਿੱਚ ਸੁਖਮਨੀ ਸਾਹਿਬ ਦੇ ਪਾਠ ਦੀ ਸਮਾਪਤੀ ਤੋਂ ਉਪਰੰਤ ਗੁਰੂ ਘਰ ਦੇ ਹਜ਼ੂਰੀ ਜਥੇ ਵਲੋਂ ਕੀਰਤਨ ਦੀ ਆਰੰਭਤਾ ਹੋਈ ਜਿਸ ਵਿੱਚ ਗੁਰਬਾਣੀ ਸ਼ਬਦ "ਬੇਗਮ ਪੁਰਾ ਸਹਰ ਕੋ ਨਾਉ ।। ਦੂਖ ਅੰਦੋਹੁ ਨਹੀਂ ਤਿਹਿ ਠਾਉ।।" ਨੂੰ ਅੱਜ ਦੇ ਸੰਦਰਭ ਵਿੱਚ ਵਿਚਾਰਿਆ ਗਿਆ ਕਿ ਕਿਸ ਤਰਾਂ ਸਮੇ ਦੇ ਸਿਸਟਮ ਤੋਂ ਪ੍ਰਭਾਵਤ ਹੋ ਕੇ ਭਗਤ ਰਵਿਦਾਸ ਜੀ ਨੇ ਇਕ ਏਸੇ ਸ਼ਹਿਰ ਦੀ ਕਲਪਨਾ ਕੀਤੀ ਸੀ ਜਿਥੇ ਸਿਰਫ ਤੇ ਸਿਰਫ ਉਸ ਅਕਾਲ ਪੁਰਖੁ ਦਾ ਵਾਸਾ ਹੋ ਸਕਦਾ ਹੈ ਉਥੇ ਕਿਸੀ ਵੀ ਜਾਤ, ਪਾਤ ਅਤੇ ਧਰਮ ਦੇ ਨਾਮ ਤੇ ਅਨਿਆਂ ਤੇ ਨਫਰਤ ਨਈ ਕੀਤੀ ਜਾਂਦੀ ।



ਇਸ ਮੌਕੇ ਅਮੈਰਿਕਨ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਅਪ੍ਰੈਲ 1986 ਨੂੰ ਯਾਦ ਕਰਦਿਆਂ ਕਿਹਾ ਕਿ ਕਿਸ ਤਰ੍ਹਾਂ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਹਿੰਦੋਸਤਾਨ ਦੀ ਆਰਮੀ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਕੇ ਉਥੇ ਮੌਜੂਦ ਅਣਗਿਣਤ ਨਿਹੱਥੇ ਸਿੰਘਾਂ ਨੂੰ ਚੁੱਕ ਲਿਆ ਤੇ ਅੰਨੇ ਵਾਹ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਉਨ੍ਹਾਂ ਬਚਨਾਂ ਨੂੰ ਵੀ ਯਾਦ ਕੀਤਾ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਜਿਸ ਦਿਨ ਹਰਮੰਦਿਰ ਸਾਹਿਬ ਵਿੱਚ ਹਿੰਦੋਸਤਾਨ ਦੀ ਆਰਮੀ ਦਾਖਿਲ ਹੁੰਦੀ ਹੈ ਤਾਂ ਉਸ ਦਿਨ ਤੋਂ ਹੀ ਖਾਲਿਸਤਾਨ ਦੀ ਨੀਂਹ ਰੱਖੀ ਜਾਏਗੀ। ਬੁਲਾਰਿਆਂ ਨੇ ਸੱਦਾ ਦਿੱਤਾ ਕਿ ਆਓ ਅਸੀਂ ਅੱਜ ਰਲ਼ ਕੇ ਇਸ ਗੱਲ ਦਾ ਪ੍ਰਣ ਕਰੀਏ ਕਿ ਇਸ ਸੰਘਰਸ਼ ਨੂੰ ਆਜ਼ਾਦ ਮੁਲਕ ਭਾਵ ਖਾਲਿਸਤਾਨ ਦੀ ਪ੍ਰਾਪਤੀ ਤਕ ਜਾਰੀ ਰਖਾਂਗੇ। ਸਮਾਪਤੀ ਉੱਤੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।

# ਨਗਰ ਕੀਰਤਨ 'ਚ ਪੁੱਜੇ ਟਰੂਡੋ ਨੇ ਖ਼ਾਲਸਾ ਪੰਥ ਨੂੰ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਦਿੱਤੀਆਂ ਵਧਾਈਆਂ

## *ਗੋਲਕ 'ਚ ਇਕੱਤਰ ਮਾਇਆ ਸਿੱਕ ਚਿਲਡਰਨਜ਼ ਹਸਪਤਾਲ ਨੂੰ ਦਾਨ*

**ਟੋਰਾਂਟੋ/ਬਿਊਰੋ ਨਿਊਜ਼ :**
ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਖੇ 1978 ਵਿਚ ਆਰੰਭ ਕੀਤੇ ਗਏ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਾਲਾਨਾ ਵਿਰਾਸਤੀ ਨਗਰ ਕੀਰਤਨ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਉਨ੍ਹਾਂ ਦੀ ਕੈਬਨਿਟ ਦੇ ਮੰਤਰੀ ਨਵਦੀਪ ਸਿੰਘ ਬੈਂਸ, ਕ੍ਰਿਸਟੀ ਡੰਕਨ ਅਤੇ ਅਹਿਮਦ ਹੁਸੈਨ ਸਮੇਤ ਕੁਝ ਹੋਰ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਸ੍ਰੀ ਟਰੂਡੋ ਨੇ ਖਾਲਸਾ ਪੰਥ ਨੂੰ ਸਾਜਨਾ ਦਿਵਸ ਅਤੇ ਵਿਸਾਖੀ ਦੀ ਵਧਾਈ ਦਿੱਤੀ, ਜਿਸ ਉਪਰੰਤ ਨਗਰ ਕੀਰਤਨ ਦੇ ਪ੍ਰਬੰਧਕਾਂ ਨੇ ਉਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ (ਓ.ਐਸ.ਜੀ.ਸੀ.) ਵੱਲੋਂ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਨਮਾਨ ਕੀਤਾ। ਸਟੇਜ 'ਤੇ ਪੁੱਜਣ ਅਤੇ ਪਰਤਣ ਵੇਲੇ ਸ੍ਰੀ ਟਰੂਡੋ ਸੰਗਤ ਵਿਚੋਂ ਦੀ ਲੋਕਾਂ ਨੂੰ ਮਿਲਦੇ ਹੋਏ ਸੈਲਫੀਆਂ ਖਿਚਵਾਉਂਦੇ ਗਏ ਅਤੇ ਸੈਲਫੀ ਖਿੱਚਣ ਲਈ ਉਤਾਵਲੇ ਲੋਕਾਂ ਪਾਸੋਂ ਉਨ੍ਹਾਂ ਨੂੰ ਭਰਵਾਂ ਪਿਆਰ-ਸਤਿਕਾਰ ਮਿਲਿਆ। ਕੈਨੇਡਾ ਦੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੀ ਆਗੂ ਰੌਨਾ ਐਂਬਰੋਸ, ਉਂਟਾਰੀਓ ਦੇ ਆਵਾਜਾਈ ਮੰਤਰੀ ਸਟੀਵਨ ਡਲਡੂਕਾ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪੈਟ੍ਰਿਕ ਬਰਾਊਨ ਅਤੇ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀ ਸਿਟੀ ਹਾਲ ਦੇ ਬਾਹਰ ਨੇਥਨ ਫਿਲਿਪ ਸਕੁਏਰ ਵਿੱਚ ਸਜਾਈ ਗਈ ਸਟੇਜ ਤੋਂ ਸੰਬੋਧਨ ਕੀਤਾ। ਉਂਟਾਰੀਓ ਦੀ ਮੁੱਖ ਮੰਤਰੀ ਕੈਥਲਿਨ ਵਿੱਨ ਨੇ ਕੁਝ ਸਮੇਂ ਲਈ ਹਾਜ਼ਰੀ ਭਰੀ ਪਰ ਸੰਬੋਧਨ ਨਹੀਂ ਕੀਤਾ। ਐਨ.ਡੀ.ਪੀ. ਦੀ ਆਗੂ ਐਂਡਰੀਆ ਹੋਰਵਾਥ ਨੇ ਆਪਣਾ ਸੰਦੇਸ਼ ਦਿੱਤਾ। ਇਸ ਤੋਂ ਪਹਿਲਾਂ ਸੀ.ਐਨ.ਈ. ਹਾਲ ਵਿੱਚ ਧਾਰਮਿਕ ਸਟੇਜ ਤੋਂ ਸਿੱਖ ਚਿੰਤਕ ਅਤੇ ਉਘੇ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਵੀ ਸੰਬੋਧਨ ਕੀਤਾ ਸੀ। ਟੋਰਾਂਟੋ ਵਿਚ ਇਹ 39ਵਾਂ ਸਾਲਾਨਾ ਨਗਰ ਕੀਰਤਨ ਓ.ਐਸ.ਜੀ.ਸੀ. ਦੇ ਪ੍ਰਬੰਧਾਂ ਹੇਠ ਕੀਤਾ ਗਿਆ, ਜਿਸ ਵਿ'ਚ ਸੁੰਦਰ ਪਾਲਕੀ ਵਿੱਚ ਸਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵੱਖ-ਵੱਖ ਫਲੋਟ ਕੈਨੇਡੀਅਨ ਐਗਜ਼ੀਬੀਸ਼ਨ ਗਰਾਊਂਡ (ਸੀ.ਐਨ.ਈ.) ਤੋਂ ਸਿਟੀ ਹਾਲ ਤੱਕ ਪੁੱਜੇ, ਜਿਸ ਵਿੱਚ ਮੀਂਹ-ਕਣੀ ਅਤੇ ਠੰਢੇ ਮੌਸਮ ਦੇ ਬਾਵਜੂਦ ਸੰਗਤਾਂ ਦਾ ਬਹੁਤ ਭਰਵਾਂ ਇਕੱਠ ਸੀ। ਕੈਨੇਡੀਅਨ ਫੌਜ ਦਾ ਫਲੋਟ ਸੰਗਤ ਲਈ ਖਾਸ ਖਿੱਚ ਦਾ ਕੇਂਦਰ ਰਿਹਾ। ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਨਾਲ ਸਜੇ ਖਾਲਿਸਤਾਨ ਨੂੰ ਸਮਰਪਿਤ ਫਲੋਟ ਨਾਲ ਕੁਝ ਸਿੰਘ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਗਏ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਾਸ਼ਨ ਦੀ ਰਿਕਾਰਡਿੰਗ





ਬਾਕੀ ਸਫ਼ਾ 33 'ਤੇ

CIS
CALIFORNIA
IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਮੋਦੀ ਸਰਕਾਰ ਨੇ ਕੌਮੀ ਪੁਰਸਕਾਰਾਂ 'ਤੇ ਵੀ ਚਾੜ੍ਹਿਆ ਭਗਵਾਂ ਰੰਗ

**ਬਠਿੰਡਾ/ਬਿਊਰੋ ਨਿਊਜ਼** :ਮੋਦੀ ਸਰਕਾਰ ਨੇ ਕੌਮੀ ਪੁਰਸਕਾਰਾਂ 'ਤੇ ਵੀ ਭਗਵਾਂ ਰੰਗ ਚਾੜ੍ਹ ਦਿੱਤਾ ਹੈ, ਜਿਸ ਦਾ ਪੰਜਾਬ ਸਰਕਾਰ ਨੇ ਵਿਰੋਧ ਕੀਤਾ ਹੈ। ਪੰਚਾਇਤੀ ਰਾਜ ਮੰਤਰਾਲੇ ਵੱਲੋਂ ਹੁਣੇ ਜਿਹੜੇ ਕੌਮੀ ਪੁਰਸਕਾਰ ਦਿੱਤੇ ਗਏ, ਉਨ੍ਹਾਂ ਦਾ ਨਾਮ ਭਾਰਤੀ ਜਨ ਸੰਘ ਦੇ ਮਰਹੂਮ ਪ੍ਰਧਾਨ ਤੇ ਪ੍ਰਚਾਰਕ ਦੀਨ ਦਿਆਲ ਉਪਾਧਿਆਏ ਅਤੇ ਪ੍ਰਚਾਰਕ ਨਾਨਾ ਜੀ ਦੇਸ਼ਮੁਖ ਦੇ ਨਾਮ 'ਤੇ ਰੱਖਿਆ ਗਿਆ ਹੈ। ਲਖਨਊ ਵਿੱਚ 24 ਅਪ੍ਰੈਲ ਨੂੰ 'ਪੰਚਾਇਤ ਸ਼ਕਤੀਕਰਨ ਪੁਰਸਕਾਰ' ਅਤੇ 'ਰਾਸ਼ਟਰੀ ਗੌਰਵ ਗਰਾਮ ਸਭਾ ਪੁਰਸਕਾਰ' ਦਿੱਤੇ ਗਏ। ਪੰਚਾਇਤਾਂ ਦੀ ਹੌਸਲਾ ਅਫ਼ਜ਼ਾਈ ਲਈ ਦੇਸ਼ ਭਰ ਵਿੱਚ ਇਹ ਕੌਮੀ ਪੁਰਸਕਾਰ ਹਰ ਵਰ੍ਹੇ ਦਿੱਤੇ ਜਾਂਦੇ ਹਨ। ਕੌਮੀ ਸਮਾਗਮ ਵਿੱਚ ਪੰਜਾਬ ਨੂੰ 10 ਪੁਰਸਕਾਰ ਮਿਲੇ, ਜਦੋਂ ਕਿ ਕੁੱਲ 25 ਪੁਰਸਕਾਰ ਸਨ। ਇਨ੍ਹਾਂ ਪੁਰਸਕਾਰਾਂ ਤੋਂ ਪਤਾ ਲੱਗਿਆ ਹੈ ਕਿ ਕੇਂਦਰ ਸਰਕਾਰ ਨੇ ਕੌਮੀ ਪੁਰਸਕਾਰਾਂ ਦਾ ਨਾਮਕਰਨ ਆਰਐਸਐਸ ਪ੍ਰਚਾਰਕਾਂ ਦੇ ਨਾਮ 'ਤੇ ਕਰ ਦਿੱਤਾ ਹੈ। ਹੁਣ ਇਨ੍ਹਾਂ ਪੁਰਸਕਾਰਾਂ ਦਾ ਨਾਮ 'ਦੀਨ ਦਿਆਲ ਉਪਾਧਿਆਏ ਪੰਚਾਇਤ ਸ਼ਕਤੀਕਰਨ ਪੁਰਸਕਾਰ' ਅਤੇ 'ਨਾਨਾ ਜੀ ਦੇਸ਼ਮੁਖ ਰਾਸ਼ਟਰੀ ਗੌਰਵ ਗਰਾਮ ਸਭਾ ਪੁਰਸਕਾਰ' ਹੋ ਗਿਆ ਹੈ। ਪੁਰਸਕਾਰਾਂ 'ਤੇ ਦੋਵਾਂ ਦੀ ਤਸਵੀਰ ਵੀ ਛਾਪੀ ਗਈ ਹੈ। ਪਿਛਲੇ ਵਰ੍ਹਿਆਂ ਵਿੱਚ ਇਨ੍ਹਾਂ ਪੁਰਸਕਾਰਾਂ ਦਾ ਨਾਮ ਕਿਸੇ ਸ਼ਖ਼ਸੀਅਤ ਨਾਲ ਨਹੀਂ ਜੁੜਦਾ ਸੀ। ਭਾਜਪਾ ਵੱਲੋਂ ਜਨ ਸੰਘ ਦੇ ਦੂਜੇ ਪ੍ਰਧਾਨ ਦੀਨ ਦਿਆਲ ਉਪਾਧਿਆਏ ਦੀ 25 ਸਤੰਬਰ 2016 ਤੋਂ 25 ਸਤੰਬਰ 2017 ਤੱਕ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ। ਇਹ ਐਵਾਰਡ ਵੀ ਉਸੇ ਸ਼ਤਾਬਦੀ ਪ੍ਰੋਗਰਾਮਾਂ ਨੂੰ ਸਮਰਪਿਤ ਕੀਤੇ ਗਏ ਹਨ।



**ਪੰਚਾਇਤੀ ਰਾਜ ਮੰਤਰਾਲੇ ਵੱਲੋਂ ਭਾਰਤੀ ਜਨ ਸੰਘ ਦੇ ਮਰਹੂਮ ਪ੍ਰਧਾਨ ਤੇ ਪ੍ਰਚਾਰਕ ਦੀਨ ਦਿਆਲ ਉਪਾਧਿਆਏ ਅਤੇ ਪ੍ਰਚਾਰਕ ਨਾਨਾ ਜੀ ਦੇਸ਼ਮੁਖ ਦੇ ਨਾਂ 'ਤੇ ਜਾਰੀ ਕੀਤਾ ਸਰਟੀਫਿਕੇਟ**

ਪੰਚਾਇਤੀ ਰਾਜ ਮੰਤਰਾਲੇ ਦੇ ਸੰਯੁਕਤ ਸਕੱਤਰ ਡਾ. ਡੀ.ਕੇ. ਸ਼ਰਮਾ ਵੱਲੋਂ 7 ਅਪ੍ਰੈਲ 2017 ਨੂੰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਨੂੰ ਜੋ ਪੱਤਰ ਭੇਜਿਆ ਗਿਆ ਸੀ, ਉਨ੍ਹਾਂ ਵਿੱਚ ਸਿਰਫ਼ 'ਪੰਚਾਇਤ ਸ਼ਕਤੀਕਰਨ ਪੁਰਸਕਾਰ' ਅਤੇ 'ਰਾਸ਼ਟਰੀ ਗੌਰਵ ਗਰਾਮ ਸਭਾ ਪੁਰਸਕਾਰ' ਦਾ ਜ਼ਿਕਰ ਕੀਤਾ ਗਿਆ ਸੀ। ਲਖਨਊ ਵਿੱਚ ਜੋ ਪੁਰਸਕਾਰ ਦਿੱਤੇ ਗਏ, ਉਹ ਦੀਨ ਦਿਆਲ ਉਪਾਧਿਆਏ ਅਤੇ ਨਾਨਾ ਜੀ ਦੇਸ਼ਮੁਖ ਦੇ ਨਾਮ 'ਤੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਤਾਮਕੋਟ ਦੇ ਸਰਪੰਚ ਰਣਜੀਤ ਸਿੰਘ ਨੂੰ ਐਤਕੀਂ ਚੌਥੀ ਦਫ਼ਾ ਕੌਮੀ ਪੁਰਸਕਾਰ ਮਿਲਿਆ ਹੈ। ਸਰਪੰਚ ਰਣਜੀਤ ਸਿੰਘ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਐਤਕੀਂ ਪੁਰਸਕਾਰਾਂ ਦਾ ਭਗਵਾਂਕਰਨ ਕਰ ਦਿੱਤਾ ਹੈ, ਜਦੋਂ ਕਿ ਉਸ ਨੂੰ ਪਿਛਲੇ ਵਰ੍ਹਿਆਂ ਵਿੱਚ ਮਿਲੇ ਕੌਮੀ ਐਵਾਰਡ ਇਸ ਤੋਂ ਨਿਰਲੇਪ ਸਨ। ਉਨ੍ਹਾਂ ਆਖਿਆ ਕਿ ਪੁਰਸਕਾਰ ਨੂੰ ਕਿਸੇ ਕੱਟੜ ਸੋਚ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ।

ਭਾਜਪਾ ਯੁਵਾ ਮੋਰਚਾ ਦੇ ਸਾਬਕਾ ਸੂਬਾਈ ਪ੍ਰਧਾਨ ਅਤੇ ਮੌਜੂਦਾ ਜ਼ਿਲ੍ਹਾ ਪ੍ਰਧਾਨ ਮੋਹਿਤ ਗੁਪਤਾ ਦਾ ਕਹਿਣਾ ਹੈ ਕਿ ਪੰਡਿਤ ਦੀਨ ਦਿਆਲ ਉਪਾਧਿਆਏ ਨੇ ਆਪਣੀ ਜ਼ਿੰਦਗੀ ਪਿੰਡਾਂ ਦਾ ਜੀਵਨ ਪੱਧਰ ਉੱਚਾ ਚੁੱਕਣ 'ਤੇ ਲਾ ਦਿੱਤੀ ਅਤੇ ਹਮੇਸ਼ਾ ਗਰੀਬੀ ਰੇਖਾ ਤੋਂ ਹੇਠਾਂ ਵਸਦੇ ਤਬਕੇ ਦੀ ਗੱਲ ਕੀਤੀ। ਨਾਨਾ ਜੀ ਦੇਸ਼ਮੁਖ ਨੇ ਸਮਾਜ ਸੇਵਾ ਖਾਤਰ ਕੇਂਦਰੀ ਮੰਤਰੀ ਦਾ ਅਹੁਦਾ ਠੁਕਰਾ ਦਿੱਤਾ ਸੀ। ਉਨ੍ਹਾਂ ਦੇ ਨਾਮ 'ਤੇ ਐਵਾਰਡ ਦਾ ਨਾਮ ਰੱਖਣਾ ਹਰ ਪੱਖੋਂ ਜਾਇਜ਼ ਹੈ ਕਿਉਂਕਿ ਉਨ੍ਹਾਂ ਦੇਸ਼ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਇਆ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਕੌਮੀ ਗੌਰਵ ਵਾਲੇ ਪੁਰਸਕਾਰਾਂ ਨੂੰ ਭਾਜਪਾਈ ਪੁੱਠ ਚਾੜ੍ਹ ਰਹੀ ਹੈ, ਜੋ ਬਿਲਕੁਲ ਗਲਤ ਹੈ। ਉਨ੍ਹਾਂ ਆਖਿਆ ਕਿ ਕੌਮੀ ਪੁਰਸਕਾਰ ਤਾਂ ਦੇਸ਼ ਦੀਆਂ ਮਹਾਨ ਸ਼ਖ਼ਸੀਅਤਾਂ ਦੇ ਨਾਮ 'ਤੇ ਹੋਣੇ ਚਾਹੀਦੇ ਹਨ। ਪੰਚਾਇਤਾਂ ਨੂੰ ਦਿੱਤੇ ਜਾਣ ਵਾਲੇ ਕੌਮੀ ਪੁਰਸਕਾਰ ਵੀ ਆਰਐਸਐਸ ਪ੍ਰਚਾਰਕ ਦੇ ਨਾਮ 'ਤੇ ਦਿੱਤੇ ਗਏ ਹਨ, ਜੋ ਕਿਸੇ ਪੱਖੋਂ ਠੀਕ ਨਹੀਂ ਹੈ ਅਤੇ ਉਹ ਇਸ ਦਾ ਡਟਵਾਂ ਵਿਰੋਧ ਕਰਦੇ ਹਨ।

## ਭਾਰਤ ਸਰਕਾਰ ਕਰ ਰਹੀ ਹੈ ਵੱਡੀ ਤਿਆਰੀ; ਹੁਣ ਗਾਵਾਂ ਦਾ ਵੀ ਬਣੇਗਾ ਆਧਾਰ ਕਾਰਡ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ**: ਕੇਂਦਰ ਸਰਕਾਰ ਨੇ ਪਿਛਲੇ ਹਫ਼ਤੇ ਭਾਰਤ-ਬੰਗਲਾਦੇਸ਼ ਸਰਹੱਦ 'ਤੇ ਗਾਵਾਂ ਦੀ ਤਸਕਰੀ 'ਤੇ ਇਕ ਰਿਪੋਰਟ ਸੁਪਰੀਮ ਕੋਰਟ 'ਚ ਦਾਖਲ ਕੀਤੀ ਹੈ। ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਉਹ ਗਾਵਾਂ ਲਈ ਯੂ.ਆਈ.ਡੀ. ਵਰਗੀ ਵਿਵਸਥਾ ਲਿਆਉਣਾ ਚਾਹੁੰਦੀ ਹੈ ਜਿਸ ਨਾਲ ਗਾਵਾਂ ਨੂੰ ਟ੍ਰੈਕ ਕੀਤਾ ਜਾ ਸਕੇ। ਇਸ ਕਾਰਡ ਦੇ ਜ਼ਰੀਏ ਗਾਂ ਦੀ ਨਸਲ, ਉਮਰ, ਰੰਗ ਅਤੇ ਬਾਕੀ ਚੀਜ਼ਾਂ ਦਾ ਧਿਆਨ ਰੱਖਿਆ ਜਾ ਸਕੇਗਾ।



**ਕੌਮੀ ਮਾਤਾ ਦਾ ਰੁਤਬਾ ਹਾਸਲ ਕਰਨ ਵਾਲੀ ਗਊ**

ਕੇਂਦਰ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ ਗ੍ਰਹਿ ਮੰਤਰਾਲੇ ਦੀ ਪ੍ਰਧਾਨਗੀ ਵਾਲੀ ਇਕ ਕਮੇਟੀ ਬਣਾਈ ਗਈ ਸੀ, ਜਿਸ ਨੇ ਇਹ ਸਿਫਾਰਸ਼ਾਂ ਦਿੱਤੀਆਂ ਹਨ। ਇਨ੍ਹਾਂ ਸਿਫਾਰਸ਼ਾਂ 'ਚ ਗਾਵਾਂ ਲਈ ਯੂ.ਆਈ.ਡੀ. ਦੀ ਵੀ ਮੰਗ ਕੀਤੀ ਗਈ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਕਿ ਹਰ ਜ਼ਿਲ੍ਹੇ 'ਚ ਛੱਡੇ ਗਏ ਜਾਨਵਰਾਂ ਲਈ 500 ਦੀ ਸਮਰਥਾ ਵਾਲਾ ਇਕ ਸ਼ੈਲਟਰ ਹੋਮ ਹੋਣਾ ਚਾਹੀਦਾ ਹੈ। ਇਸ ਨਾਲ ਜਾਨਵਰਾਂ ਦੀ ਤਸਕਰੀ ਬਹੁਤ ਘੱਟ ਹੋ ਜਾਏਗੀ। ਸਿਫ਼ਾਰਸ਼ 'ਚ ਇਹ ਵੀ ਕਿਹਾ ਗਿਆ ਕਿ ਦੁੱਧ ਦੇਣ ਦੀ ਉਮਰ ਤਕ ਪਸ਼ੂਆਂ ਦੀ ਵਿਸ਼ੇਸ਼ ਦੇਖਭਾਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸੰਕਟ 'ਚ ਕਿਸਾਨਾਂ ਲਈ ਯੋਜਨਾ ਸ਼ੁਰੂ ਹੋਣੀ ਚਾਹੀਦੀ ਹੈ ਤਾਂ ਜੋ ਉਹ ਦੁੱਧ ਦੇਣ ਤੋਂ ਅਸਮਰੱਥ ਜਾਨਵਰ ਨੂੰ ਵੇਚ ਨਾ ਸਕਣ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ 'ਚ ਦਾਖਲ ਆਪਣੀ ਰਿਪੋਰਟ 'ਚ ਕਿਹਾ ਕਿ ਭਾਰਤ ਅਤੇ ਬੰਗਲਾਦੇਸ਼ ਦੀ ਸਰਹੱਦ 'ਤੇ ਵੱਡੇ ਪੱਧਰ 'ਤੇ ਪਸ਼ੂਆਂ ਦੀ ਤਸਕਰੀ ਹੁੰਦੀ ਹੈ। ਸੌਂਪੀ ਗਈ ਰਿਪੋਰਟ 'ਚ ਕੇਂਦਰ ਨੇ ਕਿਹਾ ਕਿ ਆਵਾਰਾ ਪਸ਼ੂਆਂ ਦੀ ਸੁਰੱਖਿਆ ਦੀ ਜ਼ਿੰਮੇਦਾਰੀ ਰਾਜ ਸਰਕਾਰਾਂ ਦੀ ਹੈ।

# ਸੈਕਰਾਮੈਂਟੋ 'ਚ ਮਨਾਈ 'ਰੇਡੀਓ ਪੰਜਾਬ' ਨਾਈਟ





**ਸੈਕਰਾਮੈਂਟੋ/ਹੁਸਨ ਲੜੋਆ ਬੰਗਾ**: ਕਰੀਬ 14 ਸਾਲ ਤੋਂ ਆਪਣੇ ਸਫ਼ਰ ਨੂੰ ਜਾਰੀ ਰੱਖਦਿਆਂ 'ਰੇਡੀਓ ਪੰਜਾਬ' ਨੇ ਸੈਕਰਾਮੈਂਟੋ ਦੇ ਮਿਰਾਜ਼ ਬੈਂਕੁਇਟ ਹਾਲ ਵਿਚ ਨਾਈਟ ਮਨਾਈ ਗਈ। ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਵੱਖ ਵੱਖ ਪ੍ਰਭਾਵਸ਼ਾਲੀ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਦੇ ਮੁੱਖ ਮਹਿਮਾਨ 'ਸਰਬੱਤ ਦਾ ਭਲਾ' ਚੇਰੀਟੇਬਲ ਟਰੱਸਟ ਦੇ ਪ੍ਰਬੰਧਕ ਐਸ ਪੀ ਸਿੰਘ ਉਬਰਾਏ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਐਸ ਪੀ ਉਬਰਾਏ ਨੇ ਆਪਣੀ ਤਕਰੀਰ 'ਚ ਕਿਹਾ ਕਿ ਆਪਣੀ ਕਮਾਈ ਵਿਚ 2 ਪ੍ਰਤੀਸ਼ਤ ਹਿੱਸਾ ਜ਼ਰੂਰ ਦਾਨ ਕਰੋ। ਉਨ੍ਹਾਂ ਕਿਹਾ ਕਿ ਅੱਖਾਂ ਬੰਦ ਕਰਕੇ ਦਾਨ ਨਾ ਦਿਓ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਅੱਖਾਂ ਦੇ ਕੈਂਪ, ਕਿਡਨੀ ਚੈਕਅੱਪ, ਕੈਂਸਰ ਤੇ ਹੋਰ ਮਨੁੱਖੀ ਸਿਹਤ ਦੇ ਕੈਂਪ ਥਾਂ ਥਾਂ ਲਾਗਾ ਰਹੇ ਹਾਂ ਤਾਂ ਜੋ ਪੰਜਾਬ ਤੰਦਰੁਸਤ ਹੋ ਸਕੇ। ਰੇਡੀਓ ਪੰਜਾਬ ਦੇ ਪ੍ਰਬੰਧਕਾਂ ਸੁਖਦੇਵ ਸਿੰਘ ਢਿੱਲੋਂ, ਐਸ ਪੀ ਸਿੰਘ ਤੇ ਬਲਰਾਜ ਸਿੰਘ ਬਰਾੜ ਵੱਲੋਂ ਕਰਵਾਏ ਇਸ ਸਮਾਗਮ ਵਿਚ ਭਾਈਚਾਰੇ ਦੀਆਂ ਵੱਖ ਵੱਖ ਸਖਸ਼ੀਅਤਾਂ ਸ਼ਾਮਲ ਹੋਈਆਂ ਜਿਨ੍ਹਾਂ 'ਚ ਚਰਨਜੀਤ ਬਾਠ, ਹਰਬੰਸ ਸਿੰਘ ਸਰਾਓਂ, ਬੌਬ ਢਿੱਲੋਂ, ਸੁਖਦੇਵ ਬੈਨੀਵਾਲ, ਪ੍ਰੀਤਮ ਗਰੇਵਾਲ, ਗੁਰਨਾਮ ਪੰਮਾ, ਪ੍ਰਮਿੰਦਰ ਗਰੇਵਾਲ, ਕੁਲਦੀਪ ਸਹੋਤਾ, ਗੁਰਜਤਿੰਦਰ ਸਿੰਘ ਰੰਧਾਵਾ, ਬਲਜੀਤ ਸਿੰਘ 'ਸੰਦਲੀ ਪੈੜਾਂ' ਬਰਿੰਦਰ ਕੌਰ, ਪਾਲ ਸਹੋਤਾ, ਕੁਲਦੀਪ ਸਹੋਤਾ, ਕਸ਼ਮੀਰ ਸ਼ਾਹੀ, ਰਾਮ ਸਿੰਘ, ਗੁਰਾ ਸਿੰਘ, ਅਸ਼ੋਕ ਟਾਂਗਰੀ, ਤਾਰਾ ਸਾਗਰ, ਪਲਵਿੰਦਰ ਸਿੰਘ ਗੋਰਾਇਆ, ਜੋਗਾ ਮਾਨ ਅਤੇ ਤੇਜਿੰਦਰ ਮਾਨ ਸ਼ਾਮਲ ਹੋਏ। ਇਸ ਮੌਕੇ ਚਲਦੇ ਸਮਾਗਮ ਦੌਰਾਨ ਕੈਨੇਡਾ ਤੇ ਸਥਾਨਕ ਰੇਡੀਓ ਹੋਸਟਾਂ ਨੂੰ ਦਰਸ਼ਕਾਂ ਦੇ ਸਨਮੁੱਖ ਕਰਵਾਇਆ ਗਿਆ ਇਸਦੀ ਕਾਰਵਾਈ ਕੈਨੇਡਾ ਤੋਂ ਹੋਸਟ ਤੇ ਕਲਾਕਾਰ ਦਵਿੰਦਰ ਢਿੱਲੋਂ ਨੇ ਚਲਾਈ। ਸਟੇਜ ਦੀ ਕਾਰਵਾਈ ਤੇ ਕਲਾਕਾਰਾਂ ਨੂੰ ਪੇਸ਼ ਕਰਨ ਦੀ ਕਾਰਵਾਈ ਬੀਬੀ ਆਸ਼ਾ ਸ਼ਰਮਾ ਨੇ ਚਲਾਈ। ਇਸ ਮੌਕੇ ਗਾਇਕੀ ਰਾਹੀਂ ਦਰਸ਼ਕਾਂ ਦਾ ਮੰਨੋਰੰਜਨ ਕਰਨ ਵਾਲੇ ਕਲਾਕਾਰਾਂ 'ਚ ਤਰਲੋਕ ਸਿੰਘ, ਅਨੂਪ ਸਿੰਘ ਚੀਮਾ, ਜੋਤ ਰਣਜੀਤ, ਜੀਤ ਜਗਜੀਤ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਮਾਗਮ ਵਿਚ ਸ਼ਾਮਲ ਦਰਸ਼ਕਾਂ ਵਿਚੋਂ ਕੂਪਨ ਰਾਹੀਂ ਕਾਰ ਦਾ ਡਰਾਅ ਕੱਢਿਆ ਗਿਆ ਜਿਸ ਨੂੰ ਸੈਨਹੋਜ਼ੇ ਦੇ ਰਾਜ ਬਡਵਾਲ ਨੇ ਜਿੱਤਿਆ। ਇਸ ਮੌਕੇ ਸਮਾਗਮ ਦੌਰਾਨ ਰੱਖੇ ਗਏ ਸਾਰੇ ਟੇਬਲ ਰੱਖੀ ਗਈ ਕੀਮਤ ਦੇ ਬਾਵਜੂਦ ਵੀ ਫੁੱਲ ਸੀ। ਪ੍ਰਬੰਧਕਾਂ ਵੱਲੋਂ ਰਾਤ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

# ਐੱਫ.ਬੀ.ਆਈ. ਵਲੋਂ ਸਵਰਨਜੀਤ ਸਿੰਘ ਖਾਲਸਾ 'ਰੈਕਟਰ ਆਫ ਲੀਡਰਸ਼ਿਪ' ਵਜੋਂ ਸਨਮਾਨਿਤ

### *ਨਸਲਵਾਦ ਵਿਰੋਧੀ ਤੇ ਮਨੁੱਖੀ ਅਧਿਕਾਰਾਂ ਦੇ ਹੱਕ 'ਚ ਮੁਹਿੰਮ ਚਲਾਉਣ ਲਈ ਦਿੱਤਾ ਸਨਮਾਨ*

**ਕਨੈਕਟੀਕਟ/ਬਿਊਰੋ ਨਿਊਜ਼** : ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ, ਮੈਂਬਰ ਪਲਾਨਿੰਗ ਬੋਰਡ ਨਾਰਵਿਚ ਕਨੈਕਟੀਕਟ ਅਤੇ ਮੈਂਬਰ 'ਡਿਪਾਰਟਮੈਂਟ ਆਫ ਜਸਟਿਸ' ਸਵਰਨਜੀਤ ਸਿੰਘ ਖਾਲਸਾ ਨੂੰ ਬੀਤੇ ਦਿਨੀਂ ਐੱਫ.ਬੀ.ਆਈ. ਦੇ ਕੌਮੀ ਡਾਇਰੈਕਟਰ ਜਿੰਮ ਨੇ ਐੱਫ.ਬੀ.ਆਈ. ਵਲੋਂ ਅਮਰੀਕਾ ਦੀ ਰਾਜਧਾਨੀ ਡੀ.ਸੀ. ਵਾਸ਼ਿੰਗਟਨ ਵਿਚਲੇ ਐੱਫ.ਬੀ.ਆਈ. ਦੇ ਹੈੱਡਕੁਆਰਟਰ ਵਿੱਚ ਐਵਾਰਡ 'ਰੈਕਟਰ ਆਫ ਲੀਡਰਸ਼ਿਪ' ਦਿੱਤਾ। ਇਹ ਐਵਾਰਡ ਸਵਰਨਜੀਤ ਸਿੰਘ ਖਾਲਸਾ ਨੂੰ ਨਸਲਵਾਦ ਵਿਰੋਧੀ ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਮੁਹਿੰਮ ਉੱਚ ਪੱਧਰ 'ਤੇ ਉਠਾਉਣ ਕਰਕੇ ਦਿੱਤਾ ਗਿਆ। ਐੱਫ.ਬੀ.ਆਈ. ਵਲੋਂ ਅਮਰੀਕਾ ਵਿੱਚ 50 ਸ਼ਖ਼ਸੀਅਤਾਂ ਦੀ ਚੋਣ ਕੀਤੀ ਗਈ, ਜਿਸ ਵਿਚੋਂ ਸਵਰਨਜੀਤ ਸਿੰਘ ਖਾਲਸਾ ਤੋਂ ਸਿਵਾਏ ਸਾਰੇ ਗ਼ੈਰ-ਭਾਰਤੀ ਸਨ। ਇਸ ਸਮਾਗਮ ਦੌਰਾਨ ਕੁਲਜੀਤ ਸਿੰਘ ਖਾਲਸਾ ਕਨੈਕਟੀਕਟ, ਮਿਹਰਬਾਨ ਸਿੰਘ ਵਰਜੀਨੀਆ, ਸਨਮਿਕ ਸਿੰਘ ਮੈਰੀਲੈਂਡ ਸਮੇਤ ਹੋਰ ਪੰਥਕ ਆਗੂ ਤੇ ਸਮਾਜ ਸੇਵਕ ਹਾਜ਼ਰ ਸਨ। ਸਵਰਨਜੀਤ ਸਿੰਘ ਖਾਲਸਾ ਨੇ ਇਸ ਮੌਕੇ ਦੱਸਿਆ ਕਿ ਅਮਰੀਕਾ ਸਰਕਾਰ ਸਿੱਖ ਕੌਮ 'ਤੇ ਹੋ ਰਹੇ ਨਸਲੀ ਹਮਲਿਆਂ ਨੂੰ ਰੋਕਣ ਬਾਰੇ ਯੋਗ ਤੇ ਉਸਾਰੂ ਭੂਮਿਕਾ ਨਿਭਾ ਰਹੀ ਹੈ ਤੇ ਹੁਣ ਅਜਿਹੇ ਹਮਲਿਆਂ ਬਾਰੇ ਨਸਲੀ ਅਪਰਾਧ ਵਜੋਂ ਕੇਸ ਦਰਜ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਵਾਂਗ ਭਾਰਤ ਨੂੰ ਵੀ ਦਿੱਲੀ ਸਿੱਖ ਕਤਲੇਆਮ ਬਾਰੇ ਨਸਲਕੁਸ਼ੀ ਵਜੋਂ ਸੰਸਦ ਵਿੱਚ ਮਾਨਤਾ ਦੇਣੀ ਚਾਹੀਦੀ ਹੈ। ਖ਼ਾਲਸਾ ਨੇ ਕਿਹਾ, 'ਮੇਰਾ ਇੱਕੋ-ਇਕ ਮਿਸ਼ਨ ਸਰਬੱਤ ਦੇ ਭਲੇ ਦੇ ਹਿਤ ਵਿੱਚ ਲਹਿਰ ਚਲਾਉਣਾ ਤੇ ਹਰ ਅਮਰੀਕਨ ਨੂੰ ਸਿੱਖ ਧਰਮ ਬਾਰੇ ਜਾਗਰੂਕ ਕਰਨਾ ਹੈ। ਮੇਰਾ ਐਵਾਰਡ ਨਸਲੀ ਹਮਲੇ ਵਿੱਚ ਮਾਰੇ ਗਏ ਬੇਗੁਨਾਹਾਂ ਨੂੰ ਸਮਰਪਿਤ ਹੈ ਅਤੇ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਮੇਰੀ ਨਸਲਵਾਦ ਵਿਰੁੱਧ ਲੜਾਈ ਨਿਰੰਤਰ ਜਾਰੀ ਰਹੇਗੀ।' ਅਮਰੀਕਾ 'ਤੇ ਜਿਹਾਦੀ ਹਮਲਿਆਂ ਦੇ ਡਰ ਬਾਰੇ ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰੀ ਸੁਰੱਖਿਆ ਡਾਇਰੈਕਟਰ ਰਾਮਤੁੱਲਾਹ ਨਾਬਿਲ ਦੀ ਛਪੀ 'ਨਿਊਯਾਰਕ ਟਾਈਮਜ਼' ਦੀ ਰਿਪੋਰਟ ਅਨੁਸਾਰ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ 'ਤੇ ਅੱਤਵਾਦੀਆਂ ਦੇ ਕਬਜ਼ੇ ਦਾ ਖ਼ਤਰਾ ਮੰਡਰਾ ਰਿਹਾ ਹੈ ਤੇ ਅਮਰੀਕਾ ਨੂੰ ਇਸ ਸੰਬੰਧ ਵਿੱਚ ਇਹ ਹਥਿਆਰ ਆਪਣੀ ਸੁਰੱਖਿਆ ਵਿੱਚ ਲੈਣੇ ਚਾਹੀਦੇ ਹਨ, ਨਹੀਂ ਤਾਂ ਇਹ ਵਿਸ਼ਵ ਤੇ ਖ਼ਾਸ ਕਰਕੇ ਅਮਰੀਕਾ ਲਈ ਖ਼ਤਰਨਾਕ ਸਾਬਤ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਵਿੱਚ ਜਿਹਾਦੀਆਂ 'ਤੇ ਕਾਬੂ ਪਾਉਣ ਲਈ ਮੁਸਲਮਾਨਾਂ ਦੇ ਦਿਲ ਸਰਕਾਰ ਨੂੰ ਜਿੱਤਣੇ ਚਾਹੀਦੇ ਹਨ ਤੇ ਉਨ੍ਹਾਂ ਉੱਪਰ ਹੋ ਰਹੇ ਨਸਲੀ ਵਰਤਾਰੇ ਨੂੰ ਹਰੇਕ ਪੱਖੋਂ ਰੋਕਣ ਦੀ ਲੋੜ ਹੈ।



# ਸਿੱਖ ਕਤਲੇਆਮ ਲਈ ਸੱਜਣ ਕੁਮਾਰ ਨੇ ਮੈਨੂੰ ਬਲੀ ਦਾ ਬਕਰਾ ਬਣਾਇਆ : ਸਾਬਕਾ ਕਾਂਗਰਸੀ ਕੌਂਸਲਰ

**ਨਵੀਂ ਦਿੱਲੀ/ਬਿਊਰੋ ਨਿਊਜ਼** : 1984 ਸਿੱਖ ਕਤਲੇਆਮ ਦੇ ਇਕ ਕੇਸ ਵਿਚ ਉਮਰ ਕੈਦ ਭੁਗਤ ਰਹੇ ਕਾਂਗਰਸ ਦੇ ਸਾਬਕਾ ਕੌਂਸਲਰ ਬਲਵਾਨ ਖੋਖਰ ਨੇ ਦਿੱਲੀ ਹਾਈ ਕੋਰਟ ਵਿੱਚ ਸੀਨੀਅਰ ਪਾਰਟੀ ਸਾਥੀ ਸੱਜਣ ਕੁਮਾਰ ਉਤੇ ਉਸ ਨੂੰ ਬਲੀ ਦਾ ਬੱਕਰਾ ਬਣਾ ਕੇ ਜ਼ਿੰਦਗੀ ਤਬਾਹ ਕਰਨ ਦਾ ਦੋਸ਼ ਲਾਇਆ। ਕਾਰਜਕਾਰੀ ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ ਦੇ ਬੈਂਚ ਅੱਗੇ ਖੋਖਰ ਨੇ ਕਿਹਾ, 'ਸੱਜਣ ਕੁਮਾਰ ਤੇ ਉਸ ਦੇ ਵਕੀਲਾਂ ਨੇ ਉਸ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ। ਉਹ (ਸੱਜਣ) ਖ਼ੁਦ ਕੇਸਾਂ ਤੋਂ ਬਚ ਗਿਆ ਹੈ। ਅੱਜ ਮੇਰੇ ਪੱਲੇ ਕੁੱਝ ਵੀ ਨਹੀਂ ਹੈ। ਮੁਕੱਦਮੇਬਾਜ਼ੀ ਵਿਚ ਮੇਰੀ ਜ਼ਮੀਨ ਵੀ ਵਿਕ ਗਈ ਹੈ।' ਅਦਾਲਤ ਵੱਲੋਂ ਖੋਖਰ ਖ਼ਿਲਾਫ਼ ਤਿੰਨ ਕੇਸ ਮੁੜ ਖੋਲ੍ਹੇ ਗਏ ਹਨ ਤੇ ਬੈਂਚ ਨੇ ਉਸ ਨੂੰ ਪੁੱਛਿਆ ਕਿ ਉਸ ਕੋਲ ਬਚਾਅ ਲਈ ਆਪਣਾ ਵਕੀਲ ਹੋਵੇਗਾ ਜਾਂ ਉਸ ਨੂੰ ਕਾਨੂੰਨੀ ਸਹਾਇਤਾ ਲਈ ਵਕੀਲ ਦਿੱਤਾ ਜਾਵੇ। ਕਾਂਗਰਸ ਦਾ ਇਕ ਸਾਬਕਾ ਕੌਂਸਲਰ ਬਲਵਾਨ ਖੋਖਰ ਜੋ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ, ਉਸ ਨੇ ਆਪਣੀ ਪਾਰਟੀ ਦੇ ਸੀਨੀਅਰ ਨੇਤਾ ਸੱਜਣ ਕੁਮਾਰ 'ਤੇ ਦਿੱਲੀ ਹਾਈਕੋਰਟ ਵਿਚ ਇਲਜ਼ਾਮ ਲਗਾਉਂਦਿਆ ਕਿਹਾ ਹੈ ਕਿ ਉਸ ਨੇ ਮੈਨੂੰ ਕੁਰਬਾਨੀ ਦਾ ਬੱਕਰਾ ਬਣਾਕੇ ਮੇਰੀ ਜ਼ਿੰਦਗੀ ਤਬਾਹ ਕਰ ਦਿੱਤੀ ਹੈ। ਹਾਈਕੋਰਟ ਦੀ ਕਾਰਜਕਾਰੀ ਮੁਖ ਜੱਜ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ ਦੀ ਬੈਂਚ ਸਾਹਮਣੇ ਜ਼ੁਬਾਨੀ ਬਿਆਨ ਦਰਜ ਕਰਵਾਉਂਦਿਆ ਖੋਖਰ ਨੇ ਸੱਜਣ ਕੁਮਾਰ ਤੇ ਉਸ ਦੇ ਵਕੀਲਾਂ 'ਤੇ ਇਲਜ਼ਾਮ ਲਗਾਉਂਦਿਆ ਕਿਹਾ ਕਿ ਉਨ੍ਹਾਂ ਖੁਦ ਨੂੰ ਬਚਾਉਣ ਲਈ ਸਭ ਦੋਸ਼ ਮੇਰੇ 'ਤੇ ਮੜ੍ਹ ਦਿੱਤੇ। ਜੇਲ੍ਹ ਤੋਂ ਪ੍ਰੋਡੰਕਸਨ ਵਾਰੰਟ 'ਤੇ ਲਿਆ ਕੇ ਹਾਈਕੋਰਟ ਵਿਚ ਨਿੱਜੀ ਤੌਰ 'ਤੇ ਆਪਣੀ ਗਵਾਹੀ ਦੇਣ ਲਈ ਪੇਸ਼ ਕੀਤੇ ਗਏ ਖੋਖਰ ਨੇ ਦੱਸਿਆ ਕਿ ਉਸ ਨੇ ਮੁਕੱਦਮਾ ਲੜ੍ਹਦਿਆਂ ਆਪਣੀ ਖੇਤੀਬਾੜੀ ਵਾਲੀ ਜ਼ਮੀਨ ਸਮੇਤ ਸਭ ਕੁਝ ਗੁਆ ਲਿਆ ਹੈ ਅਤੇ ਸੱਜਣ ਕੁਮਾਰ ਤੇ ਉਸ ਦੇ ਵਕੀਲਾਂ ਨੇ ਉਸ ਦੀ ਜ਼ਿੰਦਗੀ ਤਬਾਹ ਕਰਕੇ ਰੱਖ ਦਿੱਤੀ ਹੈ। ਇਸ 'ਤੇ ਅਦਾਲਤ ਨੇ ਪੁੱਛਿਆ ਕਿ ਉਸ ਖ਼ਿਲਾਫ ਮੁੜ ਖੋਲ੍ਹੇ ਜਾ ਰਹੇ ਮਾਮਲਿਆਂ ਲਈ ਕੀ ਉਸ ਨੂੰ ਵੱਖਰੇ ਵਕੀਲ ਜਾਂ ਕਾਨੂੰਨੀ ਮਦਦ ਦੀ ਲੋੜ ਹੈ ਤਾਂ ਉਸ ਨੇ ਇਸ ਲਈ ਕੁਝ ਸਮਾਂ ਦੇਣ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਖੋਖਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦਿੱਲੀ ਛਾਉਣੀ ਇਲਾਕੇ ਦੇ ਇਕ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 11 ਜੁਲਾਈ 'ਤੇ ਪਾ ਦਿੱਤੀ।

# ਕੈਨੇਡੀਅਨ ਪੰਜਾਬੀਆਂ ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ 'ਭਾਜੀ ਮੋੜਨ' ਦਾ ਐਲਾਨ

## *ਖਾਲਸਾ ਡੇਅ ਪਰੇਡ ਮੌਕੇ ਕਿਹਾ-ਸੱਜਣ ਦਾ ਅਪਮਾਨ ਕਰਨ ਵਾਲੇ ਪੰਜਾਬ ਦੇ ਮੰਤਰੀਆਂ ਨਾਲ ਵੀ ਹੋਵੇਗਾ ਇਹੋ ਜਿਹਾ ਸਲੂਕ*

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਖਾਲਿਸਤਾਨ ਪੱਖੀ ਦੱਸ ਕੇ ਬਣਦਾ ਮਾਣ-ਸਤਿਕਾਰ ਨਾ ਦੇਣ ਤੋਂ ਪਰਵਾਸੀ ਪੰਜਾਬੀ ਔਖੇ ਹਨ। ਕੈਨੇਡਾ ਵਿੱਚ ਪਰਵਾਸੀ ਪੰਜਾਬੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਇਲਾਕੇ ਸਰੀ ਵਿੱਚ ਸਜਾਏ ਨਗਰ ਕੀਰਤਨ ਦੌਰਾਨ ਬੁਲਾਰਿਆਂ ਨੇ ਮੰਚ ਤੋਂ ਇਹ ਐਲਾਨ ਕੀਤਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦਾ ਪੰਜਾਬ ਸਰਕਾਰ ਵੱਲੋਂ ਅਪਮਾਨ ਕਰਵਾਇਆ ਹੈ, ਉਸੇ ਤਰਾਂ ਦਾ ਵਤੀਰਾ ਕੈਨੇਡਾ ਆਉਣ 'ਤੇ ਪੰਜਾਬ ਦੇ ਮੰਤਰੀਆਂ ਨਾਲ ਕੀਤਾ ਜਾਵੇਗਾ। ਇਹ ਨਗਰ ਕੀਰਤਨ ਖਾਲਸਾ ਡੇਅ ਪਰੇਡ ਮੌਕੇ ਸਜਾਇਆ ਗਿਆ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਸ ਵਿੱਚ ਚਾਰ ਲੱਖ ਦੇ ਕਰੀਬ ਪੰਜਾਬੀਆਂ ਨੇ



**ਸਰੀ ਵਿੱਚ ਖਾਲਸਾ ਡੇਅ ਪਰੇਡ ਦਾ ਇਕ ਦ੍ਰਿਸ਼।**

ਹਿੱਸਾ ਲਿਆ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਜਿਹੜਾ ਸਾਰੇ ਸੰਸਾਰ ਵਿੱਚ ਮਹਿਮਾਨਨਿਵਾਜ਼ੀ ਲਈ ਜਾਣਿਆ ਜਾਂਦਾ ਹੈ, ਉਸ ਦੀਆਂ ਰਹੁ ਰੀਤਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਸੱਟ ਮਾਰੀ ਹੈ। ਸ੍ਰੀ ਸੱਜਣ ਨੂੰ ਮਾਣ ਸਨਮਾਨ ਨਾ ਦੇ ਕੇ ਦੁਨੀਆ ਭਰ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ।ਇਸ ਨਗਰ ਕੀਰਤਨ ਵਿੱਚ ਵੱਡੀ ਪੱਧਰ 'ਤੇ ਸਿੱਖ ਸੰਗਤ ਹਾਜ਼ਰ ਸੀ। ਨਗਰ ਕੀਰਤਨ ਦੀ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਕੈਨੇਡਾ ਆਉਣ ਦੀ ਚੁਣੌਤੀ ਦਿੱਤੀ ਗਈ ਹੈ। ਬੁਲਾਰਿਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਸ ਗੱਲੋਂ ਵੀ ਨਿੰਦਾ ਕੀਤੀ ਕਿ ਉਨਾਂ ਪੰਜਾਬ ਦੇ ਸਾਬਕਾ ਡੀਜੀਪੀ ਕੇ.ਪੀ.ਐਸ. ਗਿੱਲ ਦਾ ਚੋਣ ਜਿੱਤਣ ਤੋਂ ਬਾਅਦ ਸਵਾਗਤ ਕੀਤਾ ਸੀ, ਜਿਸ ਉਪਰ ਦੋਸ਼ ਲੱਗਦੇ ਸਨ ਕਿ ਡੀਜੀਪੀ ਹੁੰਦਿਆਂ ਉਨਾਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰਿਆ। ਸੰਸਦ ਮੈਂਬਰ ਰਵਨੀਤ ਬਿੱਟੂ ਵੱਲੋਂ ਹਰਜੀਤ ਸਿੰਘ ਸੱਜਣ ਬਾਰੇ ਕੀਤੀ ਬਿਆਨਬਾਜ਼ੀ ਦੀ ਵੀ ਸਟੇਜ ਤੋਂ ਤਿੱਖੀ ਆਲੋਚਨਾ ਕੀਤੀ ਗਈ। ਬੁਲਾਰਿਆਂ ਨੇ ਨਗਰ ਕੀਰਤਨ ਵਿੱਚ ਹਾਜ਼ਰ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਹ ਪ੍ਰਣ ਕਰਨ ਕਿ ਜਦੋਂ ਵੀ ਪੰਜਾਬ ਦੇ ਮੰਤਰੀ ਕੈਨੇਡਾ ਦੀ ਧਰਤੀ 'ਤੇ ਆਉਣ ਤਾਂ ਉਨਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇ।ਗਰਮ ਖਿਆਲੀਆਂ ਦੀ ਇਸ ਸਟੇਜ ਉਪਰ ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ, ਜਦੋਂ ਕਿ ਮੰਚ ਹੇਠਾਂ ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਬਾਦਲ ਦੀ ਤਸਵੀਰ ਲੱਗੀ ਹੋਈ ਸੀ ਅਤੇ ਨਾਲ ਹੀ 'ਕੈਪਟਨ ਤੇ ਬਾਦਲ ਵਰਗੇ ਅੰਦਰੋਂ ਸਭ ਇਕ ਹਨ' ਲਿਖਿਆ ਹੋਇਆ ਸੀ। ਕੈਨੇਡਾ ਦੀ ਰਾਜਧਾਨੀ ਟੋਰਾਂਟੋ ਵਿੱਚ ਵੀ ਪਰਵਾਸੀ ਪੰਜਾਬੀਆਂ ਵਿੱਚ ਇਸ ਗੱਲੋਂ ਭਾਰੀ ਰੋਸ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ।

# ਤਨਖਾਹੀਏ ਸਿਆਸੀ ਆਗੂਆਂ ਨੇ ਸੇਵਾ ਪੂਰੀ ਕਰਨ ਮਗਰੋਂ ਕੀਤੀ ਖਿਮਾ ਯਾਚਨਾ ਦੀ ਅਰਦਾਸ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਤੋਂ ਵੋਟਾਂ ਲਈ ਸਮਰਥਨ ਮੰਗੇ ਜਾਣ ਦੇ ਮਾਮਲੇ ਵਿੱਚ ਅਕਾਲ ਤਖ਼ਤ ਸਾਹਿਬ ਵੱਲੋਂ ਲਾਈ ਤਨਖਾਹ ਪੂਰੀ ਕਰਨ ਵਾਲੇ 21 ਸਿੱਖ ਸਿਆਸੀ ਆਗੂਆਂ ਨੇ ਸੇਵਾ ਮੁਕੰਮਲ ਕਰਨ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਖਿਮਾ ਯਾਚਨਾ ਦੀ ਅਰਦਾਸ ਕੀਤੀ। ਇਸ ਤੋਂ ਪਹਿਲਾਂ ਉਨ੍ਹਾਂ ਨੇ 501-501 ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾਈ ਅਤੇ 5100-5100 ਸੌ ਰੁਪਏ ਗੋਲਕ ਵਿੱਚ ਪਾਏ। ਤਨਖਾਹੀਏ ਕਰਾਰ ਦਿੱਤੇ ਗਏ ਸਿੱਖ ਆਗੂਆਂ ਵਿੱਚ ਇੱਕ ਨੂੰ ਛੱਡ ਕੇ ਬਾਕੀ ਸਾਰੇ ਅਕਾਲੀ ਦਲ ਬਾਦਲ ਨਾਲ ਸਬੰਧਤ ਹਨ। ਜ਼ਿਕਰਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਨੇ ਹੁਕਮਨਾਮੇ ਦੀ ਉਲੰਘਣਾ ਕਰਕੇ ਵੋਟ ਤੇ ਅਸ਼ੀਰਵਾਦ ਲੈਣ ਲਈ ਡੇਰਾ ਸਿਰਸਾ ਜਾਣ ਵਾਲੇ 21 ਸਾਬਤ ਸੂਰਤ ਸਿੱਖ ਆਗੂਆਂ ਨੂੰ 17 ਅਪ੍ਰੈਲ ਨੂੰ ਤਨਖਾਹੀਆ ਕਰਾਰ ਦਿੱਤ ਸੀ। ਅਜੇ ਚਾਰ ਸਿੱਖ ਆਗੂਆਂ ਦਾ ਡੇਰਾ ਸਿਰਸਾ ਜਾਣ ਦਾ ਮਾਮਲਾ ਬਾਕੀ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਸੱਦੇ ਜਾਣ 'ਤੇ 17 ਅਪ੍ਰੈਲ ਨੂੰ ਪੇਸ਼ ਨਾ ਹੋਣ ਵਾਲੇ ਚਾਰ ਸਿੱਖ ਆਗੂਆਂ ਵਿੱਚ ਕਾਂਗਰਸ ਪਾਰਟੀ ਦੇ ਬੀਬੀ ਰਜਿੰਦਰ ਕੌਰ ਭੱਠਲ ਲਹਿਰਾਗਾਗਾ, ਕਾਂਗਰਸ ਵਜ਼ਾਰਤ ਦੇ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਪੁੱਤਰ ਅਰਜਨ ਸਿੰਘ, ਅਜਾਇਬ ਸਿੰਘ ਭੱਟੀ ਮਲੋਟ ਅਤੇ ਅਕਾਲੀ ਦਲ ਦੇ ਜਨਮੇਜਾ ਸਿੰਘ ਸੇਖੋਂ ਮੌੜ ਸ਼ਾਮਲ ਸਨ। ਸਿੰਘ ਸਾਹਿਬ ਦੇ ਆਦੇਸ਼ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਦੀ ਜਾਂਚ ਰਿਪੋਰਟ ਤੋਂ ਬਾਅਦ ਸਿੰਘ ਸਾਹਿਬਾਨ ਵੱਲੋਂ 44 ਸਿੱਖ ਆਗੂਆਂ ਨੂੰ ਅਕਾਲ ਤਖਤ ਸਾਹਿਬ ਵਿੱਚ ਸਪਸ਼ਟੀਕਰਨ ਲਈ ਸੱਦਿਆ ਗਿਆ ਸੀ, ਜਿਨ੍ਹਾਂ



ਵਿਚੋਂ 4 ਆਗੂ ਨਹੀਂ ਪੁੱਜ ਸਕੇ ਸਨ। ਹਾਜ਼ਰ ਹੋਏ 40 ਆਗੂਆਂ ਵਿਚੋਂ 21 ਸਾਬਤ ਸੂਰਤ ਸਿੱਖ ਆਗੂਆਂ ਨੂੰ ਬਾਕਾਇਦਾ ਤਨਖਾਹੀਏ ਕਰਾਰ ਦਿੰਦਿਆਂ ਧਾਰਮਿਕ ਸੇਵਾ ਲਾਈ ਗਈ ਸੀ, 18 ਪਤਿਤ ਸਿੱਖ ਆਗੂਆਂ ਨੂੰ ਕੇਵਲ ਧਾਰਮਿਕ ਸੇਵਾ ਹੀ ਲਾਈ ਗਈ ਸੀ ਅਤੇ ਇੱਕ ਨੂੰ ਮੁਆਫ਼ ਕਰ ਦਿੱਤਾ ਗਿਆ ਸੀ। ਲਾਈ ਗਈ ਤਨਖਾਹ ਪੂਰੀ ਕਰਦਿਆਂ ਸਿੱਖ ਮੁੱਖ ਧਾਰਾ ਵਿੱਚ ਮੁੜ ਸ਼ਾਮਲ ਹੋਏ 21 ਸਾਬਤ ਸੂਰਤ ਸਿੱਖ ਆਗੂਆਂ ਵਿੱਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਅਜੀਤ ਸਿੰਘ ਸ਼ਾਂਤ, ਦਰਬਾਰਾ ਸਿੰਘ ਗੁਰੂ, ਪਰਮਿੰਦਰ ਸਿੰਘ ਢੀਂਡਸਾ, ਵਰਿੰਦਰ ਕੌਰ, ਇੰਦਰਇਕਬਾਲ ਸਿੰਘ ਅਟਵਾਲ, ਮਨਤਾਰ ਸਿੰਘ ਬਰਾੜ, ਪ੍ਰਕਾਸ਼ ਸਿੰਘ ਭੱਟੀ, ਗੁਰਪ੍ਰੀਤ ਸਿੰਘ ਰਾਜੂ, ਜੀਤਮਹਿੰਦਰ ਸਿੰਘ ਸਿੱਧੂ, ਪਰਮਬੰਸ ਸਿੰਘ, ਕੰਵਲਜੀਤ ਸਿੰਘ ਰੋਜ਼ੀ ਬਰਕੰਦੀ, ਹਰਪ੍ਰੀਤ ਸਿੰਘ ਕੋਟਭਾਈ, ਸੁਰਜੀਤ ਸਿੰਘ ਰੱਖੜਾ, ਇਕਬਾਲ ਸਿੰਘ ਝੂੰਦਾਂ, ਈਸ਼ਰ ਸਿੰਘ ਮਿਹਰਬਾਨ, ਗੋਬਿੰਦ ਸਿੰਘ ਲੌਂਗੋਵਾਲ, ਰਣਜੀਤ ਸਿੰਘ ਤਲਵੰਡੀ, ਹਰੀ ਸਿੰਘ ਨਾਭਾ ਤੇ ਦੀਦਾਰ ਸਿੰਘ ਭੱਟੀ (ਸਾਰੇ ਸ਼੍ਰੋਮਣੀ ਅਕਾਲੀ ਦਲ) ਅਤੇ ਅਜੀਤਇੰਦਰ ਸਿੰਘ ਮੋਫ਼ਰ ਕਾਂਗਰਸ ਪਾਰਟੀ ਨਾਲ ਸਬੰਧਤ ਹਨ। ਸ੍ਰੀ ਮਲੂਕਾ ਨੇ ਕਿਹਾ ਕਿ ਵੋਟਾਂ ਖਾਤਰ ਡੇਰੇ ਜਾਣਾ ਉਨ੍ਹਾਂ ਦੀ ਗਲਤੀ ਸੀ। ਪੜਤਾਲ ਉਪਰੰਤ ਹੀ ਸਿੰਘ ਸਾਹਿਬਾਨ ਵੱਲੋਂ ਧਾਰਮਿਕ ਸੇਵਾ ਲਾਈ ਗਈ ਸੀ, ਜੋ ਉਨ੍ਹਾਂ ਸਿਰ ਮੱਥੇ ਮੰਨਦਿਆਂ ਪੂਰੀ ਕੀਤੀ ਹੈ।










# ਵੜੈਚ ਫਿਰ ਤੋਂ ਬਣੇ 'ਘੁੱਗੀ' ਤੇ ਮੁਹੰਮਦ ਸਦੀਕ ਨੇ ਵੀ ਛੇੜੀ ਤੂੰਬੀ ਦੀ ਤਾਨ

## ਸਿਆਸਤ 'ਚ ਆਏ ਡਾਕਟਰ, ਅਫ਼ਸਰ, ਖਿਡਾਰੀ ਤੇ ਕਲਾਕਾਰ ਮੁੜ ਆਪਣੇ ਕਿੱਤਿਆਂ ਵੱਲ ਪਰਤੇ

**ਕੇ. ਐੱਸ. ਰਾਣਾ**
**ਐੱਸ.ਏ.ਐੱਸ. ਨਗਰ :**



ਹਾਲ ਹੀ ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਜਿੱਥੇ ਸਥਾਪਤ ਆਗੂਆਂ ਨੇ ਆਪਣੀ ਕਿਸਮਤ ਅਜ਼ਮਾਈ, ਉਥੇ ਹੀ ਇਨ੍ਹਾਂ ਚੋਣਾਂ ਦੌਰਾਨ ਕਈ ਕਲਾਕਾਰਾਂ, ਖਿਡਾਰੀਆਂ, ਡਾਕਟਰਾਂ ਅਤੇ ਅਫ਼ਸਰਾਂ ਵੱਲੋਂ ਆਪਣੇ ਵਿਰੋਧੀਆਂ ਨੂੰ ਸਖ਼ਤ ਟੱਕਰ ਦੇਣ ਦੇ ਬਾਵਜੂਦ, ਵੋਟਰਾਂ ਨੇ ਉਨ੍ਹਾਂ ਨੂੰ ਆਪਣੇ ਆਗੂ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ। ਪੰਜਾਬ ਵਿਚ ਚੋਣਾਂ ਤੋਂ ਬਾਅਦ ਰਾਜਸੀ ਮਾਹੌਲ ਹੁਣ ਪੂਰੀ ਤਰ੍ਹਾਂ ਸ਼ਾਂਤ ਹੋ ਚੁੱਕਾ ਹੈ ਅਤੇ ਚੋਣਾਂ ਜਿੱਤਣ ਵਾਲੇ ਆਗੂ ਵਿਧਾਨ ਸਭਾ ਵਿਚ ਪਹੁੰਚ ਗਏ ਹਨ, ਜਦਕਿ ਚੋਣਾਂ ਹਾਰਨ ਵਾਲੇ ਵਾਪਸ ਆਪਣੇ ਪੁਰਾਣੇ ਕੰਮ ਧੰਦਿਆਂ 'ਤੇ ਪਰਤਣ ਲੱਗੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਲਈ ਕੀਤੇ ਗਏ ਚੋਣ ਪ੍ਰਚਾਰ ਦੌਰਾਨ ਭਾਵੇਂ ਇਸ ਵਾਰ ਕਲਾਕਾਰ ਲੋਕਾਂ ਲਈ ਖਿੱਚ ਦਾ ਕੇਂਦਰ ਬਣੇ ਰਹੇ, ਪਰ ਇਸ ਦੇ ਬਾਵਜੂਦ ਉਹ ਲੋਕਾਂ ਨੂੰ ਆਪਣੇ ਨਾਲ ਜੋੜਨ ਵਿਚ ਅਸਫਲ ਰਹੇ, ਜਿਸ ਕਾਰਨ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਨ੍ਹਾਂ ਚੋਣਾਂ ਦੌਰਾਨ ਹਾਸਰਸ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੇ ਬਟਾਲਾ, ਭਗਵੰਤ ਮਾਨ ਨੇ ਜਲਾਲਾਬਾਦ, ਮੁਹੰਮਦ ਸਦੀਕ ਨੇ ਜੈਤੋਂ, ਸਤਵਿੰਦਰ ਬਿੱਟੀ ਨੇ ਸਾਹਨੇਵਾਲ ਅਤੇ ਸੂਫੀ ਕਲਾਕਾਰ ਅਰਸ਼ਦ ਡਾਲੀ ਨੇ ਮਲੇਰਕੋਟਲਾ ਤੋਂ ਆਪਣੀ ਕਿਸਮਤ ਅਜ਼ਮਾਈ ਸੀ। ਇਨ੍ਹਾਂ ਕਲਾਕਾਰਾਂ ਵਿਚੋਂ ਸਭ ਤੋਂ ਜ਼ਿਆਦਾ ਚਰਚਿੱਤ ਭਗਵੰਤ ਮਾਨ ਅਤੇ ਗੁਰਪ੍ਰੀਤ ਘੁੱਗੀ ਹੀ ਰਹੇ ਸਨ। ਆਮ ਆਦਮੀ ਪਾਰਟੀ ਦੇ ਕਨਵੀਨਰ ਬਣਾਏ ਜਾਣ ਤੋਂ ਬਾਅਦ ਗੁਰਪ੍ਰੀਤ ਘੁੱਗੀ ਨੇ ਆਪਣਾ ਫ਼ਿਲਮੀ ਅਤੇ ਰੰਗਮੰਚ ਦੇ ਖੇਤਰ ਵਿਚ ਪ੍ਰਸਿੱਧ ਨਾਂਅ ਗੁਰਪ੍ਰੀਤ ਸਿੰਘ 'ਘੁੱਗੀ' ਤੋਂ ਬਦਲ ਕੇ ਗੁਰਪ੍ਰੀਤ ਸਿੰਘ ਵੜੈਚ ਰੱਖ ਲਿਆ ਸੀ। ਚੋਣ ਪ੍ਰਚਾਰ ਦੌਰਾਨ ਭਾਵੇਂ ਗੁਰਪ੍ਰੀਤ ਵੜੈਚ ਵੱਲੋਂ ਆਮ ਆਦਮੀ ਪਾਰਟੀ ਲਈ ਪੂਰੇ ਪੰਜਾਬ ਅੰਦਰ ਅਨੇਕਾਂ ਰੈਲੀਆਂ ਕੀਤੀਆਂ ਗਈਆਂ, ਪਰ ਉਨ੍ਹਾਂ ਨੂੰ ਆਪਣੇ ਹਲਕੇ ਤੋਂ ਸਿਰਫ਼ 34 ਹਜ਼ਾਰ 302 ਵੋਟਾਂ ਹੀ ਮਿਲੀਆਂ, ਜਿਸ ਦੇ ਚੱਲਦਿਆਂ ਉਹ ਤੀਜੇ ਨੰਬਰ 'ਤੇ ਰਹੇ।

ਚੋਣ ਨਤੀਜਿਆਂ ਤੋਂ ਬਾਅਦ ਗੁਰਪ੍ਰੀਤ ਵੜੈਚ ਅਚਾਨਕ ਸ਼ਾਂਤ ਹੋ ਗਏ ਅਤੇ ਹੁਣ ਉਹ ਵਾਪਸ ਆਪਣੀ ਪੁਰਾਣੀ ਫ਼ਿਲਮੀ ਤੇ ਰੰਗਮੰਚ ਦੀ ਦੁਨੀਆ ਵਿਚ ਪਰਤ ਆਏ ਹਨ। ਗੁਰਪ੍ਰੀਤ ਵੜੈਚ ਹੁਣ ਮੁੜ ਤੋਂ ਗੁਰਪ੍ਰੀਤ ਘੁੱਗੀ ਬਣ ਗਏ ਹਨ। ਇਥੇ ਹੀ ਬਸ ਨਹੀਂ ਘੁੱਗੀ ਨੇ ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਕਰਵਾਈ ਗਈ ਸਭਿਆਚਾਰਕ ਕਮੇਟੀ ਦੀ ਮੀਟਿੰਗ ਵਿਚ ਵੀ ਹਿੱਸਾ ਲਿਆ ਸੀ। ਦਿਲਚਸਪ ਗੱਲ ਇਹ ਹੈ ਕਿ ਭਾਵੇਂ ਚੋਣਾਂ ਦੌਰਾਨ ਗੁਰਪ੍ਰੀਤ ਘੁੱਗੀ ਵੱਲੋਂ ਆਪਣੇ ਆਪ ਦੀ ਗੁਰਪ੍ਰੀਤ ਵੜੈਚ ਵਜੋਂ ਪਛਾਣ ਬਣਾਈ ਗਈ ਸੀ, ਪਰ ਚੋਣ ਕਮਿਸ਼ਨ ਦੀ ਵੈਬਸਾਈਟ 'ਤੇ ਅੱਜ ਵੀ ਗੁਰਪ੍ਰੀਤ ਵੜੈਚ ਦੀ ਥਾਂ ਗੁਰਪ੍ਰੀਤ ਘੁੱਗੀ ਹੀ ਲਿਖਿਆ ਹੋਇਆ ਹੈ। ਕੁਝ ਅਜਿਹੀ ਹੀ ਹਾਲਤ ਕਾਂਗਰਸੀ ਆਗੂ ਮੁਹੰਮਦ ਸਦੀਕ ਦੀ ਹੋਈ ਹੈ। ਮੁਹੰਮਦ ਸਦੀਕ ਇਨ੍ਹਾਂ ਚੋਣਾਂ ਦੌਰਾਨ ਆਪਣੇ ਹਲਕੇ ਵਿਚੋਂ 35 ਹਜ਼ਾਰ 351 ਵੋਟਾਂ ਲੈ ਕੇ ਦੂਜੇ ਨੰਬਰ 'ਤੇ ਰਹੇ ਸਨ। ਹਾਲਾਂਕਿ ਮੁਹੰਮਦ ਸਦੀਕ ਨੇ ਵਿਧਾਇਕ ਰਹਿੰਦੇ ਹੋਏ ਕਦੇ ਅਖਾੜੇ ਲਗਾਉਣੇ ਬੰਦ ਨਹੀਂ ਕੀਤੇ, ਪਰ ਇਸ ਦੇ ਬਾਵਜੂਦ ਉਨ੍ਹਾਂ ਗਾਇਕੀ ਦੀ ਥਾਂ ਰਾਜਨੀਤੀ ਨੂੰ ਵਧੇਰੇ ਸਮਾਂ ਦਿੱਤਾ ਸੀ। ਮੁਹੰਮਦ ਸਦੀਕ ਦੀ ਗਿਣਤੀ ਪੰਜਾਬ ਦੇ ਉਨ੍ਹਾਂ ਕਲਾਕਾਰਾਂ ਵਿਚ ਹੁੰਦੀ ਰਹੀ ਹੈ, ਜਿਨ੍ਹਾਂ ਨੇ ਤਵੇ ਤੇ ਤੂੰਬੀ ਦੇ ਵਿਚਕਾਰ ਤਾਲਮੇਲ ਬਿਠਾਇਆ ਸੀ। ਚੋਣ ਨਤੀਜਿਆਂ ਤੋਂ ਬਾਅਦ ਭਾਵੇਂ ਕਾਂਗਰਸ ਪਾਰਟੀ ਦੀ ਸਰਕਾਰ ਸੱਤਾ ਵਿਚ ਆ ਗਈ ਹੈ, ਪਰ ਮੁਹੰਮਦ ਸਦੀਕ ਹੁਣ ਤੱਕ ਸਥਾਪਤ ਨਹੀਂ ਹੋਏ, ਜਿਸ ਦੇ ਚੱਲਦਿਆਂ ਉਨ੍ਹਾਂ ਨੇ ਮੁੜ ਤੋਂ ਆਪਣੀ ਪੁਰਾਣੀ ਜ਼ਿੰਦਗੀ ਨੂੰ ਗਲੇ ਲਗਾ ਕੇ ਆਪਣੇ ਅੰਦਰ ਦੇ ਕਲਾਕਾਰ ਨੂੰ ਮੁੜ ਤੋਂ ਸੁਰਜੀਤ ਕਰਕੇ ਗਾਇਕੀ ਨੂੰ ਤਰਜ਼ੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਵਿਧਾਨ ਸਭਾ ਚੋਣਾਂ ਵਿਚ ਚਰਚਿਤ ਰਹੇ ਭਗਵੰਤ ਮਾਨ ਵਿਧਾਇਕ ਤਾਂ ਨਹੀਂ ਬਣ ਸਕੇ, ਪਰ ਉਹ ਮੁੜ ਤੋਂ ਸੰਸਦ ਦੇ ਰਾਹ ਪਰਤ ਗਏ ਹਨ। ਹਾਲਾਂਕਿ ਭਗਵੰਤ ਮਾਨ ਆਪਣੇ ਭਾਸ਼ਣਾਂ ਦੌਰਾਨ ਕਾਮੇਡੀ ਕਰਦੇ ਰਹੇ, ਪਰ ਲੋਕ ਸਭਾ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਨੇ ਫਿਲਮੀ ਪਰਦੇ ਤੋਂ ਦੂਰੀ ਬਣਾ ਕੇ ਰੱਖੀ ਹੋਈ ਹੈ। ਇਸੇ ਤਰ੍ਹਾਂ ਕਾਂਗਰਸ ਦੀ ਟਿਕਟ ਉਤੇ ਚੋਣ ਲੜੀ ਸਤਵਿੰਦਰ ਕੌਰ ਬਿੱਟੀ ਅਤੇ ਮਲੇਰਕੋਟਲਾ ਤੋਂ ਚੋਣ ਮੈਦਾਨ ਵਿਚ ਉਤਰੇ ਸੂਫੀ ਕਲਾਕਾਰ ਅਰਸ਼ਦ ਡਾਲੀ ਚੋਣ ਨਤੀਜੇ ਤੋਂ ਬਾਅਦ ਸਰਗਰਮ ਰਾਜਨੀਤੀ ਤੋਂ ਦੂਰ ਹੋ ਕੇ ਆਪਣੀ ਪੁਰਾਣੀ ਜ਼ਿੰਦਗੀ ਵਿਚ ਸਰਗਰਮ ਹੋ ਗਏ ਹਨ। ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਅੱਧਾ ਦਰਜਨ ਤੋਂ ਜ਼ਿਆਦਾ ਖਿਡਾਰੀਆਂ ਨੇ ਸਿਆਸਤ ਵਿਚ ਆਪਣੀ ਕਿਸਮਤ ਅਜ਼ਮਾਉਂਦੇ ਹੋਏ ਨੇਤਾ ਬਣਨ ਦਾ ਸੁਪਨਾ ਦੇਖਿਆ ਸੀ, ਪਰ ਪੰਜਾਬ ਦੀ ਜਨਤਾ ਨੇ ਸਿਰਫ਼ ਨਵਜੋਤ ਸਿੰਘ ਸਿੱਧੂ ਤੇ ਪਰਗਟ ਸਿੰਘ ਨੂੰ ਹੀ ਸਵੀਕਾਰ ਕੀਤਾ, ਜਦਕਿ ਸੱਜਣ ਸਿੰਘ ਚੀਮਾ, ਕਰਤਾਰ ਸਿੰਘ, ਗੁਰਦਿੱਤ ਸਿੰਘ ਸੇਖੋਂ ਅਤੇ ਗੁਲਜ਼ਾਰ ਸਿੰਘ ਚੋਣ ਹਾਰਨ ਬਾਅਦ ਆਪਣੀ ਅਕਾਦਮੀਆਂ ਅਤੇ ਖੇਡ ਪ੍ਰਮੋਸ਼ਨ ਦੇ ਕੰਮਾਂ ਵਿਚ ਜੁੱਟ ਗਏ ਹਨ। ਇਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਪੰਜਾਬ ਅੰਦਰ ਇਸ ਵਾਰ 11 ਆਈ.ਏ.ਐੱਸ, ਆਈ.ਪੀ.ਐਸ ਅਤੇ ਹੋਰ ਅਫ਼ਸਰਾਂ ਨੇ ਚੋਣ ਮੈਦਾਨ ਵਿਚ ਆਪਣੀ ਕਿਸਮਤ ਅਜ਼ਮਾਈ, ਪਰ ਜਨਤਾ ਨੇ ਕਿਸੇ ਵੀ ਅਫ਼ਸਰ ਨੂੰ ਨੇਤਾ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ। ਇਸੇ ਤਰ੍ਹਾਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੋਰ ਸ਼੍ਰੇਣੀਆਂ ਤੋਂ ਇਲਾਵਾ ਸਭ ਤੋਂ ਜ਼ਿਆਦਾ 15 ਡਾਕਟਰਾਂ ਨੇ ਵੀ ਭਾਗ ਲਿਆ ਸੀ ਪਰ ਕਿਸੇ ਨੂੰ ਸਫ਼ਲਤਾ ਨਹੀਂ ਮਿਲੀ।

# ਫੂਲਕਾ ਦੀ ਅਗਵਾਈ 'ਚ 'ਆਪ' ਆਗੂਆਂ ਨੇ ਲੋਕਾਂ ਦੀਆਂ ਮੁਸ਼ਕਲਾਂ ਜਾਣਨ ਲਈ ਵਿੱਢੀ 'ਪੰਜਾਬ ਯਾਤਰਾ'

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨਾਲ ਮੁੜ ਰਾਬਤਾ ਜੋੜਣ ਦੇ ਉਦੇਸ਼ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਣ ਲਈ 'ਪੰਜਾਬ ਯਾਤਰਾ' ਅਰੰਭ ਕੀਤੀ ਗਈ ਹੈ, ਜਿਸ ਦੀ ਸ਼ੁਰੂਆਤ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ 'ਆਪ' ਦੇ ਵਿਧਾਇਕ ਐਡਵੋਕੇਟ ਐ ੱਚ.ਐਸ. ਫੂਲਕਾ ਵੱਲੋਂ ਆਪਣੇ 10 ਸਾਥੀ 'ਆਪ' ਵਿਧਾਇਕਾਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ 'ਆਪ' ਵਿਧਾਇਕ ਪ੍ਰੋ. ਬਲਜਿੰਦਰ ਕੌਰ, ਕੁਲਤਾਰ ਸਿੰਘ ਸਿੱਧਵਾਂ, ਰੁਪਿੰਦਰ ਰੂਬੀ, ਅਮਨ ਅਰੋੜਾ, ਮੀਤ ਹੇਅਰ, ਮਨਜੀਤ ਸਿੰਘ, ਕੁਲਵੰਤ ਸਿੰਘ ਪੰਡੋਰੀ, ਮਾਸਟਰ ਬਲਦੇਵ ਸਿੰਘ, ਅਤੇ ਪਿਰਮਲ ਸਿੰਘ ਵਿਧਾਇਕ ਵੀ ਸ਼ਾਮਲ ਸਨ। 'ਆਪ' ਦੀ ਟੀਮ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਬਾਅਦ ਵਿਚ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ. ਫੂਲਕਾ ਤੇ ਹੋਰਨਾਂ ਵਿਧਾਇਕਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਤੇ ਧਾਰਮਿਕ ਪੁਸਤਕਾਂ ਦੇ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਜਿੱਤ ਪ੍ਰਾਪਤ ਕਰਨ ਉਪਰੰਤ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਐਡਵੋਕੇਟ ਫੂਲਕਾ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਘੰਟਾ ਘਰ ਪਲਾਜ਼ਾ ਵਿਖੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਹਰ ਇਜਲਾਸ ਤੋਂ ਪਹਿਲਾਂ 'ਆਪ' ਵੱਲੋਂ ਪੰਜਾਬ ਦੇ ਲੋਕਾਂ ਦੀਆਂ ਸਰਕਾਰ ਦੇ ਖਿਲਾਫ਼ ਸਥਾਨਕ ਸਮੱਸਿਆਵਾਂ ਤੋਂ ਜਾਣੂ ਹੋਣ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਵਿਚ ਰੱਖਣ ਲਈ ਪੰਜਾਬ ਯਾਤਰਾ ਕੀਤੀ ਜਾਇਆ ਕਰੇਗੀ। 'ਆਪ' ਦੀ ਪੰਜਾਬ ਟੀਮ 'ਤੇ ਦਿੱਲੀ ਵਾਲਿਆਂ ਦਾ ਦਬਾਅ ਹੋਣ ਸਬੰਧੀ ਪੁੱਛੇ ਜਾਣ ਤੇ ਸ. ਫੂਲਕਾ ਨੇ ਕਿਹਾ ਕਿ ਪੰਜਾਬ ਦੀ ਟੀਮ ਨੂੰ ਜੋ ਠੀਕ ਲੱਗਦਾ ਹੈ, ਉਸੇ ਅਨੁਸਾਰ ਹੀ ਫੈਸਲੇ ਲਏ ਜਾਂਦੇ ਹਨ ਤੇ ਸਾਡੇ 'ਤੇ ਦਿੱਲੀ ਦੇ ਆਗੂਆਂ ਦਾ ਕੋਈ ਦਬਾਅ ਨਹੀਂ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਦਿੱਲੀ ਨਿਗਮ ਚੋਣਾਂ ਤੋਂ ਵਿਹਲੇ ਹੋ ਗਏ ਨੇ ਤੇ ਜਲਦੀ ਹੀ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਨ ਲਈ ਆਉਣਗੇ। 'ਆਪ' ਆਗੂ ਬਾਅਦ ਵਿਚ ਸ੍ਰੀ ਦੁਰਗਿਆਣਾ ਮੰਦਰ ਅਤੇ ਭਗਵਾਨ ਵਾਲਮੀਕਿ ਤੀਰਥ ਰਾਮਤੀਰਥ ਵਿਖੇ ਵੀ ਨਤਮਸਤਕ ਹੋਣ ਪੁੱਜੇ।



# ਸੈਲੂਲਰ ਜੇਲ੍ਹ ਵਿਚ ਦਿਖਾਏ ਜਾ ਰਹੇ ਆਵਾਜ਼ ਅਤੇ ਰੌਸ਼ਨੀ ਪ੍ਰੋਗਰਾਮ 'ਚ ਸਿੱਖਾਂ ਦੇ ਯੋਗਦਾਨ ਨੂੰ ਅਣਗੌਲਿਆ ਕੀਤਾ

## ਅੰਡੇਮਾਨ ਤੇ ਨਿਕੋਬਾਰ ਗਏ ਸ਼੍ਰੋਮਣੀ ਕਮੇਟੀ ਵਫ਼ਦ ਨੇ ਕੀਤਾ ਖ਼ੁਲਾਸਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅੰਡੇਮਾਨ ਅਤੇ ਨਿਕੋਬਾਰ ਗਏ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਖ਼ੁਲਾਸਾ ਕੀਤਾ ਹੈ ਕਿ ਸੈਲੂਲਰ ਜੇਲ੍ਹ ਵਿੱਚ ਦਿਖਾਏ ਜਾ ਰਹੇ ਆਵਾਜ਼ ਅਤੇ ਰੌਸ਼ਨੀ 'ਤੇ ਆਧਾਰਤ ਪ੍ਰੋਗਰਾਮ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਅਣਗੌਲਿਆ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਯੋਗਦਾਨ ਨੂੰ ਨਾਮਾਂਤਰ ਨੁਮਾਇੰਦਗੀ ਹੀ ਦਿੱਤੀ ਗਈ ਹੈ। ਵਫ਼ਦ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਨੇ 'ਕਾਲੇਪਾਣੀ' ਵੱਜੋਂ ਜਾਣੀ ਜਾਂਦੀ ਸੈਲੂਲਰ ਜੇਲ੍ਹ ਦੇ ਕੌਮੀ ਸਮਾਰਕ ਦੇ ਦੌਰੇ ਦੌਰਾਨ ਦੱਸਿਆ ਕਿ ਉੱਥੇ ਸਥਾਪਤ ਕੀਤੀਆਂ ਯਾਦਗਾਰੀ ਗੈਲਰੀਆਂ ਅਤੇ ਰੋਜ਼ਾਨਾ ਵਿਖਾਏ ਜਾਂਦੇ 'ਰੌਸ਼ਨੀ ਤੇ ਆਵਾਜ਼' ਪ੍ਰੋਗਰਾਮ ਵਿੱਚ ਪੰਜਾਬੀਆਂ ਤੇ ਖ਼ਾਸਕਰ ਸਿੱਖਾਂ ਵੱਲੋਂ ਆਜ਼ਾਦੀ ਸੰਗਰਾਮ ਵਿਚ ਪਾਏ ਯੋਗਦਾਨ ਨੂੰ ਅਣਗੌਲਿਆ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਇਕ ਮੁਕੰਮਲ ਰਿਪੋਰਟ ਵਾਪਸੀ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸੌਂਪੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੈਲੂਲਰ ਜੇਲ੍ਹ ਵਿੱਚ ਕੈਦਾਂ ਕੱਟਣ ਵਾਲੇ ਸਿੱਖ ਯੋਧਿਆਂ ਸਬੰਧੀ ਹਰ ਕਿਸਮ ਦਾ ਉਪਲਬਧ ਰਿਕਾਰਡ ਉਹ ਪੋਰਟ ਬਲੇਅਰ ਵਿੱਚ ਇਕੱਠਾ ਕਰਨ ਦਾ ਯਤਨ ਕਰ ਰਹੇ ਹਨ। ਇਸ ਵਫ਼ਦ ਵਿਚ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਸਣੇ ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ, ਵਧੀਕ ਸਕੱਤਰ ਹਰਭਜਨ ਸਿੰਘ ਮਨਾਵਾਂ, ਡਾ. ਧਰਮਿੰਦਰ ਸਿੰਘ ਉੱਭਾ, ਡਾ. ਪਰਮਵੀਰ ਸਿੰਘ, ਗੁਰਦਰਸ਼ਨ ਸਿੰਘ ਬਾਹੀਆ ਅਤੇ ਜਗਤਾਰ ਸਿੰਘ ਸ਼ਾਮਲ ਹਨ। ਅੰਡੇਮਾਨ ਨਿਕੋਬਾਰ ਸੈਲੂਲਰ ਜੇਲ੍ਹ ਵਿੱਚ ਗਦਰ ਪਾਰਟੀ, ਕਾਮਾਗਾਟਾ ਮਾਰੂ ਅਤੇ ਬੱਬਰ ਅਕਾਲੀ ਲਹਿਰ ਨਾਲ ਸਬੰਧਤ ਕਈ ਆਗੂ ਤੇ ਵਰਕਰ ਕੈਦ ਕੱਟ ਚੁੱਕੇ ਹਨ।




# ਪਾਰਟੀ ਛੱਡਣ ਵਾਲੇ 'ਆਪ' ਆਗੂਆਂ ਦਾ ਕੀਤਾ ਜਾਵੇਗਾ ਤਿੱਖਾ ਵਿਰੋਧ : ਗਾਖਲ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਐਨ.ਆਰ.ਆਈ. ਭਰਾਵਾਂ ਦੀ ਨੁਮਾਇੰਦਗੀ ਕਰਦਿਆਂ ਉੱਘੇ ਕਬੱਡੀ ਪ੍ਰੋਮੋਟਰ ਅਤੇ ਕਾਰੋਬਾਰੀ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪੰਜਾਬ 'ਚ ਚਾਹੇ ਲਾਲ ਬੱਤੀ ਕਲਚਰ ਖਤਮ ਕਰਨ ਦੀ ਗੱਲ ਹੋਈ ਹੈ ਜਾਂ ਹੋਰ ਤਬਦੀਲੀਆਂ ਕੀਤੀਆਂ ਜਾ ਰਹੀਆਂ ਅਸਲ ਵਿਚ ਉਹ ਆਮ ਆਦਮੀ ਪਾਰਟੀ ਦਾ ਹੀ ਮਿਸ਼ਨ ਸੀ ਜੋ ਅੰਦਰੂਨੀ ਸਿਆਸੀ ਚਾਲਾਂ ਕਰਕੇ ਸੱਤਾ ਵਿਚ ਨਹੀਂ ਆ ਸਕੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਪੰਜਾਬੀਆਂ ਨੇ ਪੰਜਾਬ ਨੂੰ ਆਰਥਿਕ ਤੌਰ 'ਤੇ ਸਹੀ ਦਿਸ਼ਾ ਵੱਲ ਲਿਜਾਣ ਲਈ ਅਤੇ ਇਸ ਨੂੰ ਨਸ਼ਾ ਮੁਕਤ ਕਰਨ ਦਾ ਸੰਕਲਪ ਲੈ ਕੇ ਆਮ ਆਦਮੀ ਪਾਰਟੀ ਦੀ ਖੁੱਲ੍ਹ ਕੇ ਮਦਦ ਕੀਤੀ ਸੀ। ਵਿਦੇਸ਼ੀ ਕਿਸੇ ਪਾਰਟੀ ਦੇ ਹੱਕ ਵਿਚ ਨਹੀਂ ਸਨ ਸਗੋਂ ਪੰਜਾਬ ਦੇ ਮੱਥੇ ਤੋਂ ਚਿੰਤਾਵਾਂ ਦਾ ਮੁੜ੍ਹਕਾ ਪੂੰਝਣ ਲਈ ਆਮ ਆਦਮੀ ਪਾਰਟੀ ਦੀ ਆਰਥਿਕ ਅਤੇ ਇਖ਼ਲਾਕੀ ਮਦਦ ਕਰਨ ਲਈ ਅੱਗੇ ਆਏ ਸਨ। ਉਨ੍ਹਾਂ ਕਿਹਾ ਕਿ ਉਹ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦਾ ਉਦੋਂ ਤੱਕ ਸਮਰਥਨ ਕਰਦੇ ਰਹਿਣਗੇ ਜਦੋਂ ਤੱਕ ਪਾਰਟੀ ਆਪਣੇ ਆਦਰਸ਼ਾਂ ਅਤੇ ਲੋਕ ਪੱਖੀ ਸੋਚ ਦੀ ਧਾਰਨਾ ਉੱਤੇ ਚੱਲਦੀ ਰਹੇਗੀ। ਸ. ਗਾਖਲ ਨੇ ਚਿੰਤਾ ਜ਼ਾਹਰ ਕੀਤੀ ਕਿ 'ਆਪ' ਦੇ ਚੁਣੇ ਗਏ ਨੁਮਾਇੰਦਿਆਂ ਦੀ ਚੁੱਪ ਪਾਰਟੀ ਲਈ ਨੁਕਸਾਨਦੇਹ ਹੈ ਅਤੇ ਇਹ ਵੀ ਕਨਸੋਆਂ ਮਿਲ ਰਹੀਆਂ ਹਨ ਕਿ ਪਾਰਟੀ 'ਚੋਂ ਕੁਝ ਲੋਕ ਦੂਜੀਆਂ ਪਾਰਟੀਆਂ ਵੱਲ ਜਾਣ ਦੀ ਅੰਗੜਾਈ ਲੈਣ ਲੱਗ ਪਏ ਹਨ। ਇਹ ਵਿਦੇਸ਼ੀ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਗਲਾ ਘੁੱਟਣ ਬਰਾਬਰ ਹੋਵੇਗਾ। ਜੇ ਜਿੱਤੇ ਜਾ ਹਾਰੇ ਪਾਰਟੀ ਨੁਮਾਇੰਦਿਆਂ 'ਚੋਂ ਕੋਈ ਹੋਰ ਪਾਰਟੀ ਜੁਆਇੰਨ ਕਰਦਾ ਹੈ ਤਾਂ ਐਨ.ਆਰ.ਆਈ. ਭਰਾ ਉਸ ਦਾ ਵਿਰੋਧ ਹੀ ਨਹੀਂ ਕਰਨਗੇ ਸਗੋਂ ਵਿਦੇਸ਼ਾਂ 'ਚ ਆਉਣ 'ਤੇ ਖਾਸ ਤੌਰ 'ਤੇ ਉੱਤਰੀ ਅਮਰੀਕਾ ਵਿਚ ਉਨ੍ਹਾਂ ਨੂੰ ਲਾਹਣਤ ਵੀ ਪਾਈ ਜਾਵੇਗੀ। ਉਨ੍ਹਾਂ ਹਾਰਾਂ ਜਿੱਤਾਂ ਦੀ ਗੱਲ ਨੂੰ ਪਰ੍ਹੇ ਰੱਖਦਿਆਂ ਕਿਹਾ ਕਿ ਇਹ ਹੁੰਦੀਆਂ ਰਹਿੰਦੀਆਂ ਨੇ ਪਰ ਪਾਰਟੀ ਨੂੰ ਆਪਣੇ ਅਸੂਲਾਂ ਦੀ ਪਹਿਰੇਦਾਰੀ ਕਰਦੇ ਰਹਿਣਾ ਚਾਹੀਦਾ ਹੈ।

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ‘ਆਪ’ ਵਿਧਾਇਕ ਅਮਾਨਤੁੱਲਾ ਖਾਨ ਨੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਤੋਂ ਦਿੱਤਾ ਅਸਤੀ.ਫਾ

ਨਵੀਂ ਦਿੱਲੀ/ਬਿਊਰੋ ਨਿਊਜ਼ : ਦਿੱਲੀ ਨਿਗਮ ਚੋਣਾਂ ਵਿਚ ਹਾਰ ਤੋਂ ਬਾਅਦ ‘ਆਪ’ ਵਿਚ ਕਲੇਸ਼ ਲਗਾਤਾਰ ਵਧਦਾ ਜਾ ਰਿਹਾ ਹੈ। ਹੁਣ ਤਾਜ਼ਾ ਮਾਮਲੇ ਵਿਚ ਦਿੱਲੀ ਤੋਂ ਪਾਰਟੀ ਦੇ ਵਿਧਾਇਕ ਅਤੇ ਹਾਲ ਹੀ ਵਿਚ ‘ਆਪ’ ਨੇਤਾ ਕੁਮਾਰ ਵਿਸ਼ਵਾਸ ’ਤੇ ਗੰਭੀਰ ਦੋਸ਼ ਲਾਉਣ ਵਾਲੇ ਅਮਾਨਤੁੱਲਾ ਖਾਨ ਨੇ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਵਿਚੋਂ ਅਸਤੀਫਾ ਦੇ ਦਿੱਤਾ ਹੈ। ਪਾਰਟੀ ਨੇ ਉਨ੍ਹਾਂ ਦਾ ਅਸਤੀ.ਫਾ ਪਰਵਾਨ ਕਰ ਲਿਆ ਹੈ। ਦਰਅਸਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਗ੍ਰਹਿ ਵਿਚ ਇਹ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਹੋਈ। ਬੈਠਕ ਵਿਚ ਕੇਜਰੀਵਾਲ ਤੋਂ ਇਲਾਵਾ ਮੁਨੀਸ਼ ਸਿਸੋਦੀਆ, ਸੰਜੇ ਸਿੰਘ, ਆਸ਼ੂਤੋਸ਼ ਤੇ ਹੋਰ ਕਈ ਸੀਨੀਅਰ ਆਗੂ ਸ਼ਾਮਲ ਸਨ। ਹਾਲਾਂਕਿ ਕੁਮਾਰ ਵਿਸ਼ਵਾਸ ਬੈਠਕ ਵਿਚ ਨਹੀਂ ਸਨ। ਬੈਠਕ ਸ਼ੁਰੂ ਹੁੰਦਿਆਂ ਹੀ ਕੁਝ ਮੈਂਬਰਾਂ ਨੇ ਕੁਮਾਰ ਵਿਸ਼ਵਾਸ ’ਤੇ ਅਮਾਨਤੁੱਲਾ ਖਾਨ ਵੱਲੋਂ ਲਗਾਏ ਗਏ ਦੋਸ਼ਾਂ ਦਾ ਵਿਰੋਧ ਕੀਤਾ,



ਜਿਸ ਤੋਂ ਬਾਅਦ ਅਮਾਨਤੁੱਲਾ ਖਾਨ ਨੇ ਬੈਠਕ ਦੇ ਵਿਚਾਲੇ ਹੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਤੇ ਬਾਹਰ ਚਲੇ ਗਏ। ਅਸਤੀਫੇ ਤੋਂ ਬਾਅਦ ਵੀ ਉਹ ਆਪਣੇ ਬਿਆਨ ’ਤੇ ਕਾਇਮ ਹਨ। ਦਰਅਸਲ ਪਾਰਟੀ ਦੇ ਕਈ ਨੇਤਾ ਕੁਮਾਰ ਵਿਸ਼ਵਾਸ ਦੇ ਸਮਰਥਨ ਵਿਚ ਆ ਗਏ ਸਨ, ਪੰਜਾਬ ਦੇ ਵੀ ਕਈ ਵਿਧਾਇਕਾਂ ਨੇ ਅਮਾਨਤੁੱਲਾ ਖਾਨ ਨੂੰ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਵਿਚੋਂ ਬਾਹਰ ਕੱਢਣ ਦੀ ਮੰਗ ਕੀਤੀ ਸੀ। ਇਸ ਲਈ ਕੇਜਰੀਵਾਲ ਨੂੰ ਚਿੱਠੀ ਵੀ ਲਿਖੀ ਗਈ ਸੀ। ਦੱਸਣਯੋਗ ਹੈ ਕਿ ਹਾਲ ਹੀ ਵਿਚ ਕੁਮਾਰ ਵਿਸ਼ਵਾਸ ਨੇ ਪਾਰਟੀ ਦੀ ਉੱਚ ਲੀਡਰਸ਼ਿਪ ਦੇ ਕੰਮ ਕਰਨ ਦੇ ਤਰੀਕੇ ’ਤੇ ਸਵਾਲ ਉਠਾਉਂਦਿਆ ਕਈ ਗਲਤ ਫੈਸਲੇ ਲੈਣ ਦੇ ਇਲਜ਼ਾਮ ਲਾਏ ਸਨ ਤੇ ਮੰਤਰੀ ਕਪਿਲ ਮਿਸ਼ਰਾ ਨੇ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਈ ਸੀ। ਕਪਿਲ ਮਿਸ਼ਰਾ ਦੇ ਇਸ ਬਿਆਨ ਦੇ ਜਵਾਬ ਵਿਚ ‘ਆਪ’ ਦੇ ਵਿਧਾਇਕ ਅਮਾਨਤੁੱਲਾ ਖਾਨ ਨੇ ਕੁਮਾਰ ਵਿਸ਼ਵਾਸ ’ਤੇ ਪਾਰਟੀ ਵਿਚ ਫੁੱਟ ਪਾਉਣ ਦਾ ਇਲਜ਼ਾਮ ਲਗਾਉਂਦਿਆ ਕਿਹਾ ਹੈ ਕਿ ਉਹ ਭਾਜਪਾ ਦੇ ਇਸ਼ਾਰੇ ’ਤੇ ਕੰਮ ਕਰ ਰਹੇ ਹਨ। ਭਾਵੇਂ ਕੇਜਰੀਵਾਲ ਹੁਣ ਕੁਮਾਰ ਵਿਸ਼ਵਾਸ ਨੂੰ ਆਪਣਾ ਛੋਟਾ ਭਰਾ ਦੱਸ ਰਹੇ ਹਨ ਪਰ ਇਸ ਗੱਲ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਹੈ ਕਿ ਕੇਜਰੀਵਾਲ ਤੋਂ ਬਾਅਦ ਪਾਰਟੀ ਵਿਚ ਸਭ ਤੋਂ ਵੱਧ ਹਰਮਨ ਪਿਆਰੇ ਮੰਨੇ ਜਾਂਦੇ ਨੇਤਾ ਕੁਮਾਰ ਵਿਸ਼ਵਾਸ ਨੂੰ ਪਾਰਟੀ ਵਿਚ ਕਦੇ ਵੀ ਬਣਦੀ ਅਹਿਮੀਅਤ ਨਹੀਂ ਦਿੱਤੀ ਗਈ।

# ਡਾ. ਧਰਮਵੀਰ ਗਾਂਧੀ ਨੇ ਭਗਵੰਤ ਮਾਨ ਦੀ ਥਾਪੜੀ ਪਿੱਠ



**ਚਰਨਜੀਤ ਭੁੱਲਰ**

ਬਠਿੰਡਾ : ਆਮ ਆਦਮੀ ਪਾਰਟੀ ਤੋਂ ਮੁਅੱਤਲਸ਼ੁਦਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪਾਰਟੀ ਤੋਂ ਬਾ.ਗੀ ਸੁਰਾਂ ਅਲਾਪ ਰਹੇ ਐਮਪੀ ਭਗਵੰਤ ਮਾਨ ਦੀ ਪਿੱਠ ਥਾਪੜਦਿਆਂ ਆਖਿਆ ਕਿ ਭਗਵੰਤ ਮਾਨ ਨੇ ਜੋ ਕਿਹਾ ਸਹੀ ਕਿਹਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਪੰਜਾਬ ਦਾ ਅਸਾਸਾ ਹੈ, ਜਿਸ ਨੂੰ ‘ਆਪ’ ਨੇ ਬੁਰੀ ਤਰ੍ਹਾਂ ਵਰਤਿਆ। ‘ਆਪ’ ਨੇ ਭਗਵੰਤ ਮਾਨ ਦੀ ਸਿਹਤ ਦਾ ਖਿਆਲ ਰੱਖੇ ਬਿਨਾਂ ਉਸ ਨੂੰ ਚੋਣਾਂ ਵਿਚ ਬੇਲੋੜਾ ਖਿੱਚਿਆ, ਜਿਸ ਦਾ ਉਸ ਦੀ ਸਿਹਤ ’ਤੇ ਵੀ ਮਾੜਾ ਅਸਰ ਪਿਆ।

ਉਨ੍ਹਾਂ ਆਖਿਆ ਕਿ ਚੋਣਾਂ ਵਿਚ ‘ਆਪ’ ਦੇ ਹਾਰਨ ਦੇ ਬਾਵਜੂਦ ਪੰਜਾਬ ਵਿਚ ਅੱਜ ਵੀ ਭਗਵੰਤ ਮਾਨ ‘ਨੰਬਰ ਵੰਨ’ ਹੈ, ਕਿਉਂਕਿ ਉਸ ਵਿਚ ਬਹੁਤ ਸਮਰੱਥਾ ਹੈ। ਦੱਸਣਯੋਗ ਹੈ ਕਿ ਭਗਵੰਤ ਮਾਨ ਵਲੋਂ ਲੀਡਰਸ਼ਿਪ ਖ਼ਿਲਾਫ਼ ਦਿੱਤੇ ਬਿਆਨ ਮਗਰੋਂ ਸਿਆਸਤ ਵਿਚ ਹਲਚਲ ਮੱਚੀ ਹੋਈ ਹੈ। ਡਾ. ਗਾਂਧੀ ਨੇ ਆਖਿਆ ਕਿ ਭਗਵੰਤ ਮਾਨ ਪੂਰੀ ਤਰ੍ਹਾਂ ਇਲਾਕਾਈ ਸਿਆਸਤ ਲਈ ਫਿੱਟ ਹੈ ਅਤੇ ਉਸ ਵਿਚ ਪੰਜਾਬ ਪੱਖੀ ਸੋਚ ਅਤੇ ਦਰਦ ਹੈ। ਉਨ੍ਹਾਂ ਆਖਿਆ ਕਿ ਅਕਾਲੀ ਦਲ ਹੁਣ ਭਗੌੜਾ ਹੋ ਚੁੱਕਾ ਹੈ ਅਤੇ ਕੇਂਦਰ ਦੀ ਝੋਲੀ ਪੈ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇਸ ਵੇਲੇ ‘ਲਾਵਾਰਸ’ ਹੈ ਤੇ ਭਗਵੰਤ ਮਾਨ ਨੂੰ ਪੰਜਾਬ ਦਾ ਏਜੰਡਾ ਲੈ ਕੇ ਨਿੱਤਰਨਾ ਚਾਹੀਦਾ ਹੈ। ਭਗਵੰਤ ਮਾਨ ਨੂੰ ਪੰਜਾਬ ਪੱਖੀ ਸੋਚ ਰੱਖਣ ਵਾਲੀਆਂ ਧਿਰਾਂ ਨਾਲ ਖੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਚੋਣਾਂ ਮਗਰੋਂ ਲੰਮੀ ਸੋਚ ਵਿਚਾਰ ਉਪਰੰਤ ਬਹੁਤ ਹੀ ਸੁਲਝੇ ਹੋਏ ਵਿਚਾਰ ਰੱਖੇ ਹਨ, ਜੋ ਉਸ ਦੀ ਗੰਭੀਰਤਾ ਦੇ ਗਵਾਹ ਹਨ। ਡਾ. ਗਾਂਧੀ ਨੇ ਇਥੋਂ ਤੱਕ ਕਿਹਾ ਕਿ ‘ਆਪ’ ਨੇ ਜਾਣ ਬੁੱਝ ਕੇ ਭਗਵੰਤ ਮਾਨ ਨੂੰ ਜਲਾਲਾਬਾਦ ਵਿਚ ਫਸਾਇਆ ਸੀ, ਜਦੋਂ ਕਿ ਉਸ ਨੂੰ ਸੁਰੱਖਿਅਤ ਹਲਕੇ ਤੋਂ ਚੋਣ ਲੜਾਈ ਜਾਣੀ ਚਾਹੀਦੀ ਸੀ। ਉਨ੍ਹਾਂ ਆਖਿਆ ਕਿ ਇਲਾਕਾਈ ਪਾਰਟੀ ਲਈ ਭਗਵੰਤ ਮਾਨ ਯੋਗ ਹੈ।

### ਹੁਣ ਬੋਲਣ ਦਾ ਕੋਈ .ਫਾਇਦਾ ਨਹੀਂ : ਛੋਟੇਪੁਰ

‘ਆਪ’ ਦੇ ਸਾਬਕਾ ਸੂਬਾ ਕਨਵੀਨਰ ਤੇ ‘ਆਪਣਾ ਪੰਜਾਬ’ ਪਾਰਟੀ ਦੇ ਮੁਖੀ ਸੁੱਚਾ ਸਿੰਘ ਛੋਟੇਪੁਰ ਨੇ ਆਖਿਆ ਕਿ ਜੇ ਭਗਵੰਤ ਮਾਨ ਪਹਿਲਾਂ ਇਹ ਗੱਲ ਖੁੱਲ੍ਹ ਕੇ ਰੱਖਦਾ ਤਾਂ ਅੱਜ ਪੰਜਾਬ ਦੇ ਸਿਆਸੀ ਹਾਲਾਤ ਹੋਰ ਹੀ ਹੋਣੇ ਸਨ। ਉਨ੍ਹਾਂ ਆਖਿਆ ਕਿ ਸਮਾਂ ਲੰਘਣ ਮਗਰੋਂ ਰੱਖੀ ਗੱਲ ਦਾ ਹੁਣ ਕੋਈ ਫਾਇਦਾ ਨਹੀਂ।

### ਕੇਜਰੀਵਾਲ ਨੇ ਮਾਨ ਨੂੰ ਬਥੇਰਾ ਸਮਝਾਇਆ: ਜਰਨੈਲ ਸਿੰਘ

‘ਆਪ’ ਦੀ ਪੰਜਾਬ ਇਕਾਈ ਦੇ ਸਹਿ-ਇੰਚਾਰਜ ਜਰਨੈਲ ਸਿੰਘ ਨੇ ਕਿਹਾ ਕਿ ਭਗਵੰਤ ਮਾਨ ਦੀ ਸਲਾਹ ’ਤੇ ਹੀ ਪਾਰਟੀ ਨੇ ਉਨ੍ਹਾਂ ਨੂੰ ਲੰਬੀ ਹਲਕੇ ਤੋਂ ਚੋਣ ਲੜਾਈ ਸੀ ਅਤੇ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦੇ ਉਮੀਦਵਾਰ ਨਾ ਐਲਾਨਣਾ ਸਮੁੱਚੀ ਪਾਰਟੀ ਦਾ ਫੈਸਲਾ ਸੀ। ਇਸ ਕਾਰਨ ਹੁਣ ਸ੍ਰੀ ਮਾਨ ਨੂੰ ਕਿੰਤੂ ਕਰਨ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਸ੍ਰੀ ਮਾਨ ਉਪਰ ਵਿਰੋਧੀਆਂ ਵਲੋਂ ਸ਼ਰਾਬ ਪੀਣ ਦੇ ਦੋਸ਼ ਲਾਉਣ ਸਮੇਤ ਇਸ ਸਬੰਧ ਵਿਚ ਉਨ੍ਹਾਂ ਦੀਆਂ ਕਈ ਵੀਡੀਓਜ਼ ਵੀ ਜਨਤਕ ਹੋਈਆਂ ਹਨ।

# ਕੇਜਰੀਵਾਲ...ਕੇਜਰੀਵਾਲ... ਇਹ ਕੀ ਹੋ ਗਿਆ ‘ਆਪ’ ਨਾਲ

**ਤਰਲੋਚਨ ਸਿੰਘ**




ਚੰਡੀਗੜ੍ਹ : ਆਦਮੀ ਪਾਰਟੀ (ਆਪ) ਦੀਆਂ ਲਗਾਤਾਰ ਹਾਰਾਂ ਤੋਂ ਬਾਅਦ ਪਾਰਟੀ ਦੇ ਸੀਨੀਅਰ ਆਗੂਆਂ ਨੇ ਖੁਦ ਪਾਰਟੀ ਦੇ ਗੁੱਝੇ ਭੇਤ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਪਾਰਟੀ ਦੇ ਸੀਨੀਅਰ ਆਗੂ ਐਚ.ਐਸ. ਫੂਲਕਾ ਨੇ ਅਹਿਮ ਖੁਲਾਸਾ ਕਰਦਿਆਂ ਕਿਹਾ ਕਿ ਉਨ੍ਹਾਂ ਮਨਪ੍ਰੀਤ ਬਾਦਲ, ਨਵਜੋਤ ਸਿੱਧੂ, ਪਰਗਟ ਸਿੰਘ, ਜਗਮੀਤ ਬਰਾੜ ਸਣੇ ਕੁਝ ਵੱਡੇ ਕਾਂਗਰਸੀ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਬੜੇ ਯਤਨ ਕੀਤੇ ਸਨ, ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਕੁਝ ਆਗੂਆਂ ਨੇ ਆਪਣੀਆਂ ਮੁੱਖ ਮੰਤਰੀ ਦੀਆਂ ਉਮੀਦਵਾਰੀਆਂ ਤੇ ਹੋਰ ਚੌਧਰਾਂ ਲਈ ਪਾਰਟੀ ਵਿਚ ਸ਼ਾਮਲ ਹੋਣ ਵਾਸਤੇ ਪੂਰੀ ਤਰ੍ਹਾਂ ਤਿਆਰ ਪੰਜਾਬ ਦੇ ਕਈ ਪ੍ਰਮੁੱਖ ਨੇਤਾਵਾਂ ਲਈ ‘ਆਪ’ ਦੇ ਬੂਹੇ ਬੰਦ ਕਰਵਾ ਦਿੱਤੇ। ਦੱਸਣਯੋਗ ਹੈ ਕਿ ਉਨ੍ਹਾਂ ਭਾਵੇਂ ਨਾਂ ਨਹੀਂ ਲਿਆ ਪਰ ਉਨ੍ਹਾਂ ਦਾ ਇਸ਼ਾਰਾ ‘ਆਪ’ ਦੇ ਸੰਸਦ ਮੈਂਬਰ ਭਗਵੰਤ ਮਾਨ ਵੱਲ ਸੀ, ਜੋ ਪਾਰਟੀ ਵੱਲੋਂ ਮੁੱਖ ਮੰਤਰੀ ਵਜੋਂ ਉਮੀਦਵਾਰੀ ਦੇ ਮੁੱਖ ਦਾਅਵੇਦਾਰ ਸਨ। ਸ੍ਰੀ ਫੂਲਕਾ ਨੇ ਕਿਹਾ ਕਿ ਕੁਝ ਆਗੂ ‘ਆਪ’ ਵਿਚ ਸ਼ਮੂਲੀਅਤ ਦੇ ਯਤਨ ਫੇਲ੍ਹ ਹੋਣ ਤੋਂ ਬਾਅਦ ਹੀ ਕਾਂਗਰਸ ਵਿਚ ਸ਼ਾਮਲ ਹੋਏ। ਸ੍ਰੀ ਫੂਲਕਾ ਨੇ ਕਿਹਾ ਕਿ ਉਨ੍ਹਾਂ ਕਦੇ ਦੁਰਗੇਸ਼ ਪਾਠਕ ਜਾਂ ਸੰਜੇ ਸਿੰਘ ਦੀ ਅਗਵਾਈ ਨਹੀਂ ਲਈ, ਸਗੋਂ ਹਮੇਸ਼ਾ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਮੁਤਾਬਕ ਹੀ ਚੱਲੇ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਾਇਦ ਇਹੋ ਕਾਰਨ ਸੀ ਕਿ ਇਕ ਵਾਰ ਪਾਰਟੀ ਦੇ ਪੰਜਾਬ ਵਿਚ ਲੱਗੇ ਪੋਸਟਰਾਂ ਵਿਚੋਂ ਉਨ੍ਹਾਂ ਦੀਆਂ ਤਸਵੀਰਾਂ ਤੱਕ ਹਟਾ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੂੰ ਵੱਡੇ ਫੈਸਲੇ ਲੈਣ ਵੇਲੇ ਦੂਰ ਹੀ ਰੱਖਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਪਾਰਟੀ ਬਾਰੇ ਜੋ ਅੱਜ ਸੰਸਦ ਮੈਂਬਰ ਭਗਵੰਤ ਮਾਨ ਆਖ ਰਹੇ ਹਨ, ਉਹ ਇਹ ਸਭ ਕੁਝ 2015 ਤੋਂ ਕਹਿੰਦੇ ਆਏ ਹਨ, ਜਦੋਂ ਅਜਿਹਾ ਕਹਿਣ ਦੀ ਲੋੜ ਸੀ। ਇਹੋ ਕਾਰਨ ਹੈ ਕਿ ਉਨ੍ਹਾਂ ਨੂੰ ਟਿਕਟਾਂ ਵੰਡਣ ਵਾਲੀ ਕਿਸੇ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਅਤੇ ਨਾ ਉਹ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਦੇ ਮੈਂਬਰ ਹਨ। ਇਸੇ ਕਾਰਨ ਇਕ ਵਾਰ ਉਨ੍ਹਾਂ ਰੋਸ ਵਜੋਂ ਅਹੁਦੇ ਵੀ ਛੱਡ ਦਿੱਤੇ ਸਨ। ਉਨ੍ਹਾਂ ਕਿਹਾ ਕਿ ਸ੍ਰੀ ਮਾਨ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਟਿਕਟਾਂ ਵੰਡਣ ਵੇਲੇ ਪੁੱਛਿਆ ਨਹੀਂ ਗਿਆ ਜਦਕਿ ਉਹ ਟਿਕਟਾਂ ਵੰਡਣ ਵਾਲੀਆਂ ਪੰਜਾਬ ਦੀਆਂ ਦੋ ਅਹਿਮ ਕਮੇਟੀਆਂ ਸਮੇਤ ਪੀਏਸੀ ਦੇ ਵੀ ਮੈਂਬਰ ਹਨ। ਜੇ ਉਨ੍ਹਾਂ ਨੂੰ ਪੁੱਛਿਆ ਨਹੀਂ ਗਿਆ ਤਾਂ ਉਨ੍ਹਾਂ ਨੂੰ ਉਦੋਂ ਹੀ ਬੋਲਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਉਹ ਤਾਂ ਇਸ ਸਾਰੀ ਪ੍ਰਕਿਰਿਆ ਤੋਂ ਬਾਹਰ ਸਨ, ਪਰ ਸ੍ਰੀ ਮਾਨ ਪ੍ਰਕਿਰਿਆ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਣ ਕਾਰਨ ਜ਼ਿਆਦਾ ਜਾਣਦੇ ਹੋਣਗੇ ਕਿ ਟਿਕਟਾਂ ਵੰਡਣ ਵੇਲੇ ਅੰਦਰਖਾਤੇ ਕੀ-ਕੁਝ ਚੱਲਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮਾਨ ਦਾ ਇਹ ਕਥਨ ਠੀਕ ਹੈ ਕਿ ਪਾਰਟੀ ਦੀ ਹਾਰ ਦਾ ਇਕ ਕਾਰਨ ਮੁੱਖ ਮੰਤਰੀ ਦਾ ਉਮੀਦਵਾਰ ਨਾ ਐਲਾਨਣਾ ਹੈ। ਉਨ੍ਹਾਂ ਕਿਹਾ ਕਿ ਉਹ ਬਹੁਤ ਸਪਸ਼ਟ ਹਨ ਕਿ ਹਾਈਕਮਾਂਡ ਦੇ ਲੀਡਰਾਂ ਨੂੰ ਪੰਜਾਬ ਵਿਚ ਅਬਜ਼ਰਵਰਾਂ ਦੀ ਭੂਮਿਕਾ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੁਣ ਵੀ ਉਹ ਸ੍ਰੀ ਕੇਜਰੀਵਾਲ ਦੀ ਸੇਧ ਅਨੁਸਾਰ ਕੰਮ ਕਰ ਰਹੇ ਹਨ ਅਤੇ 1 ਮਈ ਨੂੰ ਸਮੂਹ ਵਿਧਾਇਕਾਂ ਨਾਲ ਪੰਜਾਬ ਯਾਤਰਾ ਕਰਕੇ ਲੋਕਾਂ ਕੋਲੋਂ ਮੁੱਦਿਆਂ ਦੀ ਜਾਣਕਾਰੀ ਹਾਸਲ ਕਰਨਗੇ ਤਾਂ ਕਿ ਪੰਜਾਬ ਵਿਧਾਨ ਸਭਾ ਦੇ ਆ ਰਹੇ ਸੈਸ਼ਨ ਦੌਰਾਨ ਇਹ ਮੁੱਦੇ ਉਠਾਏ ਜਾ ਸਕਣ।

# ਹਾਰ ਦੇ ਕਾਰਨਾਂ ਦਾ ਮੰਥਨ ਕਰਨ ਲਈ ਹਾਈਕਮਾਨ ਨੇ ਹਾਲੇ ਤਕ ਸੰਪਰਕ ਨਹੀਂ ਕੀਤਾ : ਗੁਰਪ੍ਰੀਤ ਵੜੈਚ

## ਸੰਜੇ ਤੇ ਪਾਠਕ ਦੇ ਅਸਤੀ.ਫਿਆਂ ਮਗਰੋਂ ਪਾਰਟੀ ’ਚ ਲਾਵਾਰਸੀ ਵਰਗਾ ਮਾਹੌਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਆਗੂ ਐਚ ਐਸ ਫੂਲਕਾ ਵੱਲੋਂ ਹਾਰ ਦੇ ਕਈ ਖ਼ੁਲਾਸੇ ਕੀਤੇ ਜਾਣ ਤੋਂ ਬਾਅਦ ਹੁਣ ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਵੀ ਹਾਈਕਮਾਨ ਖ਼ਿਲਾਫ਼ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਦੂਜੇ ਪਾਸੇ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਅਤੇ ਜਥੇਬੰਦਕ ਢਾਂਚੇ ਦੇ ਮੁਖੀ ਦੁਰਗੇਸ਼ ਪਾਠਕ ਵੱਲੋਂ ਆਪਣੇ ਅਸਤੀ.ਫੇ ਸੌਂਪੇ ਜਾਣ ਕਾਰਨ ‘ਆਪ’ ਵਿੱਚ ਲਾਵਾਰਸੀ ਦਾ ਮਾਹੌਲ ਪੈਦਾ ਹੋ ਗਿਆ ਹੈ।

ਸ੍ਰੀ ਵੜੈਚ ਨੇ ਖ਼ੁਲਾਸਾ ਕੀਤਾ ਕਿ ਪਾਰਟੀ ਹਾਈਕਮਾਨ ਨੇ ਉਨ੍ਹਾਂ ਨਾਲ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਲਈ ਅੱਜ ਤੱਕ ਸੰਪਰਕ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ 11 ਮਾਰਚ ਨੂੰ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਉਨ੍ਹਾਂ ਦੀ ਮਹਿਜ਼ ਇਕ ਵਾਰ ਹੀ ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਨਾਲ ਕੁਝ ਮਿੰਟਾਂ ਲਈ ਹੀ ਮੁਲਾਕਾਤ ਹੋਈ। ਉਨ੍ਹਾਂ ਕਿਹਾ ਕਿ ਪਾਰਟੀ ਲਈ ਕਈ ਮਹੀਨੇ ਦਿਨ-ਰਾਤ ਕੰਮ ਕਰਦੇ ਰਹੇ ਵਾਲੰਟੀਅਰਾਂ ਵਿੱਚ ਇਸ ਵੇਲੇ ਭਾਰੀ ਮਾਯੂਸੀ ਦਾ ਦੌਰ ਚੱਲ ਰਿਹਾ ਹੈ ਪਰ ਕੌਮੀ ਨੇਤਾਵਾਂ ਵੱਲੋਂ ਅਣਕਿਆਸੀ ਹਾਰ ਬਾਰੇ ਕੋਈ ਚਰਚਾ ਨਾ ਕਰਨ ਕਰ ਕੇ ਵੱਡਾ ਭੰਬਲਭੂਸਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਵੱਲੋਂ ਲਾਏ ਗਏ ਦੋਸ਼ਾਂ ਤੋਂ ਜਾਪਦਾ ਹੈ ਕਿ ਉਹ ਇਸ ਮਾਹੌਲ ਵਿੱਚ ਘੁਟਣ ਮਹਿਸੂਸ ਕਰ ਰਹੇ ਹਨ। ਇਸੇ ਤਰ੍ਹਾਂ ਸ੍ਰੀ ਐਚ.ਐਸ. ਫੂਲਕਾ ਨੇ ਵੀ ਕੁਝ ਸਵਾਲ ਉਠਾਏ ਹਨ ਅਤੇ ਹੋਰ ਵੀ ਕਈ ਲੀਡਰ ਹਾਰ ਦੇ ਕਾਰਨਾਂ ਬਾਰੇ ਕਈ ਕੁਝ ਕਹਿ ਰਹੇ ਹਨ। ਕਨਵੀਨਰ ਨੇ ਬੇਵੱਸੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਇਸ ਮੁੱਦੇ ਉਪਰ ਫਿਲਹਾਲ ਕੁਝ ਵੀ ਕਹਿਣ ਦੀ ਹਾਲਤ ਵਿੱਚ ਨਹੀਂ ਹਨ। ਸ੍ਰੀ ਵੜੈਚ ਨੇ ਕਿਹਾ ਕਿ ਉਹ ਖੁਦ ਬੜੀ ਦੁਬਿਧਾ ਵਿੱਚ ਫਸੇ ਪਏ ਹਨ ਕਿਉਂਕਿ ਵਾਲੰਟੀਅਰ ਉਨ੍ਹਾਂ ਵੱਲ ਵੇਖ ਰਹੇ ਹਨ ਪਰ ਹਾਈਕਮਾਨ ਵੱਲੋਂ ਕੋਈ ਨਵੇਂ ਦਿਸ਼ਾ-ਨਿਰਦੇਸ਼ ਨਹੀਂ ਦਿੱਤੇ ਜਾ ਰਹੇ ਅਤੇ ਪਾਰਟੀ ਨੂੰ ਬਚਾਉਣ ਲਈ ਵਾਲੰਟੀਅਰਾਂ ਨੂੰ ਤੁਰੰਤ ਨਿਰਾਸ਼ਾ ਵਿੱਚੋਂ ਕੱਢਣ ਦੀ ਲੋੜ ਹੈ। ਇਸੇ ਦੌਰਾਨ ਦੁਰਗੇਸ਼ ਪਾਠਕ ਨੇ ਪੁਸ਼ਟੀ ਕੀਤੀ ਕਿ ਸੰਜੇ ਸਿੰਘ ਅਤੇ ਉਸ ਨੇ ਪੰਜਾਬ ਇਕਾਈ ਦੇ ਅਬਜ਼ਰਵਰਾਂ ਵਜੋਂ ਅਸਤੀਫੇ ਦੇ ਦਿੱਤੇ ਹਨ। ਸ੍ਰੀ ਦੁਰਗੇਸ਼ ਨੇ ਖ਼ੁਲਾਸਾ ਕੀਤਾ ਕਿ ਉਨ੍ਹਾਂ 11 ਮਾਰਚ ਨੂੰ ਪੰਜਾਬ ਦੇ ਨਤੀਜੇ ਆਉਣ ਤੋਂ ਤੁਰੰਤ ਬਾਅਦ ਹੀ ਅਸਤੀਫੇ ਸ੍ਰੀ ਕੇਜਰੀਵਾਲ ਨੂੰ ਸੌਂਪ ਦਿੱਤੇ ਸਨ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਨਗਰ ਨਿਗਮ ਚੋਣਾਂ ਕਾਰਨ ਉਨ੍ਹਾਂ ਦੇ ਅਸਤੀਫਿਆਂ ਦਾ ਜਨਤਕ ਤੌਰ ’ਤੇ ਜ਼ਿਕਰ ਨਹੀਂ ਕੀਤਾ ਗਿਆ ਸੀ। ਸ੍ਰੀ ਪਾਠਕ ਨੇ ਕਿਹਾ ਕਿ ਹੁਣ ਪਾਰਟੀ ਵੱਲੋਂ ਪੰਜਾਬ ਲਈ ਨਵੇਂ ਆਬਜ਼ਰਵਰ ਲਾਏ ਜਾਣਗੇ।



ਨਵੀਂ ਦਿੱਲੀ : ਦਿੱਲੀ ਨਗਰ ਨਿਗਮ ਚੋਣਾਂ ਤੋਂ ਬਾਅਦ ‘ਆਪ’ ਦੀ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਅਤੇ ਸਹਿ ਇੰਚਾਰਜ ਦੁਰਗੇਸ਼ ਪਾਠਕ ਨੇ ਆਪਣੇ ਅਹੁਦਿਆਂ ਤੋਂ ਅਸਤੀ.ਫੇ ਦੇਣ ਦਾ ਐਲਾਨ ਕਰ ਦਿੱਤਾ। ਅਸਤੀ.ਫਿਆਂ ਦਾ ਦੌਰ ਬੀਤੇ ਦਿਨੀਂ ਦਿੱਲੀ ਦੇ ‘ਆਪ’ ਦੇ ਕਨਵੀਨਰ ਦਲੀਪ ਪਾਂਡੇ ਦੇ ਅਸਤੀ.ਫੇ ਮਗਰੋਂ ਸ਼ੁਰੂ ਹੋ ਗਿਆ ਸੀ। ਪਾਰਟੀ ਦੇ ਆਗੂ ਅਸ਼ੀਸ਼ ਤਲਵਾਰ ਵੱਲੋਂ ਅਸਤੀ.ਫਾ ਦੇਣ ਦੀ ਖ਼ਬਰ ਹੈ। ਬੀਤੀ ਸ਼ਾਮ ਹੀ ਵਿਧਾਇਕ ਸੋਮਨਾਥ ਭਾਰਤੀ ਦੇ ਅਸਤੀ.ਫੇ ਦੀਆਂ ਅ.ਫਵਾਹਾਂ ਵੀ ਜ਼ੋਰਾਂ ’ਤੇ ਸਨ। ਚਾਂਦਨੀ ਚੌਕ ਤੋਂ ਵਿਧਾਇਕ ਅਲਕਾ ਲਾਂਬਾ ਨੇ ਵੀ ਹਾਰ ਮਗਰੋਂ ਆਪਣੇ ਅਸਤੀ.ਫੇ ਦੀ ਪੇਸ਼ਕਸ਼ ਕੀਤੀ ਸੀ। ਉਂਜ ਪਾਰਟੀ ਵਿੱਚ ਅਰਵਿੰਦ ਕੇਜਰੀਵਾਲ ਖ਼ਿਲਾ.ਫ ਵੀ ਆਵਾਜ਼ਾਂ ਉੱਠਣ ਲੱਗੀਆਂ ਹਨ ਪਰ ਪਾਰਟੀ ਦੇ ਕੌਮੀ ਬੁਲਾਰੇ ਆਸ਼ੂਤੋਸ਼ ਨੇ ਸ੍ਰੀ ਕੇਜਰੀਵਾਲ ਦੇ ਅਸਤੀ.ਫੇ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਦਾ ਤਰਕ ਹੈ ਕਿ ਪਾਰਟੀ ਨੇ ਚਾਰ ਸਾਲਾਂ ਦੇ ਛੋਟੇ ਜਿਹੇ ਸਮੇਂ ਵਿੱਚ ਹੀ ਇੱਕ ਸੂਬੇ ਵਿਚ ਸਰਕਾਰ ਬਣਾਈ ਹੈ ਅਤੇ ਇੱਕ ਸੂਬੇ ਵਿੱਚ ਉਹ ਮੁੱਖ ਵਿਰੋਧੀ ਧਿਰ ਹੈ। ਦਰਅਸਲ ਪੰਜਾਬ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਨੂੰ ਅਮਲੀ ਜਾਮਾ ਪਾਉਣ ਦੀ ਜ਼ਿਆਦਾਤਰ ਜ਼ਿੰਮੇਵਾਰੀ ਸੰਜੇ ਤੇ ਪਾਠਕ ਦੇ ਕੋਲ ਹੀ ਸੀ ਅਤੇ ਚੋਣਾਂ ਦੌਰਾਨ ਆਮ ਵਰਕਰਾਂ ਨੂੰ ਨਜ਼ਰ ਅੰਦਾਜ਼ ਕਰਨ ਅਤੇ ਟਿਕਟਾਂ ਵੇਚਣ ਸਬੰਧੀ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ ’ਤੇ ਕਥਿਤ ਦੋਸ਼ ਵੀ ਲੱਗੇ ਸਨ ਪਰ ਉਸ ਵੇਲੇ ਪਾਰਟੀ ਵੱਲੋਂ ਇਨ੍ਹਾਂ ਦੋਸ਼ਾਂ ਪ੍ਰਤੀ ਕੋਈ ਗੰਭੀਰਤਾ ਨਹੀਂ ਵਿਖਾਈ ਸੀ, ਜਿਸ ਤੋਂ ਬਾਅਦ ਪਾਰਟੀ ਦੇ ਆਮ ਵਰਕਰਾਂ ਵਿਚ ਕਾਫੀ ਰੋਸ ਤੇ ਨਾਰਾਜ਼ਗੀ ਹਾਲੇ ਤੱਕ ਬਰਕਰਾਰ ਸੀ। ਜਾਣਕਾਰੀ ਅਨੁਸਾਰ ਦੋਵੇਂ ਆਗੂਆਂ ਦੇ ਅਸਤੀ.ਫੇ ਮਗਰੋਂ ਪਾਰਟੀ ਹਾਈਕਮਾਨ ਨੇ ਪੰਜਾਬ ਵਿਚ ਪਾਰਟੀ ਅੰਦਰ ਟਕਰਾਅ ਟਾਲਣ ਅਤੇ ਰੋਸ ਘੱਟ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ।

ਤਿੰਨ ਹਾਈਪ੍ਰੋਫਾਇਲ ਵੈੱਪਨ ਸਕੈਮ

# 6 ਸਾਲ 'ਚ ਟ੍ਰੇਸ ਕੇਸਾਂ 'ਚ ਪੁਲੀਸ ਸਖ਼ਤ ਕਾਰਵਾਈ ਨਹੀਂ ਕਰ ਸਕੀ, ਅਸਲਾ ਤਸਕਰ ਅੱਜ ਵੀ ਚਲਾ ਰਹੇ ਹਨ ਨੈੱਟਵਰਕ

## ਪੁਲੀਸ ਦੇ ਵੀ ਕਾਰਤੂਸ ਚੋਰੀ ਕਰ ਕੇ ਨਸਕਲੀਆਂ ਨੂੰ ਭੇਜੇ ਗਏ

**ਬਠਿੰਡਾ/ਬਿਊਰੋ ਨਿਊਜ਼ :** ਵਧਦੇ ਗੈਂਗਵਾਰ ਅਤੇ ਅਪਰਾਧ ਨੂੰ ਵੇਖ ਕੇ ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਸਾਰੇ ਅਸਲਾ ਲਾਇਸੈਂਸਾਂ ਦਾ ਨਿਰੀਖਣ ਕਰਨ ਦੇ ਆਦੇਸ਼ ਦਿੱਤੇ ਹਨ, ਪਰ ਹਕੀਕਤ ਇਹ ਹੈ ਕਿ ਪਿਛਲੇ 6 ਸਾਲਾਂ 'ਚ ਟ੍ਰੇਸ ਕੀਤੇ ਵੈੱਪਨ ਸਕੈਮ 'ਚ ਸ਼ਾਮਲ ਦੋਸ਼ੀ ਹੁਣ ਵੀ ਪੁਲੀਸ ਦੀ ਪਕੜ ਤੋਂ ਬਾਹਰ ਹਨ। ਦੋਸ਼ੀਆਂ ਦਾ ਕਨੈਕਸ਼ਨ ਮਾਓਵਾਦੀਆਂ, ਨਕਸਲੀਆਂ ਨਾਲ ਸੀ ਅਤੇ ਐਨ.ਆਈ.ਏ. ਦੇ ਕੇਸ਼ਾਂ 'ਚ ਇਹ ਵਾਂਟਡ ਹਨ। ਪੰਜਾਬ 'ਚ ਇਨ੍ਹਾਂ ਵਿਰੁੱਧ ਪੁਖਤਾ ਕਾਰਵਾਈ ਨਾ ਹੋਣ ਕਾਰਨ ਅੱਜ ਵੀ ਆਪਣਾ ਨੈੱਟਵਰਕ ਚਲਾ ਰਹੇ ਹਨ। ਨਤੀਜਾ ਕੋਈ ਜ਼ਮਾਨਤ ਲੈ ਕੇ ਗਰੋਹ ਚਲਾ ਰਿਹਾ ਹੈ ਤਾਂ ਕੋਈ ਫਰਾਰ ਹੋ ਚੁੱਕਾ ਹੈ। ਇਨ੍ਹਾਂ ਗਰੋਹਾਂ ਦਾ ਫਾਇਦਾ ਚੁੱਕ ਕੇ ਗੈਂਗਸਟਰ ਹਾਈਪ੍ਰੋਫਾਇਲ ਵਿਦੇਸ਼ੀ ਹਥਿਆਰ ਆਸਾਨੀ ਨਾਲ ਹਾਸਲ ਕਰ ਕੇ ਵਾਰਦਾਤਾਂ ਕਰ ਰਹੇ ਹਨ।



2. ਫਿਰੋਜ਼ਪੁਰ ਵੈੱਪਨ ਸਕੀਮ :

ਫਿਰੋਜ਼ਪੁਰ ਦੇ ਥਾਣਾ ਗੁਰੂਹਰਸਾਏ 'ਚ 15 ਮਾਰਚ 2015 ਨੂੰ ਐਫ.ਆਈ.ਆਰ. ਨੰਬਰ 42 ਦਰਜ ਹੋਈ ਸੀ। ਜਾਂਚ 'ਚ ਜਾਲੀ ਅਸਲਾ ਲਾਇਸੈਂਸ ਬਣਾਉਣ ਅਤੇ ਇਸ ਦੇ ਆਧਾਰ 'ਤੇ ਸਰਕਾਰੀ ਆਰਡੀਨੈਂਸ ਫੈਕਟੀਆਂ ਤੋਂ ਹਥਿਆਰ ਜਾਰੀ ਕਰਵਾਉਣ ਅਤੇ ਬਿਹਾਰ ਦੀਆਂ ਗ਼ੈਰ-ਕਾਨੂੰਨੀ ਫੈਕਟਰੀਆਂ 'ਚ ਬਣਨ ਵਾਲੇ ਡੁਪਲੀਕੇਟ ਹਥਿਆਰਾਂ ਨੂੰ ਬੈਵਲੇ ਸਕੌਟ ਦਾ ਮਾਰਕਾ ਲਗਾ ਕੇ ਵੇਚਣ ਵਾਲਾ ਗਰੋਹ ਫੜਿਆ ਸੀ। ਸਰਗਨਾ ਸੀ ਕਮਲਕਾਂਤ, ਜਿਸ ਦਾ ਕਨੈਕਸ਼ਨ 2011 'ਚ ਮਾਓਵਾਦੀਆਂ ਅਤੇ ਨਕਸਲੀਆਂ ਨੂੰ ਹਥਿਆਰ ਦੇਣ ਵਾਲੇ ਅਨਿਲ ਮਿੱਡਾ ਨਾਲ ਸੀ। ਇਸ ਤੋਂ ਇਲਾਵਾ 5 ਗਨ ਹਾਊਸ ਮਾਲਕ, ਜੋ 2004 'ਚ ਫਰਜ਼ੀ ਆਰਮ ਲਾਇਸੈਂਸ ਮਾਮਲੇ 'ਚ ਸੀ.ਬੀ.ਆਈ. ਦੇ ਕੇਸ 'ਚ ਨਾਮਜ਼ਦ ਹੋਏ। ਅੰਮ੍ਰਿਤਸਰ ਡੀ.ਸੀ. ਦਫ਼ਤਰ ਦੇ ਦੋ ਕਲਰਕ ਵੀ ਫੜੇ ਗਏ। ਉਨ੍ਹਾਂ ਤੋਂ ਪੁੱਛਗਿੱਛ 'ਚ 550 ਤੋਂ ਵੱਧ ਨਕਲੀ ਲਾਇਸੈਂਸਾਂ ਦਾ ਪ੍ਰਗਟਾਵਾ ਹੋਇਆ, ਜੋ ਯੂ.ਪੀ., ਦਿੱਲੀ, ਹਰਿਆਣਾ 'ਚ ਵੰਡੇ ਸਨ। ਪਰ ਪੁਲੀਸ ਦੇ ਹੱਥ 40 ਹੀ ਲੱਗੇ, ਜਿਸ 'ਚ 25 ਲਾਇਸੈਂਸਾਂ ਦੀ ਜਾਂਚ ਲਈ ਪੁਲੀਸ ਜੰਮੂ ਦੇ ਜ਼ਿਲ੍ਹਾ ਰਾਮਬਾਨ ਅਤੇ ਕਠੂਆ ਗਈ, ਤਾਂ ਸਾਰੇ ਪਤੇ ਜਾਲੀ ਮਿਲੇ। ਗਰੋਹ 'ਚ ਫੜੇ ਮਹਾਰਾਸ਼ਟਰਾ ਦੇ ਅੰਬਰਨਾਥ ਦੀ ਆਰਡੀਨੈਂਸ ਫੈਕਟਰੀ ਦੇ ਕਲਰਕ ਇਮਤਿਆਜ਼ ਅਹਿਮਦ ਤੋਂ ਖੁਲਾਸਾ ਹੋਇਆ ਕਿ 273 ਫਰਜ਼ੀ ਐਨ.ਓ.ਸੀ. 'ਤੇ ਪਿਸਟਲ, ਰਿਵਾਲਵਰ ਪੰਜਾਬ 'ਚ ਜਾਰੀ ਹੋਏ, ਪਰ ਪੁਲੀਸ ਦੇ ਹੱਥ 89 ਹਥਿਆਰ ਲੱਗੇ, ਜਿਨ੍ਹਾਂ 'ਚ 40 ਤੋਂ ਵੱਧ ਯੂ.ਪੀ. ਦੇ ਬਾਗਪਤ ਤੋਂ ਰਿਕਵਰ ਕੀਤੇ ਸਨ। ਹਰਭਜਨ ਦਾ ਬੇਟਾ ਕਮਲ ਕਾਂਤ ਤੋਂ ਵੀ ਵੈੱਪਨ ਲੈ ਕੇ ਉਸ ਨੂੰ 315 ਬੋਰ ਅਤੇ 32 ਬੋਰ ਦੇ ਕਾਰਤੂਸ ਦਿੰਦਾ ਸੀ, ਜਿਸ ਨੂੰ ਕਮਲ ਕਾਂਤ ਆਗਰਾ ਦੇ ਮਹੇਸ਼ ਸ਼ਰਮਾ ਤੇ ਗੋਰਖਪੁਰ ਦੇ ਸਰਜਨ ਲਾਲ ਨੂੰ ਦਿੰਦਾ ਸੀ। ਇਸ ਤਰ੍ਹਾਂ ਪੰਜਾਬ ਤੋਂ 35 ਹਜ਼ਾਰ ਕਾਰਤੂਰ ਕਮਲ ਕਾਂਤ ਰਾਹੀਂ ਬਾਹਰ ਗਏ, ਜਿਨ੍ਹਾਂ ਦਾ ਅੱਜ ਤੱਕ ਪਤਾ ਨਹੀਂ ਲੱਗਿਆ। ਇਸ ਮਾਮਲੇ 'ਚ 2 ਸਾਲ ਤੋਂ ਜਾਂਚ ਹੀ ਪੂਰੀ ਨਹੀਂ ਹੋ ਸਕੀ। ਫੜੇ ਹਥਿਆਰਾਂ ਨੂੰ ਫੋਰੈਂਸਿਕ ਜਾਂਚ ਲਈ ਲੈਬ 'ਚ ਭੇਜਿਆ ਸੀ, ਇੱਥੇ ਇਕ ਡੁਪਲੀਕੇਟ ਬੈਵਲੇ ਸਕਾਟ ਰਿਵਾਲਰ ਇਕ ਸਾਲ ਤੋਂ ਲਈ ਪਈ ਹੈ, ਜਿਸ ਦੀ ਇਸ ਲਈ ਜਾਂਚ ਨਹੀਂ ਹੋਈ ਕਿ ਪੁਲੀਸ 1987 'ਚ ਇਨ੍ਹਾਂ ਹਥਿਆਰਾਂ ਦੀ ਦਰਾਮਦ ਬੰਦ ਹੋਣ ਨਾਲ ਸਬੰਧਤ ਦਸਤਾਵੇਜ਼ ਨਹੀਂ ਦੇ ਰਹੀ।

### ਫਰੀਦਕੋਟ ਵੈੱਪਨ ਸਕੈਮ :

ਫਰੀਦਕੋਟ ਪੁਲੀਸ ਨੇ 18 ਫਰਵਰੀ 2015 ਨੂੰ ਲਗਭਗ 4 ਕਰੋੜ ਦੇ ਵਿਦੇਸ਼ੀ ਹਥਿਆਰ ਫੜੇ ਸਨ। ਇਨ੍ਹਾਂ 'ਚ ਡੈਜੇਟ ਈਗਲ, ਬਰੇਟਾ, ਥਾਜਰ ਪਿਸਟਲ, ਟਾਕ ਕੈਟ ਸਮੇਤ ਕਈ ਆਟੋਮੈਟਿਕ ਹਥਿਆਰ ਸਨ, ਜੋ ਅਮਰੀਕਾ ਤੋਂ ਤਸੱਕਰੀ ਰਾਹੀਂ ਮਿਆਂਮਾਰ ਦੇ ਰਸਤੇ ਭਾਰਤ ਲਿਆਂਦੇ ਗਏ ਅਤੇ ਫਿਰ ਪੰਜਾਬ ਦੇ ਹੀ ਕੁੱਝ ਗਨ ਹਾਊਸ ਮਾਲਕਾਂ ਵੱਲੋਂ ਫਰਜ਼ੀ ਰੂਟ ਵਿਖਾ ਅਤੇ ਬਿਲ ਲਗਾ ਕੇ ਇਨ੍ਹਾਂ ਨੂੰ ਵੇਚ ਦਿੱਤਾ ਗਿਆ। ਖਰੀਦੋ-ਫਰੋਖਤ 'ਚ ਰਣਜੀਤ ਸਿੰਘ ਡੁਪਲਾ, ਜਸਵਿੰਦਰ ਰਾਕੀ, ਗੁਰਚਰਣ ਰਿੰਕਾ, ਪਰਮਪਾਲ ਪਾਲਾ ਸਮੇਤ ਕਈ ਲੋਕ ਨਾਮਜ਼ਦ ਹੋਏ। ਇਨ੍ਹਾਂ ਦਾ ਕਨੈਕਸ਼ਨ ਰਾਜੇਸ਼ ਕੁਮਾਰ ਗੁਪਤਾ ਵਾਸੀ ਲਖਨਪੁਰ ਬਰੇਲੀ ਨਾਲ ਜੁੜਿਆ, ਜੋ ਹਥਿਆਰਾਂ ਦੀ ਸਮਗਲਿੰਗ ਦੇ ਵੱਡੇ ਨੈੱਟਵਰਕ ਦਾ ਹਿਸਾ ਸੀ। ਪੁਲੀਸ ਨੇ ਇਨ੍ਹਾਂ ਦੇ ਨਕਸਲ ਲਹਿਰ ਨਾਲ ਅਪ੍ਰੱਤਖ ਤੌਰ 'ਤੇ ਜੁੜੇ ਹੋਣ ਦੇ ਖ਼ਦਸ਼ੇ ਨਾਲ 24 ਫਰਵਰੀ 2015 ਨੂੰ ਕੇਸ 'ਚ ਅਨ ਲਾਅ ਫੁਲ ਐਕਟਿਵਿਟੀ ਐਕਟ ਲਗਾ ਦਿੱਤਾ। ਸਿਰਫ 83 ਦਿਨ ਬਾਅਦ ਪੁਲੀਸ ਨੇ ਇਸ ਕੇਸ ਤੋਂ ਇਹ ਐਕਟ ਹਟਾ ਦਿੱਤਾ। ਕੁੱਝ ਮਹੀਨਿਆਂ ਬਾਅਦ ਐਨ.ਆਈ.ਏ. ਲਖਨਊ ਦੀ ਟੀਮ ਨੇ ਇਸ ਕੇਸ ਦੇ ਇੱਕ ਦੋਸ਼ ਤੋਂ ਨਕਸਲੀਆਂ ਤੋਂ ਬਰਾਮਦ ਅਮਰੀਕੀ ਹਥਿਆਰਾਂ ਦੇ 2012 ਦੇ ਇਕ ਹੋਰ ਮਾਮਲੇ 'ਚ ਪੁੱਛਗਿੱਛ ਕਰਨ ਲਈ ਕੋਰਟ 'ਚ ਪਹੁੰਚ ਕੀਤੀ ਪਰ ਇਜਾਜ਼ਤ ਨਹੀਂ ਮਿਲੀ। 12 ਜਨਵਰੀ 2017 ਨੂੰ ਮਾਮਲੇ ਦੇ ਮੁੱਖ ਦੋਸ਼ੀ ਰਣਜੀਤ ਡੁਪਲਾ ਨੂੰ ਪਤਨੀ ਦੇ ਇਲਾਜ ਲਈ ਮਹੀਨੇ ਲਈ 15 ਲੱਖ ਬੈਂਕ ਗਾਰੰਟੀ ਦੇਣ ਤੋਂ ਬਾਅਦ ਅਮਰੀਕਾ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਪਰ ਡੁਪਲਾ ਇਸ ਤੋਂ ਬਾਅਦ ਅਦਾਲਤ ਤੋਂ ਲਗਾਤਾਰ ਗੈਰ-ਹਾਜ਼ਰ ਰਿਹਾ। 20 ਅਪ੍ਰੈਲ ਨੂੰ ਅਦਾਲਤ ਨੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਹਨ।

### ਮਾਨਸਾ ਵੈੱਪਨ ਸਕੈਮ :

ਮਾਨਸਾ ਵੈੱਪਨ ਸਕੈਮ ਹੁਣ ਤੱਕਦਾ ਪੰਜਾਬ ਦਾ ਸਭ ਤੋਂ ਵੱਡਾ ਘਪਲਾ ਸੀ। 15 ਅਪ੍ਰੈਲ 2011 ਨੂੰ ਪੰਜਾਬ ਪੁਲੀਸ ਦੇ 12 ਜਵਾਨ, ਗਨ ਹਾਊਸ ਮਾਲਕ ਅਤੇ ਯੂ.ਪੀ. ਦੇ ਹਥਿਆਰ ਤਸਕਰਾਂ ਸਮੇਤ 22 ਲੋਕ ਨਾਮਜ਼ਦ ਹੋਏ। ਜੋ ਪੁਲੀਸ ਟ੍ਰੇਨਿੰਗ ਸੈਂਟਰ ਤੋਂ ਕਾਰਤੂਸ ਚੋਰੀ ਕਰ ਕੇ ਸਿਰਸਾ ਦੇ ਹਿੰਦੁਸਤਾਨ ਗਨ ਹਾਊਸ ਮਾਲਕ ਅਨਿਲ ਮਿੱਡਾ ਰਾਹੀਂ ਮਾਓਵਾਦੀਆਂ ਅਤੇ ਨਕਸਲੀਆਂ ਨੂੰ ਭੇਜਦੇ ਸਨ। ਇਸ ਦੇ ਬਦਲੇ ਉਨ੍ਹਾਂ ਤੋਂ ਛੋਟੇ ਹਥਿਆਰ ਅਤੇ ਬਿਹਾਰ ਦੀ ਗ਼ੈਰ-ਕਾਨੂੰਨੀ ਫੈਕਟੀਆਂ 'ਚ ਬਣੇ ਹਥਿਆਰ ਦੋ ਨੰਬਰ 'ਚ ਪੰਜਾਬ ਲਿਆ ਕੇ ਵੇਚਦੇ ਸਨ। ਮਾਨਸਾ ਪੁਲੀਸ ਨੇ 323 ਗ਼ੈਰ-ਕਾਨੂੰਨੀ ਹਥਿਆਰ ਫੜੇ, ਜਿਨ੍ਹਾਂ 'ਤੇ ਵਿਦੇਸ਼ੀ ਬੈਵਲੇ ਸਕਾਟ ਦਾ ਮਾਰਕਾ ਲਗਾ ਕੇ ਵੇਚਿਆ ਗਿਆ ਸੀ। ਪੁਲੀਸ ਟ੍ਰੇਨਿੰਗ ਸੈਂਟਰਾਂ ਤੋਂ ਚੋਰੀ ਕੀਤੇ 6 ਹਜ਼ਾਰ ਤੋਂ ਵੱਧ ਕਾਰਤੂਸ ਫੜੇ ਗਏ। ਇਸ ਨੈਟਵਰਕ 'ਚ ਮੇਲ-ਜੋਲ ਦਾ ਕੰਮ ਮਿੱਡ ਦਾ ਸਾਥੀ ਕਮਲ ਕਾਂਤ ਕਰਦਾ ਸੀ। ਇਸ ਕੇਸ 'ਚ ਮਾਨਸਾ ਕੋਰਟ 'ਚ ਮੁੱਖ ਚਾਲਾਨ ਤੋਂ ਇਲਾਵਾ 127 ਸਪਲੀਮੈਂਟਰੀ ਚਾਲਾਨ ਹੋਏ, ਜਿਸ 'ਚ ਮੁੱਖ ਦੋਸ਼ੀ ਮਹੇਸ਼ ਕੁਮਾਰ ਵਿਰੁੱਧ 77 ਚਾਲਾਨ ਹੋਏ, ਪਰ ਕੁੱਝ ਦਿਨ ਪਹਿਲਾਂ ਇਸ ਦੀ ਮੌਤ ਹੋ ਗਈ। 15 ਚਾਲਾਨ ਕਲਿਆਣ ਗਨ ਹਾਊਸ ਮਾਲਿਕ ਰਣਜੀਤ ਸਿੰਘ ਦੇ ਵਿਰੁੱਧ ਸਨ, ਜੋ ਹਫਤੇ ਪਹਿਲਾਂ ਕੇਸ 'ਚ ਬਰੀ ਹੋ ਗਿਆ। ਬਾਕੀ ਬਚੇ 35 ਚਾਲਾਨ ਅੰਮ੍ਰਿਤਸਰ ਦੇ ਬਿੰਦਰਾ ਗਨ ਹਾਉਸ ਮਾਲਕ ਕੰਵਰਜੀਤ ਸਿੰਘ ਬਿੰਦਰਾ ਵਿਰੁੱਧ ਹਨ, ਜੋ ਅੰਡਰ ਟ੍ਰਾਇਲ ਹਨ। ਚਾਰ ਹੋਰ ਦੋਸ਼ੀਆਂ ਦੀ ਇਸ ਕੇਸ 'ਚ ਮੌਤ ਹੋ ਗਈ। ਇਹੀ ਨਹੀਂ ਹਥਿਆਰ ਤਸਕਰੀ ਦੇ ਸੂਤਰਧਾਰ ਅਨਿਲ ਮਿੱਡਾ ਨੂੰ ਜ਼ਮਾਨਤ ਮਿਲ ਗਈ। 2012 'ਚ ਜਦੋਂ ਬਿਹਾਰ 'ਚ ਨਕਸਲੀ ਕਮਾਂਡਰ ਪ੍ਰਫੁੱਲ ਮਾਲਾਕਰ ਨਾਲ ਐਮ-16 ਰਾਇਫਲ ਅਤੇ ਇੰਗਲੈਂਡ ਮੇਡ ਬੁਲੇਟ ਪਰੂਫ ਜੈਕੇਟ ਮਿਲੀ ਤਾਂ ਖੁਲਾਸਾ ਹੋਇਆ ਕਿ ਇਹ ਜੈਕੇਟ ਮਿੱਡਾ ਨੇ ਉਪਲੱਬਧ ਕਰਵਾਈ ਸੀ, ਐਨ.ਆਈ.ਏ. ਇਸ ਦੀ ਜਾਂਚ ਕਰ ਰਹੀ ਹੈ। ਮਿੱਡੇ ਦੇ ਸਾਥੀ ਕਮਲ ਕਾਂਤ ਵਾਸੀ ਉੜੀਆ, ਯੂ.ਪੀ. ਨੇ ਪੁਲੀਸ ਕਾਰਵਾਈ ਨੂੰ ਹੀ ਹਾਈਕੋਰਟ 'ਚ ਚੈਲੇਂਜ ਕਰ ਕੇ ਸਟੇਅ ਲੈ ਲਿਆ, ਜਿਸ 'ਚ ਦੋਸ਼ ਹੈ ਕਿ ਪੁਲੀਸ ਨੇ ਉਸ ਤੋਂ 4 ਹਥਿਆਰ ਫੜੇ ਸਨ, ਜੋ ਅਸਲਾ ਐਕਟ ਦਾ ਕੇਸ ਬਣਦਾ ਸੀ, ਧੋਖੇ ਦਾ ਨਹੀਂ। ਇਸ 'ਚ ਹੁਣ ਮਾਰਚ 2017 'ਚ ਮਾਨਸਾ ਪੁਲੀਸ ਨੇ ਆਪਣਾ ਪੱਖ ਰੱਖਿਆ ਹੈ। 20 ਅਪ੍ਰੈਲ 2017 ਨੂੰ ਇਸ ਦੀ ਸੁਣਵਾਈ ਸੀ, ਜਿਸ ਦੀ ਤਰੀਕ ਅੱਗੇ ਵੱਧ ਗਈ ਹੈ।

# ਅਸੀਂ ਪੈਲੇਟ ਗੰਨ ਬੰਦ ਕਰਾ ਦਿਆਂਗੇ, ਬਸ਼ਰਤੇ ਪਥਰਬਾਜ਼ੀ ਵੀ ਬੰਦ ਹੋਵੇ : ਸੁਪਰੀਮ ਕੋਰਟ

• ਜੰਮੂ ਕਸ਼ਮੀਰ ਬਾਰ ਐਸੋਸੀਏਸ਼ਨ ਦੀ ਅਪੀਲ 'ਤੇ ਅਦਾਲਤ ਦਾ ਫਰਮਾਨ • ਕੇਂਦਰ ਨੇ ਕਿਹਾ-ਕਸ਼ਮੀਰ ਦੀ ਆਜ਼ਾਦੀ ਦੀ ਗੱਲ ਕਰਨ ਵਾਲਿਆਂ ਨਾਲ ਕੋਈ ਗੱਲਬਾਤ ਨਹੀਂ ਕਰਾਂਗੇ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਕਸ਼ਮੀਰ 'ਚ ਪੈਲੇਟ ਗਨ ਦੀ ਵਰਤੋਂ 'ਤੇ ਰੋਕ ਲਾਉਣ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀ ਕੀਤੀ ਹੈ। ਅਦਾਲਤ ਨੇ ਜੰਮੂ-ਕਸ਼ਮੀਰ ਹਾਈ ਕੋਰਟ ਦੇ ਬਾਰ ਐਸੋਸੀਏਸ਼ਨ ਨੂੰ ਕਿਹਾ ਕਿ ਇਹ ਪੁਲੀਸ ਤੇ ਸੀ.ਆਰ.ਪੀ.ਐਫ. ਨੂੰ ਦੋ ਹਫ਼ਤੇ ਤਕ ਪੈਲੇਟ ਗਨ ਦੀ ਵਰਤੋਂ 'ਤੇ ਰੋਕ ਲਾਉਣ ਦਾ ਆਦੇਸ਼ ਦੇ ਸਕਦੀ ਹੈ। ਅਦਾਲਤ ਪੱਥਰਬਾਜ਼ਾਂ ਉਤੇ ਪੈਲੇਟ ਗੰਨਾਂ ਦੇ ਇਸਤੇਮਾਲ ਉਤੇ ਪਾਬੰਦੀ ਤੇ ਇਸ ਸਬੰਧੀ ਜੰਮੂ-ਕਸ਼ਮੀਰ ਹਾਈ ਕੋਰਟ ਦੇ ਹੁਕਮਾਂ ਉਤੇ ਰੋਕ ਦੀ ਮੰਗ ਕਰਦੀ ਬਾਰ ਐਸੋਸੀਏਸ਼ਨ ਦੀ ਅਪੀਲ ਉਤੇ ਸੁਣਵਾਈ ਕਰ ਰਹੀ ਹੈ। ਬਾਰ ਇਸ ਗੱਲ ਉਤੇ ਜ਼ੋਰ ਦੇ ਰਹੀ ਹੈ ਕਿ ਗੱਲਬਾਤ ਵਿੱਚ ਵੱਖਵਾਦੀ ਹੁਰੀਅਤ ਆਗੂਆਂ ਨੂੰ ਵੀ ਸ਼ਾਮਲ ਕੀਤਾ ਜਾਵੇ, ਜਿਹੜੇ ਘਰਾਂ ਵਿੱਚ ਨਜ਼ਰਬੰਦ ਹਨ। ਅਦਾਲਤ ਨੇ ਬਾਰ ਨੂੰ ਸਾਫ਼ ਕੀਤਾ ਕਿ ਇਸ ਸਬੰਧੀ ਅਗਲਾ ਕੋਈ ਵੀ ਕਦਮ ਉਦੋਂ ਹੀ ਚੁੱਕਿਆ ਜਾਵੇਗਾ ਜੇ ਇਸ ਵੱਲੋਂ ਕੋਈ ਅਮਲੀ ਸੁਝਾਅ ਪੇਸ਼ ਕੀਤਾ ਜਾਵੇਗਾ। ਅਦਾਲਤ ਨੇ ਇਹ ਵੀ ਸਾਫ਼ ਕਰ ਦਿੱਤਾ ਕਿ ਉਹ ਮਾਮਲੇ ਵਿੱਚ ਉਦੋਂ ਹੀ ਕੋਈ ਦਖ਼ਲ ਦੇਵੇਗੀ ਜੇ ਇਸ ਦੀ ਕੋਈ ਭੂਮਿਕਾ ਬਣਦੀ ਹੋਵੇਗੀ ਤੇ ਇਸ ਦਾ ਦਾਇਰਾ-ਅਖ਼ਤਿਆਰ ਵੀ ਹੋਵੇਗਾ।

ਉਧਰ ਕੇਂਦਰ ਸਰਕਾਰ ਨੇ ਸਾਫ਼ ਕਿਹਾ ਕਿ ਜੰਮੂ-ਕਸ਼ਮੀਰ




ਵਿੱਚ ਹਾਲਾਤ ਠੀਕ ਕਰਨ ਲਈ ਵੱਖਵਾਦੀਆਂ ਜਾਂ 'ਆਜ਼ਾਦੀ' ਮੰਗਣ ਵਾਲੇ ਅਨਸਰਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ। ਅਟਾਰਨੀ ਜਨਰਲ (ਏਜੀ) ਮੁਕੁਲ ਰੋਹਤਗੀ ਨੇ ਸੁਪਰੀਮ ਕੋਰਟ ਅੱਗੇ ਆਖਿਆ ਕਿ ਗੱਲਬਾਤ ਸਿਰਫ਼ ਸੂਬੇ ਦੀਆਂ ਕਾਨੂੰਨੀ ਮਾਨਤਾ ਪ੍ਰਾਪਤ ਧਿਰਾਂ ਨਾਲ ਹੀ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਵੀ ਏਜੀ ਦੇ ਵਿਚਾਰਾਂ ਨਾਲ ਸਹਿਮਤੀ ਜਤਾਈ ਤੇ ਕਿਹਾ ਕਿ ਉਹ ਸਾਰੀਆਂ ਧਿਰਾਂ 'ਜਿਨਾਂ ਉਤੇ ਕਾਨੂੰਨੀ ਬੰਦਸ਼ ਨਹੀਂ ਹੈ, ਇਕੱਤਰ ਹੋ ਕੇ ਵਿਚਾਰ-ਵਟਾਂਦਰੇ ਰਾਹੀਂ (ਹਾਲਾਤ ਸੁਧਾਰਨ ਲਈ) ਸੁਝਾਅ ਦੇ ਸਕਦੀਆਂ ਹਨ, ਕਿਉਂਕਿ ਵਾਦੀ ਵਿੱਚ ਹਾਲਾਤ ਬਹੁਤੇ ਚੰਗੇ ਨਹੀਂ' ਹਨ। ਚੀਫ਼ ਜਸਟਿਸ ਜੇ.ਐਸ. ਖੇਹਰ, ਜਸਟਿਸ ਡੀ.ਵਾਈ. ਚੰਦਰਚੂੜ ਤੇ ਜਸਟਿਸ ਐਸ.ਕੇ. ਕੌਲ ਉਤੇ ਆਧਾਰਤ ਬੈਂਚ ਨੇ ਇਹ ਟਿੱਪਣੀ ਉਦੋਂ ਕੀਤੀ ਜਦੋਂ ਏਜੀ ਨੇ ਕਿਹਾ, "ਸਰਕਾਰ ਉਦੋਂ ਹੀ ਗੱਲਬਾਤ ਦੀ ਮੇਜ਼ ਉਤੇ ਆਵੇਗੀ ਜੇ ਸਾਰੀਆਂ ਕਾਨੂੰਨੀ ਮਾਨਤਾ ਪ੍ਰਾਪਤ ਧਿਰਾਂ ਗੱਲਬਾਤ ਵਿੱਚ ਸ਼ਾਮਲ ਹੋਣਗੀਆਂ ਅਤੇ ਵੱਖਵਾਦੀ ਅਨਸਰ ਸ਼ਾਮਲ ਨਹੀਂ ਹੋਣਗੇ, ਜਿਹੜੇ ਹਕੂਮਤ ਪ੍ਰਾਪਤੀ ਜਾਂ ਆਜ਼ਾਦੀ ਦੀ ਮੰਗ ਕਰਦੇ ਹਨ।"

### ਦਹਿਸ਼ਤਗਰਦਾਂ ਵਲੋਂ ਬੈਂਕ ਲੁੱਟਣ ਦੀ ਕੋਸ਼ਿਸ਼

ਸ੍ਰੀਨਗਰ : ਕਸ਼ਮੀਰ ਦੇ ਅਨੰਤਨਾਗ ਜ਼ਿਲੇ ਵਿਚ ਦਹਿਸ਼ਤਗਰਦਾਂ ਵੱਲੋਂ ਬੈਂਕ ਲੁੱਟਣ ਦੀ ਕੋਸ਼ਿਸ਼ ਨੂੰ ਸੁਰੱਖਿਆ ਬਲਾਂ ਨੇ ਨਾਕਾਮ ਬਣਾ ਦਿੱਤਾ ਅਤੇ ਇਕ ਦਹਿਸ਼ਤਗਰਦ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਮੁਤਾਬਕ ਦੋ ਹਥਿਆਰਬੰਦ ਵਿਅਕਤੀ ਅਨੰਤਨਾਗ ਦੇ ਮਹਿੰਦੀ ਕਦਲ ਵਿਚ ਜੰਮੂ-ਕਸ਼ਮੀਰ ਬੈਂਕ ਦੀ ਸ਼ਾਖਾ ਅੰਦਰ ਦਾਖ਼ਲ ਹੋਏ। ਉਥੇ ਤਾਇਨਾਤ ਸੁਰੱਖਿਆ ਬਲਾਂ ਨੇ ਉਨਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨਾਂ ਗੋਲੀਆਂ ਚਲਾ ਦਿੱਤੀਆਂ।ਸੀਆਰਪੀਐਫ ਦੇ ਹੈੱਡ ਕਾਂਸਟੇਬਲ ਦੇ ਹੱਥ 'ਤੇ ਗੋਲੀ ਵੱਜੀ ਅਤੇ ਹਥਿਆਰ ਲੈ ਕੇ ਆਉਣ ਵਾਲਾ ਦਹਿਸ਼ਤਗਰਦ ਮੌਕੇ ਤੋਂ ਫ਼ਰਾਰ ਹੋ ਗਿਆ। ਉਸ ਦੇ ਸਾਥੀ ਮੁਨੀਬ ਅਹਿਮਦ ਮੱਲਾ ਨੂੰ ਸੀਆਰਪੀਐਫ ਜਵਾਨਾਂ ਅਤੇ ਪੁਲੀਸ ਨੇ ਫੜ ਲਿਆ ਅਤੇ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਇਸ ਦੌਰਾਨ ਪੁਲਵਾਮਾ ਡਿਗਰੀ ਕਾਲਜ ਦੇ ਪ੍ਰਿੰਸੀਪਲ ਅਬਦੁਲ ਹਮੀਦ ਸ਼ੇਖ਼ ਨੂੰ ਜਾਂਚ ਤੋਂ ਬਾਅਦ ਕਿਸੇ ਗੜਬੜ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ, ਜਿਸ ਨੇ ਪਿਛਲੇ ਦਿਨੀਂ ਪਥਰਾਅ ਕਰ ਰਹੇ ਵਿਦਿਆਰਥੀਆਂ ਖ਼ਿਲਾਫ਼ ਕਾਰਵਾਈ ਲਈ ਕਾਲਜ ਵਿੱਚ ਦਾਖ਼ਲ ਹੋ ਰਹੇ ਸੁਰੱਖਿਆ ਜਵਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਡਿਵੀਜ਼ਨਲ ਕਮਿਸ਼ਨਰ ਬਸ਼ੀਰ ਖ਼ਾਨ ਵੱਲੋਂ ਇਕ ਹਫ਼ਤੇ ਦੌਰਾਨ ਕੀਤੀ ਜਾਂਚ ਦੀ ਰਿਪੋਰਟ ਸਿੱਖਿਆ ਮੰਤਰੀ ਅਲਤਾਫ਼ ਬੁਖ਼ਾਰੀ ਨੂੰ ਸੌਂਪ ਦਿੱਤੀ ਗਈ, ਜਿਨਾਂ ਜਾਂਚ ਦੇ ਹੁਕਮ ਦਿੱਤੇ ਸਨ।

### *ਨੋਟਬੰਦੀ ਦਾ ਅਸਰ ਜਾਂ ਈ.ਸੀ. ਤੋਂ ਛੁਪਾਈ ਜਾ ਰਹੀ ਹੈ ਜਾਣਕਾਰੀ*

# ਕਾਂਗਰਸ ਸੰਸਦ ਮੈਂਬਰ ਹਰਪ੍ਰਤਾਪ ਸਿੰਘ ਨੇ ਸਿਰਫ਼ 4 ਲੱਖ ਰੁਪਏ ਖ਼ਰਚ ਕਰ ਕੇ ਜਿੱਤੀ ਚੋਣ

## ਪੰਜਾਬ 'ਚ ਹਰ ਵਿਧਾਇਕ ਦਾ ਚੋਣ ਖ਼ਰਚ ਔਸਤਨ 15.34 ਲੱਖ ਰੁਪਏ ਰਿਹਾ

**ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਜਿੱਥੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਮਦੀ ਪਾਰਟੀ ਨੇ ਆਪਣੇ ਚੋਣ ਫੰਡਾਂ ਦੀ ਵਰਤੋਂ ਬਾਰੇ ਸਹੀ ਜਾਣਕਾਰੀ ਨਹੀਂ ਦਿੱਤੀ, ਉਸੇ ਤਰ੍ਹਾਂ ਕੌਮੀ ਪੱਧਰ 'ਤੇ ਵੀ ਕਾਂਗਰਸ ਤੇ ਭਾਜਪਾ ਸਮੇਤ ਕਈ ਸਿਆਸੀ ਪਾਰਟੀਆਂ ਨੇ ਆਪਣੇ ਖ਼ਰਚਿਆਂ 'ਤੇ ਭੇਤ ਹੀ ਬਣਾ ਕੇ ਰੱਖਿਆ ਹੈ। ਆਓ, ਇਸ ਸਬੰਧੀ ਅੰਕੜਿਆਂ ਰਾਹੀਂ ਸਿਆਸੀ ਪਾਰਟੀਆਂ ਦੀਆਂ ਚਾਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।**



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ 'ਚ ਉਮੀਦਵਾਰਾਂ ਦੇ ਖ਼ਰਚ ਦਾ ਅੰਕੜਾ ਬਹੁਤ ਹੈਰਾਨ ਕਰਨ ਵਾਲਾ ਹੈ। ਖ਼ਰਚ ਦੀ ਤੈਅ ਸੀਮਾ ਤੱਕ ਪਹੁੰਚਣਾ ਤਾਂ ਦੂਰ 117 'ਚੋਂ 46 ਸੰਸਦ ਮੈਂਬਰਾਂ ਦਾ ਖ਼ਰਚ 50 ਫ਼ੀਸਦੀ ਤਕ ਹੀ ਸਿਮਟ ਗਿਆ। ਸਾਰਿਆਂ ਦਾ ਚੋਣ 'ਤੇ ਔਸਤਨ ਖ਼ਰਚ 15.34 ਲੱਖ ਰੁਪਏ ਰਿਹਾ। ਅੰਮ੍ਰਿਤਸਰ ਦੇ ਅਜਨਾਲਾ ਤੋਂ ਕਾਂਗਰਸ ਦੇ ਹਰਪ੍ਰਤਾਪ ਸਿੰਘ ਤਾਂ ਸਿਰਫ਼ 4,13,961 ਰੁਪਏ ਖ਼ਰਚ ਕਰ ਕੇ ਹੀ ਵਿਧਾਨ ਸਭਾ ਪਹੁੰਚ ਗਏ। ਹੁਣ ਸਵਾਲ ਇਹ ਹੈ ਕਿ ਕੀ ਖ਼ਰਚ 'ਤੇ ਨੋਟਬੰਦੀ ਦਾ ਅਸਰ ਰਿਹਾ ਜਾਂ ਵਿਧਾਇਕ ਗ਼ਲਤ ਜਾਣਕਾਰੀ ਦੇ ਰਹੇ ਹਨ। ਚੋਣ ਕਮਿਸ਼ਨ ਨੇ ਜਦੋਂ ਚੋਣ ਖ਼ਰਚ ਲਈ 28 ਲੱਖ ਹੱਦ ਤੈਅ ਕੀਤੀ ਹੈ ਤਾਂ ਨੇਤਾਵਾਂ ਨੇ ਇਸ ਨੂੰ ਘੱਟ ਦੱਸਿਆ ਸੀ। ਹਾਲ ਹੀ 'ਚ ਸਾਰਿਆਂ ਨੇ ਖ਼ਰਚੇ ਦਾ ਬਿਉਰਾ ਦਿੱਤਾ। ਕਿਸੇ ਨੇ ਵੀ 28 ਲੱਖ ਰੁਪਏ ਖ਼ਰਚ ਨਹੀਂ ਕੀਤੇ। ਖ਼ਰਚ ਕਰਨ ਵਾਲਿਆਂ 'ਚ ਸਭ ਤੋਂ ਉੱਪਰ ਬੱਸੀ ਪਠਾਣਾ ਤੋਂ ਕਾਂਗਰਸੀ ਵਿਧਾਇਕ ਗੁਰਪ੍ਰੀਤ ਸਿੰਘ ਹਨ। ਉਨ੍ਹਾਂ ਨੇ 26.89 ਲੱਖ ਰੁਪਏ ਖ਼ਰਚ ਕੀਤੇ। ਮੰਤਰੀਆਂ 'ਚ ਸਭ ਤੋਂ ਘੱਟ ਖ਼ਰਚ ਰਾਣਾ ਗੁਰਜੀਤ ਸਿੰਘ ਨੇ ਕੀਤਾ ਹੈ। 160 ਕਰੋੜ ਦੀ ਪ੍ਰਾਪਰਟੀ ਦੇ ਮਾਲਕ ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਚੋਣ ਖ਼ਰਚ 'ਚ ਸਾਰੇ ਮੰਤਰੀਆਂ ਤੋਂ ਪਿੱਛੇ ਹਨ। ਰਾਣਾ ਨੇ ਸਿਰਫ਼ 8.36 ਲੱਖ ਰੁਪਏ ਖ਼ਰਚ ਕਰ ਕੇ ਚੋਣ ਜਿੱਤਿਆ, ਜਦਕਿ 26.83 ਲੱਖ ਰੁਪਏ ਖ਼ਰਚ ਕਰ ਕੇ ਚਰਨਜੀਤ ਸਿੰਘ ਚੰਨੀ ਮੰਤਰੀਆਂ 'ਚ ਸਭ ਤੋਂ ਅੱਗੇ ਰਹੇ ਹਨ। ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ 14.52 ਲੱਖ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 24.67 ਲੱਖ ਰੁਪਏ ਖ਼ਰਚ ਕੀਤੇ।

### ਤਿੰਨ ਸਾਲ 'ਚ 'ਆਪ' ਨੂੰ 110 ਅਤੇ 11 ਸਾਲ 'ਚ ਅਕਾਲੀ ਦਲ ਨੂੰ 101 ਕਰੋੜ ਫ਼ੰਡ

10 ਸਾਲ ਲਗਾਤਾਰ ਸੱਤਾ 'ਚ ਰਹੀ ਅਕਾਲੀ ਦਲ ਫ਼ੰਡ ਦਾ ਸਰੋਤ ਛੁਪਾਉਣ 'ਚ ਸਭ ਤੋਂ ਅੱਗੇ ਰਹੀ ਹੈ। 2004 ਤੋਂ 2015 ਵਿਚਕਾਰ 11 ਸਾਲ 'ਚ ਅਕਾਲੀ ਦਲ ਨੂੰ ਸਿਰਫ਼ 101.81 ਕਰੋੜ ਪਾਰਟੀ ਫ਼ੰਡ ਮਿਲਿਆ ਹੈ। ਜਦਕਿ ਪੰਜਾਬ 'ਚ ਆਪ ਨੂੰ 2012 ਤੋਂ 2015 ਵਿਚਕਾਰ ਤਿੰਨ ਸਾਲ 'ਚ 110 ਕਰੋੜ ਰੁਪਏ। ਅਕਾਲੀ ਦਲ ਨੇ 13 ਅਤੇ 'ਆਪ' ਨੇ 45 ਕਰੋੜ ਦੇ ਬਿਉਰੇ 'ਚ ਕਿਹਾ ਕਿ ਇਹ ਰਕਮ 20 ਹਜ਼ਾਰ ਤੋਂ ਵੱਧ ਦਾਨ ਕਰਨ ਵਾਲਿਆਂ ਨੇ ਦਿੱਤੀ ਹੈ।

### ਕੌਮੀ ਪੱਧਰ 'ਤੇ 3982 'ਚੋਂ ਕਾਂਗਰਸ ਨੇ ਦਿੱਤਾ ਸਿਰਫ਼ 400 ਕਰੋੜ ਦਾ ਬਿਉਰਾ

ਜੇਕਰ ਕੌਮੀ ਪੱਧਰ 'ਤੇ ਗਲੱ ਕਰੀਏ ਤਾਂ ਸੱਤਾ ਤੋਂ ਦੂਰ ਰਹਿੰਦੇ ਹੋਏ ਵੀ ਕਾਂਗਰਸ ਨੂੰ ਸਭ ਤੋਂ ਵੱਧ 3982 ਕਰੋੜ, ਭਾਜਪਾ ਨੂੰ 3272 ਕਰੋੜ, ਬਸਪਾ ਨੂੰ 763, ਐਨ.ਸੀ.ਪੀ. ਨੂੰ 351, ਸੀ.ਪੀ.ਆਈ. 15 ਅਤੇ ਸੀ.ਪੀ.ਐਮ. ਨੂੰ 892 ਕਰੋੜ ਰੁਪਏ ਦਾ ਫ਼ੰਡ ਮਿਲਿਆ ਹੈ। 3982 ਕਰੋੜ 'ਚੋਂ ਕਾਂਗਰਸ ਨੇ ਸਿਰਫ਼ 400 ਕਰੋੜ ਰੁਪਏ ਫ਼ੰਡ ਬਾਰੇ ਡਿਕਲੇਅਰ ਕੀਤਾ ਹੈ ਕਿ ਇਹ ਰਕਮ 20 ਹਜ਼ਾਰ ਰੁਪਏ ਤੋਂ ਵੱਧ ਦਾਨ ਕਰਨ ਵਾਲਿਆਂ ਨੇ ਦਿੱਤੀ ਹੈ। 3272 ਕਰੋੜ 'ਚੋਂ ਭਾਜਪਾ ਨੇ 917 ਕਰੋੜ, ਐਨ.ਸੀ.ਪੀ. ਨੇ 65, ਸੀ.ਪੀ.ਆਈ. ਨੇ 6.73, ਸੀ.ਪੀ.ਐਮ. ਨੇ 15 ਕਰੋੜ ਦੇ ਬਿਉਰੇ 'ਚ ਕਿਹਾ ਕਿ ਇਹ ਰਕਮ 20 ਹਜ਼ਾਰ ਤੋਂ ਵੱਧ ਦਾਨ ਕਰਨ ਵਾਲਿਆਂ ਨੇ ਦਿੱਤੀ ਹੈ।

### ਸਭ ਤੋਂ ਘੱਟ ਖ਼ਰਚ ਕਰਨ ਵਾਲੇ ਵਿਧਾਇਕ

| ਨਾਮ | ਪਾਰਟੀ | ਹਲਕਾ | ਖ਼ਰਚ (ਲੱਖ ਰੁਪਏ) |
|---|---|---|---|
| ਹਰਪ੍ਰਤਾਪ ਸਿੰਘ | ਕਾਂਗਰਸ | ਅਜਨਾਲਾ | 4.13 |
| ਸੁਖਪਾਲ ਭੁੱਲਰ | ਕਾਂਗਰਸ | ਖੇਮਕਰਨ | 6.57 |
| ਰਾਕੇਸ਼ ਪਾਂਡੇ | ਕਾਂਗਰਸ | ਲੁਧਿਆਣਾ ਨਾਰਥ | 7.19 |
| ਗੁਰਪ੍ਰੀਤ ਸਿੰਘ | ਕਾਂਗਰਸ | ਬੱਸੀ ਪਠਾਣਾ | 26.89 |
| ਚਰਨਜੀਤ ਚੰਨੀ | ਕਾਂਗਰਸ | ਚਮਕੌਰ ਸਾਹਿਬ | 26.83 |
| ਸਿਮਰਜੀਤ ਬੈਂਸ | ਲੋਕ ਇਨਸਾਫ਼ | ਆਤਮ ਨਗਰ ਲੁਧਿਆਣਾ | 25.18 |

**ਲੋਕ ਇਨਸਾਫ਼ ਪਾਰਟੀ ਅੱਗੇ :**
ਚੋਣ ਖ਼ਰਚ 'ਚ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਦੇ ਦੋ ਐਮ.ਐਲ.ਏ. ਨੇ ਔਸਤਨ 20 ਲੱਖ ਰੁਪਏ, ਅਕਾਲੀ ਦੇ ਦੇ 15 ਐਮ.ਐਲ.ਏ. ਦਾ ਔਸਤਨ ਖ਼ਰਚ 15.76 ਲੱਖ ਅਤੇ 'ਆਪ' ਦੇ 20 ਵਿਧਾਇਕਾਂ ਦਾ ਔਸਤਨ ਖ਼ਰਚ 14.86 ਲੱਖ ਰੁਪਏ ਵਿਖਾਇਆ ਗਿਆ ਹੈ।

### ਪੰਜ ਅਜਿਹੇ ਜਿਨ੍ਹਾਂ ਨੇ ਆਪਣਾ ਕੋਈ ਪੈਸਾ ਖ਼ਰਚ ਨਹੀਂ ਕੀਤਾ

117 'ਚੋਂ ਪੰਜ ਵਿਧਾਇਕਾਂ ਨੇ ਚੋਣ ਖ਼ਰਚ ਬਿਉਰੇ 'ਚ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਫ਼ੰਡ 'ਚੋਂ ਇੱਕ ਵੀ ਪੈਸਾ ਖ਼ਰਚ ਨਹੀਂ ਕੀਤਾ ਹੈ। 69 ਵਿਧਾਇਕ ਅਜਿਹੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀਆਂ 'ਚੋਂ ਕੋਈ ਫ਼ੰਡ ਨਹੀਂ ਮਿਲਿਆ।

### ਕੈਪਟਨ ਨੇ 15, ਬਾਦਲ ਨੇ 13 ਤੇ ਸੁਖਬੀਰ ਨੇ 10 ਲੱਖ ਰੁਪਏ ਖ਼ਰਚੇ





ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ 'ਚ ਚੋਣ 'ਤੇ 15.17 ਲੱਖ ਰੁਪਏ ਖ਼ਰਚ ਕੀਤੇ ਹਨ। ਕਿਸੇ ਤੋਂ ਕੋਈ ਚੰਦਾ ਨਹੀਂ ਲਿਆ। ਸਾਰਾ ਖਰਚਾ ਖ਼ੁਦ ਚੁੱਕਿਆ। ਉੱਥੇ ਹੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 13.13 ਲੱਖ ਰੁਪਏ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 10.77 ਲੱਖ ਰੁਪਏ ਖਰਚਾ ਵਿਖਾਇਆ ਹੈ।

### ਐਨ.ਕੇ. ਸ਼ਰਮਾ ਦਾ ਚੋਣ ਪ੍ਰਚਾਰ ਬਗੈਰ ਗੱਡੀ

ਡੇਰਾਬਸੀ ਤੋਂ ਅਕਾਲੀ ਸੰਸਦ ਮੈਂਬਰ ਐਨ.ਕੇ. ਸ਼ਰਮਾ ਚੋਣ ਪ੍ਰਚਾਰ 'ਚ ਬਗੈਰ ਕਿਸੇ ਗੱਡੀ ਦੀ ਵਰਤੋਂ ਕੀਤੇ ਜਿੱਤ ਗਏ। 17 ਲੱਖ ਦੇ ਖ਼ਰਚ ਦੇ ਬਿਉਰੇ 'ਚ ਸ਼ਰਮਾ ਨੇ ਐਲਾਨ ਕੀਤਾ ਹੈ ਕਿ ਪ੍ਰਚਾਰ 'ਚ ਉਨ੍ਹਾਂ ਨੇ ਕਿਸੇ ਗੱਡੀ ਦੀ ਵਰਤੋਂ ਨਹੀਂ ਕੀਤੀ। ਇੱਧਰ ਸ਼ਾਹਕੋਟ ਤੋਂ ਅਕਾਲੀ ਸੰਸਦ ਮੈਂਬਰ ਅਜੀਤ ਸਿੰਘ ਨੇ 13.87 ਲੱਖ ਦੇ ਖ਼ਰਚ 'ਚ 8.26 ਲੱਖ ਗੱਡੀਆਂ ਉੱਤੇ ਕੀਤੇ ਖਰਚਾ ਵਿਖਾਇਆ ਹੈ।





**"ਇਹ ਹਜ਼ਮ ਨਹੀਂ ਹੋ ਰਿਹਾ ਹੈ ਕਿ ਪੰਜਾਬ ਜਿਹੇ ਸੂਬੇ 'ਚ 4 ਲੱਖ ਰੁਪਏ ਖ਼ਰਚ ਕਰ ਕੇ ਕੋਈ ਚੋਣ ਜਿੱਤ ਜਾਵੇ। ਈ.ਸੀ. ਨੂੰ ਧੋਖਾ ਦਿੱਤਾ ਜਾ ਰਿਹਾ ਹੈ। ਚੋਣ ਖ਼ਰਚ 'ਚ ਪੂਰੀ ਪਾਰਦਰਸ਼ਤਾ ਹੋਵੇ, ਇਸ ਲਈ ਅਸੀਂ ਸੁਪਰੀਮ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕਰਾਂਗੇ।"**
**- ਪ੍ਰੋ. ਤਰਲੋਚਨ ਸ਼ਾਸਤਰੀ,**
**ਫਾਊਂਡਰ ਮੈਂਬਰ ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫਾਰਮ**

# ਦਿੱਲੀ ਵਿਚ ਭਾਜਪਾ ਦੀਆਂ 31% ਸੀਟਾਂ ਵਧੀਆਂ, ਦੋ ਵਰ੍ਹਿਆਂ 'ਚ 51% ਘੱਟ ਗਈ 'ਆਪ' ਦੀ ਵੋਟ

### *ਕਾਂਗਰਸ ਦੀਆਂ 48 ਸੀਟਾਂ ਘਟੀਆਂ ਪਰ ਵੋਟ ਸ਼ੇਅਰ ਵਿਧਾਨ ਸਭਾ ਚੋਣਾਂ ਦੇ 9.9% ਤੋਂ ਵਧ ਕੇ 21.09% ਹੋਇਆ*

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਨਗਰ ਨਿਗਮ ਦੇ ਤਿੰਨਾ ਜ਼ੋਨਾਂ ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਦਾ ਜਾਦੂ ਵੋਟਰਾਂ ਦੇ ਸਿਰ ਚੜ੍ਹ ਕੇ ਬੋਲਿਆ ਅਤੇ ਭਾਜਪਾ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ। ਭਾਜਪਾ ਵੱਲੋਂ ਨਗਰ ਨਿਗਮ ਵਿਚ ਹੈਟ੍ਰਿਕ ਮਗਰੋਂ ਆਮ ਆਦਮੀ ਪਾਰਟੀ ਨੂੰ ਤਕੜਾ ਝਟਕਾ ਲੱਗਿਆ ਜਦਕਿ ਕਾਂਗਰਸ ਦੀਆਂ ਸੁਰਜੀਤੀ ਦੀਆਂ ਉਮੀਦਾਂ 'ਤੇ ਵੀ ਪਾਣੀ ਫਿਰ ਗਿਆ ਹੈ। 'ਆਪ' ਅੰਦਰ ਅਸੰਤੋਸ਼ ਦੇ ਸੁਰ ਤੇਜ਼ ਹੋਣ ਲੱਗ ਪਏ ਹਨ। ਭਾਜਪਾ ਨੇ ਉੱਤਰੀ, ਦੱਖਣੀ ਤੇ ਪੂਰਬੀ ਦਿੱਲੀ ਨਗਰ ਨਿਗਮ ਵਿੱਚ ਕੁੱਲ 270 ਵਾਰਡਾਂ ਵਿੱਚੋਂ 181 ਵਾਰਡ ਜਿੱਤੇ। ਦਿੱਲੀ ਵਿਧਾਨ ਸਭਾ ਵਿਚ ਹੂੰਝਾ ਫੇਰਨ ਵਾਲੀ ਆਮ ਆਦਮੀ ਪਾਰਟੀ ਨੂੰ 48 ਅਤੇ ਕਾਂਗਰਸ ਨੂੰ 30 ਵਾਰਡਾਂ 'ਤੇ ਜਿੱਤ ਮਿਲ ਸਕੀ। ਭਾਜਪਾ ਦੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਦੇ ਕੋਟੇ ਵਿੱਚੋਂ ਖੜ੍ਹੇ 4 ਉਮੀਦਵਾਰ ਵੀ ਭਾਜਪਾ ਦੇ ਚੋਣ ਨਿਸ਼ਾਨ 'ਤੇ ਜਿੱਤਣ ਵਿੱਚ ਸਫ਼ਲ ਰਹੇ। ਇਸੇ ਤਰ੍ਹਾਂ ਬਸਪਾ ਦੇ ਤਿੰਨ ਉਮੀਦਵਾਰ ਸਫ਼ਲ ਰਹੇ। ਇਨੈਲੋ ਅਤੇ ਸਮਾਜਵਾਦੀ ਪਾਰਟੀ ਨੂੰ ਇੱਕ-ਇੱਕ ਸੀਟ ਮਿਲੀ ਜਦਕਿ 6 ਆਜ਼ਾਦ ਉਮੀਦਵਾਰ ਜਿੱਤੇ ਹਨ। ਉੱਤਰੀ ਦਿੱਲੀ ਨਗਰ ਨਿਗਮ ਦੇ 103, ਦੱਖਣੀ ਦਿੱਲੀ ਦੇ 104 ਅਤੇ ਪੂਰਬੀ ਦਿੱਲੀ ਦੇ 63 ਵਾਰਡਾਂ ਲਈ 23 ਅਪਰੈਲ ਨੂੰ ਵੋਟਾਂ ਪਈਆਂ ਸਨ।



ਭਾਜਪਾ ਨੂੰ ਉੱਤਰੀ ਦਿੱਲੀ ਨਗਰ ਨਿਗਮ ਦੇ 64 ਵਾਰਡਾਂ ਵਿੱਚ ਜਿੱਤ ਮਿਲੀ ਹੈ। ਆਮ ਆਦਮੀ ਪਾਰਟੀ ਦੇ 21 ਵਾਰਡਾਂ ਵਿੱਚ ਉਮੀਦਵਾਰ ਜੇਤੂ ਰਹੇ ਅਤੇ ਕਾਂਗਰਸ ਦੇ ਉਮੀਦਵਾਰਾਂ ਨੂੰ 15 ਵਾਰਡਾਂ ਉਪਰ ਜਿੱਤ ਮਿਲੀ। ਦੱਖਣੀ ਦਿੱਲੀ ਨਗਰ ਨਿਗਮ ਵਿੱਚ ਭਾਜਪਾ ਨੂੰ 70, 'ਆਪ' ਨੂੰ 16 ਅਤੇ ਕਾਂਗਰਸ ਨੂੰ 12 ਵਾਰਡਾਂ ਵਿੱਚ ਜਿੱਤ ਮਿਲੀ। ਪੂਰਬੀ ਦਿੱਲੀ ਨਗਰ ਨਿਗਮ ਵਿੱਚ ਭਾਜਪਾ ਨੂੰ 47, 'ਆਪ' ਨੂੰ 11 ਅਤੇ ਕਾਂਗਰਸ ਨੂੰ 3 ਵਾਰਡਾਂ ਵਿੱਚ ਜਿੱਤ ਪ੍ਰਾਪਤ ਹੋਈ। ਭਾਜਪਾ ਨੂੰ 2012 ਦੀਆਂ ਚੋਣਾਂ ਵਿੱਚ 138 ਵਾਰਡਾਂ 'ਤੇ ਜਿੱਤ ਹਾਸਲ ਹੋਈ ਸੀ ਅਤੇ ਦੱਖਣੀ ਦਿੱਲੀ ਨਗਰ ਨਿਗਮ ਵਿੱਚ ਆਜ਼ਾਦ ਉਮੀਦਵਾਰਾਂ ਦੀ ਮਦਦ ਨਾਲ ਬਹੁਮੱਤ ਸਿੱਧ ਕਰਨੀ ਪਈ ਸੀ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਾਜਪਾ ਆਗੂਆਂ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਐਮਸੀਡੀ ਨਾਲ ਮਿਲ

ਬਾਕੀ ਸਫ਼ਾ 32 'ਤੇ

### ਦਿੱਲੀ ਕਾਂਗਰਸ ਦੇ ਪ੍ਰਧਾਨ ਅਜੈ ਮਾਕਨ ਨੇ ਦਿੱਤਾ ਅਸਤੀਫ਼ਾ

ਨਵੀਂ ਦਿੱਲੀ : ਨਗਰ ਨਿਗਮ ਚੋਣਾਂ ਦੌਰਾਨ ਕਾਂਗਰਸ ਦੀ ਦੁਰਗਤ ਹੋਣ ਮਗਰੋਂ ਅਜੈ ਮਾਕਨ ਨੇ ਦਿੱਲੀ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੰਦਿਆਂ ਹਾਰ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਉਨ੍ਹਾਂ ਕਿਹਾ ਕਿ ਹਾਈ ਕਮਾਂਡ ਨੇ ਉਨ੍ਹਾਂ ਨੂੰ ਸਾਰੀ ਜ਼ਿੰਮੇਵਾਰੀ ਤੇ ਖੁੱਲ੍ਹ ਦਿੱਤੀ ਸੀ ਤੇ ਉਨ੍ਹਾਂ ਪੂਰੀ ਕੋਸ਼ਿਸ਼ ਵੀ ਕੀਤੀ। ਹੁਣ ਉਹ ਕਾਂਗਰਸ ਲਈ ਇੱਕ ਆਮ ਵਰਕਰ ਵਾਂਗ ਕੰਮ ਕਰਨਾ ਚਾਹੁੰਦੇ ਹਨ। ਚੋਣ ਨਤੀਜਿਆਂ ਬਾਰੇ ਉਨ੍ਹਾਂ ਕਿਹਾ ਕਿ ਕਾਂਗਰਸ ਲਈ ਨਤੀਜੇ ਉਮੀਦ ਮੁਤਾਬਕ ਨਹੀਂ ਆਏ, ਪਰ ਵੋਟ ਬੈਂਕ ਵਿੱਚ 9 ਫ਼ੀਸਦੀ ਵਾਧਾ ਪਾਰਟੀ ਲਈ ਚੰਗਾ ਸੰਕੇਤ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਚੋਣ ਕਮਿਸ਼ਨ ਨੂੰ ਈਵੀਐਮਜ਼ ਦੀ ਗੜਬੜੀ ਬਾਰੇ ਸ਼ੰਕੇ ਦੂਰ ਕਰਨੇ ਚਾਹੀਦੇ ਹਨ। ਕਾਂਗਰਸ 'ਆਪ' ਮਗਰੋਂ ਤੀਜੀ ਥਾਂ ਉੱਤੇ ਰਹੀ ਹੈ। ਇਸ ਦੌਰਾਨ ਸ੍ਰੀ ਮਾਕਨ ਦੇ ਪਾਰਟੀ ਅੰਦਰਲੇ ਵਿਰੋਧੀਆਂ ਨੇ ਵੀ ਉਨ੍ਹਾਂ ਦੀ ਕਾਰਜਸ਼ੈਲੀ ਉਪਰ ਨਿਸ਼ਾਨਾ ਸਾਧਿਆ ਹੈ। ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਦੋਸ਼ ਲਾਇਆ ਕਿ ਚੋਣ ਪ੍ਰਚਾਰ ਲਈ ਹਮਲਾਵਰ ਰੁਖ਼ ਨਹੀਂ ਅਪਣਾਇਆ ਗਿਆ। ਗ਼ੌਰਤਲਬ ਹੈ ਕਿ ਸ੍ਰੀਮਤੀ ਦੀਕਸ਼ਿਤ ਨੇ ਖ਼ੁਦ ਵੀ ਪ੍ਰਚਾਰ ਤੋਂ ਦੂਰੀ ਬਣਾਈ ਰੱਖੀ। ਇਸ ਦਾ ਕਾਰਨ ਉਨ੍ਹਾਂ ਪਾਰਟੀ ਵੱਲੋਂ ਪ੍ਰਚਾਰ ਲਈ ਸੱਦਾ ਨਾ ਦੇਣਾ ਦੱਸਿਆ ਹੈ। ਬੀਬੀ ਦੀਕਸ਼ਿਤ ਦੇ ਪੁੱਤਰ ਤੇ ਸਾਬਕਾ ਐਮਪੀ ਸੰਦੀਪ ਦੀਕਸ਼ਿਤ ਨੇ ਵੀ ਸ੍ਰੀ ਮਾਕਨ 'ਤੇ ਵਾਰ ਕਰਦਿਆਂ ਕਿਹਾ, "ਮੈਂ ਪਹਿਲਾਂ ਹੀ ਆਖਿਆ ਸੀ ਕਿ ਤੰਗਦਿਲ, ਬੁਜ਼ਦਿਲ ਤੇ ਨਾਸਮਝ ਦੀ ਅਗਵਾਈ ਥੋਪੀ ਗਈ ਸੀ ਦਿੱਲੀ ਕਾਂਗਰਸ ਉੱਤੇ।" ਦੂਜੇ ਪਾਸੇ ਸ੍ਰੀ ਮਾਕਨ ਨੇ ਦੋਸ਼ ਲਾਇਆ ਕਿ ਬੀਬੀ ਦੀਕਸ਼ਿਤ ਤੇ ਉਨ੍ਹਾਂ ਦੇ ਪੁੱਤਰ ਸੰਦੀਪ ਦੀਕਸ਼ਿਤ ਨੇ ਉਨ੍ਹਾਂ (ਮਾਕਨ) ਖ਼ਿਲਾਫ਼ ਬਿਆਨਬਾਜ਼ੀ ਕੀਤੀ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES
03 ਮਈ 2017 ਤੋਂ 09 ਮਈ 2017

# ਸਦਾ ਸੁਲਗਦੀਆਂ ਸਰਹੱਦਾਂ

## *ਇੱਕ ਤੋਂ ਦੋ ਬਣੇ ਗੁਆਂਢੀ ਮੁਲਕਾਂ ਵਿਚਲੀ ਅਮੁੱਕ ਲੜਾਈ*

ਆਪਣੇ ਅੰਗਰੇਜ਼ ਸ਼ਾਸ਼ਕਾਂ ਦੀ ਰਾਜਸੀ ਗੁਲਾਮੀ ਦੀ ਜਕੜ 'ਚੋਂ ਆਜ਼ਾਦ ਹੋਣ ਲਈ ਇੱਕ ਮੁਲਕ ਵਜੋਂ ਲੜਣ ਬਾਅਦ ਦੋ ਮੁਲਕ ਬਣੇ ਭਾਰਤ ਅਤੇ ਪਾਕਿਸਤਾਨ ਦੀ ਆਪਸੀ ਦੁਸ਼ਮਣੀ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ। ਸਾਂਝੀ ਸਰਹੱਦ ਉੱਤੇ ਹਿੰਸਕ ਝੜਪਾਂ ਦੇ ਰੂਪ ਵਿੱਚ ਵਾਪਰਦੀਆਂ ਦੁਖਦਾਈ ਘਟਨਾਵਾਂ ਅਤੇ ਫੌਜੀਆਂ ਦੀਆਂ ਸ਼ਹਾਦਤਾਂ ਦੇ ਵਰਤਾਰੇ ਦਾ ਮੂਲ ਕਾਰਨ ਦੇਸ਼ ਦੀ ਵਰ੍ਹਿਆਂ ਪਹਿਲਾਂ ਹੋਈ ਵੰਡ ਹੈ। ਭਾਵੇਂ ਦੋਵੇਂ ਮੁਲਕ ਅਜਿਹੀ ਜਾਨ ਲੇਵਾ ਹਿੰਸਾ ਲਈ ਅਕਸਰ ਦੂਜੀ ਧਿਰ ਨੂੰ ਜ਼ੁੰਮੇਵਾਰ ਗਰਦਾਨਦੇ ਹਨ ਪਰ ਇਸ ਪਿੱਛੇ ਕਿਹੜੀਆਂ ਤਾਕਤਾਂ ਅਤੇ ਕਈ ਵਾਰ ਏਜੰਸੀਆਂ ਕੰਮ ਕਰ ਰਹੀਆਂ ਹੁੰਦੀਆਂ ਹਨ, ਉਸ ਬਾਰੇ ਸਪਸ਼ਟ ਰੂਪ ਵਿੱਚ ਸਮਝਣਾ/ਕਹਿਣਾ ਇੰਨਾ ਸੌਖਾ ਨਹੀਂ ਹੁੰਦਾ। ਸਿੱਟੇ ਵਜੋਂ ਨਾ ਕੋਈ ਕਬੂਲ ਕਰਦਾ ਹੈ ਤੇ ਨਾ ਕੋਈ ਹੱਲ ਨਿਕਲਦਾ ਹੈ। ਇਸ ਹਫ਼ਤੇ ਜੰਮੂ ਦੇ ਪੁਣਛ ਖੇਤਰ ਵਿੱਚ ਭਾਰਤੀ ਚੌਕੀ ਉੱਤੇ ਸਰਹੱਦ ਪਾਰੋਂ ਹੋਏ ਹਮਲੇ ਅਤੇ ਦੋ ਜਵਾਨਾਂ ਦੇ ਸ਼ਹੀਦ ਹੋਣ ਦੀ ਤਾਜ਼ਾ ਵਾਰਦਾਤ ਦਾ ਪਿਛੋਕੜ ਵਰ੍ਹਿਆਂ ਪੁਰਾਣਾ ਹੈ। ਅਸਲ ਵਿੱਚ ਸੰਨ 1947 ਦੀ ਦੁਖਦਾਈ ਵੰਡ ਨਾਲ ਭਾਰਤ ਅਤੇ ਪਾਕਿਸਤਾਨ ਵਜੋਂ ਦੋ ਵੱਖਰੇ ਮੁਲਕਾਂ ਵਜੋਂ ਹੋਂਦ 'ਚ ਆਉਣ ਬਾਅਦ ਦੋਵਾਂ ਵਿਚਾਲੇ ਦੁਸ਼ਮਣੀ ਦਾ ਇਤਿਹਾਸ ਬੜੀਆਂ ਕੌੜੀਆਂ ਯਾਦਾਂ ਨਾਲ ਭਰਿਆ ਹੋਇਆ ਹੈ। ਸਦੀਆਂ ਤੋਂ ਇੱਕ ਰਹੇ ਭਾਈਚਾਰਿਆਂ ਵਿਚਾਲੇ ਵੰਡ ਮੌਕੇ ਅਮਾਨਵੀ ਹਿੰਸਾ ਉਸ ਤੋਂ ਬਾਅਦ ਮੌਕਾ ਬੇਮੌਕਾ ਦੋਵਾਂ ਮੁਲਕਾਂ ਦੀਆਂ ਫੌਜਾਂ ਵਿਚਾਲੇ ਟਕਰਾਅ ਵਜੋਂ ਉਭਰ ਕੇ ਸਾਹਮਣੇ ਆਉਂਦੀ ਰਹਿੰਦੀ ਹੈ। ਵੰਡ ਮੌਕੇ ਕਸ਼ਮੀਰ ਨੂੰ ਆਪੋ ਆਪਣੇ ਕਬਜ਼ੇ ਵਿੱਚ ਲੈਣ ਮੌਕੇ ਹੀ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿੱਚ ਵੱਡੀ ਲੜਾਈ ਲਗਦੀ ਲਗਦੀ ਮਸਾਂ ਟਲੀ। ਪਰ ਇਨ੍ਹਾਂ ਕੋਸ਼ਿਸ਼ਾਂ ਨੇ ਕਸ਼ਮੀਰ ਦੇ ਅਜਿਹੇ ਦੋ ਟੁਕੜੇ ਕੀਤੇ ਕਿ ਇਸ ਕਾਰਵਾਈ ਨੇ ਕਸ਼ਮੀਰੀ ਲੋਕਾਂ ਨੂੰ ਬਲਦੀ ਦੇ ਬੁਥੇ ਧੱਕ ਦਿੱਤਾ। ਭਾਰਤ ਤੇ ਪਾਕਿਸਤਾਨ ਵਿਚਾਲੇ ਸੰਨ 1965, 1971 ਅਤੇ ਫਿਰ ਕਾਰਗਿਲ ਯੁੱਧਾਂ ਨੇ ਸਿਰਫ਼ ਕਸ਼ਮੀਰ ਦੇ ਨਹੀਂ ਬਲਕਿ ਦੋਵਾਂ ਮੁਲਕਾਂ ਦੇ ਆਮ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਭਾਵੇਂ ਇਸ ਅਮੁੱਕ ਲੜਾਈ ਦਾ ਮੂਲ ਕਾਰਨ ਕਸ਼ਮੀਰ ਹੀ ਹੈ, ਵੈਸੇ ਦੋਵਾਂ ਮੁਲਕਾਂ ਵਿਚਾਲੇ ਧਾਰਮਿਕ ਵਖਰੇਂਵਾਂ ਇਸ ਤਣਾਅ ਨੂੰ ਹੋਰ ਵਧਾਉਣ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਸਾਂਝੇ ਭਾਰਤ ਦੀ ਵੰਡ ਅਸਲ ਵਿੱਚ ਦੋ ਵੱਡੇ ਧਾਰਮਿਕ ਫਿਰਕਿਆਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਇਤਿਹਾਸਕ ਵਿਰੋਧ ਦਾ ਸਿੱਟਾ ਸੀ। ਭਾਵੇਂ ਧਾਰਮਿਕ ਅਤੇ ਸਭਿਆਚਾਰਕ ਤੌਰ ਉੱਤੇ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਇਲਾਵਾ ਸਿੱਖ, ਈਸਾਈ, ਬੋਧੀ, ਜੈਨੀ ਅਤੇ ਹੋਰ ਛੋਟੇ ਮੋਟੇ ਭਾਈਚਾਰਿਆਂ ਦੀ ਵੀ ਸਾਂਝੇ ਮੁਲਕ ਵਿੱਚ ਤਕੜੀ ਹੋਂਦ ਸੀ ਪਰ ਦੋਵਾਂ ਵੱਡੇ ਧਾਰਮਿਕ ਭਾਈਚਾਰਿਆਂ ਵਿਚਲਾ ਪਾੜਾ ਇੰਨਾ ਸਪਸ਼ਟ ਸੀ ਕਿ ਇਕੱਠਿਆਂ ਰਹਿਣਾ ਅਸੰਭਵ ਸੀ। ਅੰਗਰੇਜ਼ਾਂ ਨੇ ਜਿਸ ਆਧਾਰ ਉੱਤੇ ਵੰਡ ਦੀ ਲਕੀਰ ਵਾਹੀ ਉਸ ਨਾਲ ਪੰਜਾਬ ਅਤੇ ਬੰਗਾਲ ਦੇ ਟੋਟੇ ਕਾਨੂੰਨਨ ਕੀਤੇ ਗਏ ਅਤੇ ਕਸ਼ਮੀਰ ਦੀ ਦੋਵਾਂ ਧਿਰਾਂ ਨੇ 'ਬਾਂਦਰ ਵੰਡ' ਕਰ ਲਈ। ਭਾਰਤ ਵਿਚਲਾ ਹਿੱਸਾ ਜੰਮੂ ਕਸ਼ਮੀਰ ਵਜੋਂ ਜਾਣਿਆ ਜਾਣ ਲੱਗਾ। ਜਦੋਂ ਕਿ ਪਾਕਿਸਤਾਨ ਵਾਲੇ ਪਾਸੇ ਹਿੱਸੇ ਨੂੰ ਇਸਲਾਮਾਬਾਦ ਸਰਕਾਰ 'ਆਜ਼ਾਦ' ਕਸ਼ਮੀਰ ਅਤੇ ਦਿੱਲੀ ਸਰਕਾਰ 'ਮਕਬੂਜ਼ਾ' ਕਸ਼ਮੀਰ ਭਾਵ ਦੁਸ਼ਮਣ ਦੇ ਕਬਜ਼ੇ ਹੇਠਲਾ ਕਸ਼ਮੀਰ ਕਹਿੰਦੀ ਹੈ। ਭਾਰਤ ਅਪਣੇ 'ਅਟੁੱਟ ਅੰਗ' ਕਸ਼ਮੀਰ ਦੇ ਪਾਕਿਸਤਾਨ ਹੇਠਲੇ ਹਿੱਸੇ ਨੂੰ ਆਜ਼ਾਦ ਕਰਵਾ ਕੇ ਸਮੁੱਚੇ ਕਸ਼ਮੀਰ ਨੂੰ ਇਕੱਠਾ ਕਰਨ ਲਈ ਲਗਾਤਾਰ ਯਤਨਸ਼ੀਲ ਅਤੇ ਕੌਮਾਂਤਰੀ ਪਲੇਟਫਾਰਮਾਂ ਉੱਤੇ ਜਦੋਜ਼ਹਿਦ ਕਰਦਾ ਆ ਰਿਹਾ ਹੈ। ਉਧਰ ਪਾਕਿਸਤਾਨ ਯੂ.ਐਨ.ਓ. ਤੋਂ ਲੈ ਕੇ ਹਰ ਥਾਂ ਆਪਣਾ ਸਟੈਂਡ ਦੁਹਰਾਉਂਦਾ ਹੈ ਕਿ ਭਾਰਤ ਨੇ ਫੌਜੀ ਤਾਕਤ ਦੇ ਜ਼ੋਰ ਕਸ਼ਮੀਰ ਦੀ ਧਰਤੀ ਅਤੇ ਲੋਕਾਂ ਨੂੰ 'ਗੁਲਾਮ' ਬਣਾ ਕੇ ਰੱਖਿਆ ਹੈ। ਉਸ ਦਾ ਕਹਿਣਾ ਹੈ ਕਿ ਕਸ਼ਮੀਰ ਦੇ ਦੋਵਾਂ ਹਿੱਸਿਆਂ ਦਾ 'ਆਜ਼ਾਦ ਕਸ਼ਮੀਰ' ਹੀ ਮਸਲੇ ਦਾ ਅਸਲ ਹੱਲ ਹੈ। ਪਿਛਲੇ 7 ਦਹਾਕਿਆਂ ਤੋਂ ਸਰਹੱਦ ਦੇ ਦੋਵੀਂ ਪਾਸੀਂ ਵਸਦੇ ਕਸ਼ਮੀਰੀ ਲੋਕਾਂ ਨੂੰ ਜਿਨ੍ਹਾਂ ਮੁਸ਼ਕਲਾਂ, ਜ਼ਿਲਤ, ਪੱਖਪਾਤ ਅਤੇ ਹਕੂਮਤੀ ਵਧੀਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਕਿਸੇ ਤੋਂ ਛੁਪੀਆਂ ਨਹੀਂ। ਪਰ ਇਸ ਸਭ ਕੁਝ ਦਾ ਪ੍ਰਤੀਕਰਮ ਅਤੇ ਪ੍ਰਗਟਾ ਭਾਰਤ-ਪਾਕਿ ਸਰਹੱਦ ਉੱਤੇ ਸਮੇਂ ਸਮੇਂ ਦੋਵਾਂ ਮੁਲਕਾਂ ਦੇ ਫੌਜੀ ਜਵਾਨਾਂ ਅਤੇ ਆਮ ਨਾਗਰਿਕਾਂ ਦੀ ਜਾਨ ਲੈਣ ਵਾਲੇ ਹਿੰਸਕ ਟਕਰਾਅ ਦੇ ਰੂਪ ਵਿੱਚ ਸਾਹਮਣੇ ਆਉਂਦਾ ਅਤੇ ਵੇਖਿਆ ਜਾ ਸਕਦਾ ਹੈ। ਕਸ਼ਮੀਰ ਦੀ 'ਆਜ਼ਾਦੀ' ਦੀ ਲੜਾਈ ਲੜਣ ਵਾਲੇ ਕਸ਼ਮੀਰੀ ਗਰੁੱਪਾਂ ਵਲੋਂ ਸਰਹੱਦ ਪਾਰੋਂ ਵਾਰਦਾਤਾਂ ਨੂੰ ਅੰਜ਼ਾਮ ਦੇਣ ਵਾਸਤੇ ਪਾਕਿਸਤਾਨ ਦੀ ਮਦਦ ਲੈਣ ਦੇ ਚਰਚੇ ਕਿਸੇ ਤੋਂ ਛੁਪੇ ਨਹੀਂ। ਜੰਮੂ- ਕਸ਼ਮੀਰ ਵਿੱਚ ਸਮੇਂ ਸਮੇਂ ਲੋਕਰਾਜੀ ਸਰਕਾਰਾਂ ਕਾਇਮ ਹੋਣ ਦੇ ਬਾਵਜੂਦ ਭਾਰਤ ਸਰਕਾਰ ਕਸ਼ਮੀਰੀਆਂ ਦੇ ਦਿਲ ਜਿੱਤਣ ਵਿੱਚ ਨਾਕਾਮ ਰਹੀ ਹੈ। ਪਹਾੜਾਂ ਦੀ ਗੋਦ ਵਿਚਲੀ ਦੁਨੀਆ ਦੀ ਸਭ ਤੋਂ ਹੁਸੀਨ ਸਮਝੀ ਜਾਂਦੀ 'ਕਸ਼ਮੀਰ ਵਾਦੀ' ਵਰ੍ਹਿਆਂ ਤੋਂ ਅਮੁੱਕ ਹਿੰਸਾ ਦਾ ਸ਼ਿਕਾਰ ਚਲੇ ਆਉਣ ਦਾ ਕਾਰਨ ਵੀ 'ਦਿੱਲੀ ਸਰਕਾਰ' ਦੇ ਵਾਅਦਿਆਂ ਅਤੇ ਇਰਾਦਿਆਂ ਤੋਂ ਕਸ਼ਮੀਰ ਦੇ ਆਮ ਲੋਕਾਂ ਦਾ ਵਿਸ਼ਵਾਸ ਦਿਨੋਂ ਦਿਨ ਉਠਦੇ ਜਾਣਾ ਹੈ। ਦਿੱਲੀ ਵਿਚਲੀਆਂ ਕਾਂਗਰਸੀ ਅਤੇ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਨੇ 'ਗੱਲਬਾਤ' ਰਾਹੀਂ ਮਸਲੇ ਦੇ ਹੱਲ ਲਈ ਜਿਹੜੇ ਵੀ ਯਤਨ ਕੀਤੇ ਹਨ, ਉਨ੍ਹਾਂ ਦੇ ਸਾਰਥਕ ਨਤੀਜੇ ਤਾਂ ਕੀ ਨਿਕਲਣੇ ਸਨ, ਸਗੋਂ ਸਰਕਾਰ ਅਤੇ ਸੰਘਰਸ਼ ਕਰ ਰਹੀਆਂ ਧਿਰਾਂ ਵਿਚਾਲੇ ਅੱਗੋਂ ਸੰਵਾਦ ਦੇ ਦਰ ਹੋਰ ਭੀੜੇ ਹੁੰਦੇ ਜਾ ਰਹੇ ਹਨ। ਦੂਜੇ ਪਾਸੇ ਸਰਹੱਦ ਉੱਤੇ ਭਾਰਤੀ ਦੀਆਂ ਫੌਜੀ ਚੌਕੀਆਂ ਉੱਤੇ ਹਮਲੇ ਅਤੇ ਫੌਜੀ ਜਵਾਨਾਂ ਨੂੰ ਸ਼ਹੀਦ ਕਰਨ ਨਾਲ ਕਸ਼ਮੀਰੀ ਲੋਕਾਂ ਨੂੰ ਪਹਿਲਾਂ ਨਾਲੋਂ ਵੀ ਵੱਧ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਸ਼ਮੀਰ ਮਸਲੇ ਦਾ ਹੱਲ ਭਾਵੇਂ ਇੰਨਾ ਸੌਖਾ ਨਜ਼ਰ ਨਹੀਂ ਆਉਂਦਾ ਪਰ ਇਸ ਸਬੰਧੀ ਕੀਤੇ ਕਹੇ ਜਾਂਦੇ ਯਤਨਾਂ ਵਿਚਲੀ ਦੂਰਅੰਦੇਸ਼ੀ ਅਤੇ ਸੁਹਿਰਦਤਾ ਉੱਤੇ ਕਸ਼ਮੀਰੀ ਲੋਕਾਂ ਦੀ ਬੇਯਕੀਨੀ ਵੀ ਬੇਮਾਅਨੀ ਨਹੀਂ। ਖ਼ਾਸ ਕਰ ਜੰਮੂ-ਕਸ਼ਮੀਰ ਵਿੱਚ ਪਿਛਲੀਆਂ ਵਿਧਾਨ ਸਭਾਈ ਚੋਣਾਂ, ਜਿਨ੍ਹਾਂ 'ਚ ਲੋਕਾਂ ਦੀ ਸ਼ਮੂਲੀਅਤ ਭਰਵੀਂ ਸੀ, ਬਾਅਦ ਪੀਡੀਪੀ ਅਤੇ ਭਾਜਪਾ ਵਾਲੀ ਸਰਕਾਰ ਦੀਆਂ ਕਾਰਵਾਈਆਂ ਨੇ ਕਸ਼ਮੀਰੀਆਂ ਵਿੱਚ ਨਰਿੰਦਰ ਮੋਦੀ ਦੇ ਨਾਲ ਨਾਲ ਮਹਿਬੂਬਾ ਮੁਫ਼ਤੀ ਦੀ ਜਿਹੜੀ ਭੋਰਾ ਕੁ ਭਰੋਸੇਯੋਗਤਾ ਸੀ, ਉਹ ਵੀ ਖ਼ਤਮ ਕਰਕੇ ਰੱਖ ਦਿੱਤੀ ਹੈ। ਫੌਜੀ ਜਵਾਨਾਂ ਦੇ ਮਾਰੇ ਜਾਣ ਨਾਲ ਉਨ੍ਹਾਂ ਦੇ ਪਰਿਵਾਰਾਂ ਉੱਤੇ ਢਹਿੰਦੇ ਮੁਸੀਬਤਾਂ ਦੇ ਪਹਾੜਾਂ ਅਤੇ ਕਸ਼ਮੀਰੀ ਆਵਾਮ ਨੂੰ ਲਗਾਤਾਰ ਝੱਲਣੇ ਪੈ ਰਹੇ ਹਕੂਮਤੀ ਜ਼ੁਲਮਾਂ ਦੇ ਖਾਤਮੇ ਲਈ ਦੋਵਾਂ ਮੁਲਕਾਂ ਨੂੰ ਸੰਕੀਰਣ ਪਹੁੰਚ ਤੋਂ ਉਪਰ ਉੱਠ ਕੇ ਗੰਭੀਰਤਾ ਨਾਲ ਸੋਚਣਾ ਅਤੇ ਅਮਲੀ ਕਾਰਵਾਈ ਕਰਨੀ ਹੋਵੇਗੀ।

# ਪਹਿਲੇ 100 ਦਿਨਾਂ 'ਚ ਹੀ ਟਰੰਪ ਦੀ ਸੁਰ ਪਈ ਨਰਮ




**ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਨਿਰਸੰਦੇਹ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦਫ਼ਤਰ ਹੈ। ਓਵਲ ਦਫ਼ਤਰ ਵਿੱਚ ਬੈਠਣ ਵਾਲਾ ਵਿਅਕਤੀ ਕਿਸੇ ਤੋਂ ਵੀ ਉਸ ਦੀ ਖ਼ੁਸ਼ੀ ਖੋਹ ਸਕਦਾ ਹੈ। ਇਨ੍ਹਾਂ 100 ਦਿਨਾਂ ਵਿੱਚ ਜੇਕਰ ਕੋਈ ਰਾਹਤ ਦੀ ਗੱਲ ਹੈ ਤਾਂ ਉਹ ਹੈ ਕਿ ਟਰੰਪ ਨੂੰ ਬੇਪਰਵਾਹ ਹੋਣ ਦੀ ਆਗਿਆ ਨਹੀਂ ਦਿੱਤੀ ਗਈ। ਸੰਸਥਾਗਤ ਰੁਕਾਵਟਾਂ, ਉਦਾਰਵਾਦੀ ਧਾਰਮਿਕਤਾ ਅਤੇ ਜ਼ੋਰਦਾਰ ਤੇ ਜਾਨਦਾਰ ਮੀਡੀਆ ਨੇ ਮਿਲ ਕੇ ਉਸ ਨੂੰ ਜਾਂਚ ਅਤੇ ਜਵਾਬਦੇਹੀ ਅਧੀਨ ਲਗਾਤਾਰ ਲਿਆਂਦਾ ਹੈ।**

**ਹਰੀਸ਼ ਖਰੇ**

ਵ੍ਹਾਈਟ ਹਾਊਸ ਵਿੱਚ ਡੋਨਲਡ ਟਰੰਪ ਦੇ ਸੌ ਦਿਨ ਪੂਰੇ ਹੋ ਚੁੱਕੇ ਹਨ। 8 ਨਵੰਬਰ 2018 ਨੂੰ ਜਦੋਂ ਉਹ ਸੰਯੁਕਤ ਰਾਜ ਅਮਰੀਕਾ ਦਾ



ਰਾਸ਼ਟਰਪਤੀ ਚੁਣਿਆ ਗਿਆ ਸੀ ਤਾਂ ਬਾਕੀ ਦੁਨੀਆ ਹੈਰਾਨ ਹੋ ਰਹੀ ਸੀ ਕਿ ਅਮਰੀਕਨਾਂ ਨੇ ਇਸ ਬੰਦੇ ਨੂੰ ਇੰਨੇ ਉੱਚੇ ਅਹੁਦੇ ਲਈ ਕਿਵੇਂ ਚੁਣ ਲਿਆ? ਉਹ ਅਮਰੀਕਾ, ਜੋ ਕਿ ਹਾਰਵਰਡ ਤੇ ਯੇਲ, ਪ੍ਰਿੰਸਟਨ ਤੇ ਐੱਮਆਈਟੀ ਅਤੇ ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਤੇ ਨਿਊ ਯੋਰਕਰ ਵਰਗੇ ਬੌਧਿਕ ਮੁਰਾਸਲਿਆਂ ਦੀ ਧਰਤੀ ਹੈ, ਉਸ ਬੰਦੇ ਨੂੰ ਕਿਵੇਂ ਆਪਣਾ ਨੇਤਾ ਚੁਣ ਸਕਦੀ ਹੈ ਜੋ ਕਿ ਸਿਰੇ ਦਾ ਬੇਅਦਬ ਹੈ, ਮਿੱਥ ਕੇ ਗੈਰ-ਬੌਧਿਕ ਹੈ, ਲਾਲਚੀ ਕਾਰੋਬਾਰੀ ਤੋਂ ਵੱਧ ਹੋਰ ਕੁਝ ਨਹੀਂ ਅਤੇ ਜਿਸ ਦਾ ਲੋਕ ਸੇਵਾ ਤੇ ਲੋਕ ਨੀਤੀ ਦਾ ਕੋਈ ਰਿਕਾਰਡ ਨਹੀਂ? ਖ਼ੈਰ, ਜਮਹੂਰੀਅਤ ਕਦੇ ਕਦੇ ਗ਼ਲਤ ਤੇ ਨੁਕਸਦਾਰ ਨਤੀਜੇ ਵੀ ਪੈਦਾ ਕਰ ਦਿੰਦੀ ਹੈ। ਡੋਨਲਡ ਟਰੰਪ ਵੀ ਅਜਿਹੀ ਹੀ ਜਮਹੂਰੀ ਵਿਸੰਗਤੀ ਹੈ। ਉਸ ਨੇ ਇਸ ਸਾਲ 20 ਜਨਵਰੀ ਨੂੰ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ। ਕੀ ਉਸ ਨੇ ਅਮਰੀਕਾ ਨੂੰ ਉਸ ਢੰਗ ਨਾਲ ਛਿੰਨ-ਭਿੰਨ ਜਾਂ ਨਸ਼ਟ ਕੀਤਾ ਹੈ ਜਿਵੇਂ ਕਿ ਉਸ ਦੇ ਵਿਰੋਧੀ ਸੋਚਦੇ ਤੇ ਕਿਆਸਦੇ ਸਨ? ਜਾਂ ਕੀ ਉਸ ਨੇ ਉਸ ਕਿਸਮ ਦੀ ਆਲਮੀ ਅਰਾਜਕਤਾ ਨੂੰ ਉਭਾਰਿਆ ਹੈ, ਜਿਸ ਕਿਸਮ ਦੇ ਖ਼ਦਸ਼ੇ ਵੱਖ ਵੱਖ ਅਹਿਮ ਦੇਸ਼ਾਂ ਦੀ ਰਾਜਧਾਨੀਆਂ ਵਿੱਚ ਪ੍ਰਗਟਾਏ ਜਾ ਰਹੇ ਸਨ। ਪਹਿਲੇ ਸੌ ਦਿਨਾਂ ਦਾ ਸਮਾਂ ਕਿਸੇ ਨਿਸ਼ਚਿਤ ਨਤੀਜੇ ਤਕ ਪੁੱਜਣ ਲਈ ਸ਼ਾਇਦ ਬਹੁਤ ਘੱਟ ਸਮਾਂ ਹੈ, ਪਰ ਇਹ ਵੀ ਹੋ ਸਕਦਾ ਹੈ ਕਿ ਟਰੰਪੀ ਅਭੱਦਰਤਾ ਕਾਰਨ ਅਮਰੀਕਾ ਦੇ ਵਿਖੰਡਿਤ ਹੋਣ ਦੇ ਖ਼ਦਸ਼ੇ, ਬਿਪਤਾਵਾਂ ਨੂੰ ਵਧਾ-ਚੜ੍ਹਾਅ ਕੇ ਕਿਆਸਣ ਦੀ ਬਿਰਤੀ ਦੀ ਪੈਦਾਇਸ਼ ਹੋਣ। ਜਮਹੂਰੀਅਤ ਵਿੱਚ ਰੋਗ ਨਿਵਾਰਕ ਸ਼ਕਤੀ ਵੀ ਹੁੰਦੀ ਹੈ ਅਤੇ ਉਹ ਜ਼ਾਹਰਾ ਤੌਰ 'ਤੇ ਅਸਰ ਵੀ ਦਿਖਾ ਰਹੀ ਹੈ।

ਡੋਨਲਡ ਟਰੰਪ ਨੇ ਨਵੰਬਰ 2016 ਵਿੱਚ ਰਾਸ਼ਟਰਪਤੀ ਦਾ ਅਹੁਦੇ ਦੀ ਚੋਣ ਤਾਂ ਜਿੱਤ ਲਈ, ਪਰ ਇਹ ਜਿੱਤ ਆਮ ਲੋਕਾਂ ਦੇ ਫ਼ਤਵੇ ਦੇ ਰੂਪ ਵਿੱਚ ਨਹੀਂ ਸੀ। ਇਹੀ ਕਾਰਨ ਸੀ ਕਿ ਜਿਨ੍ਹਾਂ ਨੇ ਉਸ ਦੇ ਹੱਕ ਵਿੱਚ ਵੋਟ ਨਹੀਂ ਸੀ ਪਾਈ, ਉਨ੍ਹਾਂ ਨੂੰ ਇਹ ਜਾਇਜ਼ ਜਾਪਦਾ ਸੀ ਕਿ ਉਹ ਪਹਿਲੇ ਦਿਨ ਤੋਂ ਹੀ ਟਰੰਪ ਦਾ ਵਿਰੋਧ ਕਰ ਸਕਦੇ ਹਨ। ਅਮਰੀਕੀ ਰਾਸ਼ਟਰਪਤੀਆਂ ਨੂੰ ਕੁਝ ਸਮਾਂ ਆਪਣੀਆਂ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਨੂੰ ਸਮਝਣ ਤੇ ਉਨ੍ਹਾਂ ਮੁਤਾਬਕ ਢਲਣ ਲਈ ਦਿੱਤਾ ਜਾਂਦਾ ਹੈ। ਇਸ ਨੂੰ 'ਹਨੀਮੂਨ' ਦਾ ਸਮਾਂ ਕਿਹਾ ਜਾਂਦਾ ਹੈ। ਟਰੰਪ ਦੇ ਪਹਿਲੇ 100 ਦਿਨ ਟਕਰਾਅ ਤੇ ਝੜਪਾਂ ਦੇ ਦਿਨ ਰਹੇ ਹਨ। ਵਾਸ਼ਿੰਗਟਨ ਵਿਚਲੀ ਰਾਜਕੀ ਭੀੜ ਉਸ ਨੂੰ ਹਿਕਾਰਤ ਨਾਲ ਦੇਖਦੀ ਹੈ; ਇਹ ਭੀੜ, ਦਰਅਸਲ, ਅਜਿਹੇ ਹਰ ਵਿਅਕਤੀ ਨੂੰ ਹਿਕਾਰਤ ਨਾਲ ਦੇਖਦੀ ਹੈ ਜਿਸ ਨੂੰ ਇਹ 'ਬਾਹਰੀ' ਬੰਦਾ ਸਮਝਦੀ ਹੈ। ਇਸ ਨੇ ਗ਼ੈਰ-ਰਾਜਸੀ ਘਰਾਣਿਆਂ ਵਿੱਚੋਂ ਨਾ ਉੱਭਰੇ ਜਿਮੀ ਕਾਰਟਰ ਨੂੰ ਵੀ ਤ੍ਰਿਸਕਾਰਿਆ ਸੀ ਅਤੇ ਬਿਲ ਕਲਿੰਟਨ ਨੂੰ ਵੀ। ਇਹ ਵੱਖਰੀ ਗੱਲ ਹੈ ਕਿ ਸਨਕੀ ਅਤੇ ਝਗੜਾਲੂ ਟਰੰਪ ਉਸ ਕਿਸਮ ਦਾ ਇਨਸਾਨ ਨਹੀਂ ਜੋ ਇੱਕ ਗੱਲ੍ਹ ਉੱਤੇ ਥੱਪੜ ਪੈਣ 'ਤੇ ਦੂਜੀ ਗੱਲ੍ਹ ਵੀ ਅੱਗੇ ਕਰ ਦੇਵੇ। ਉਹ ਤਾਂ ਆਪਣੇ ਵਿਰੋਧੀਆਂ ਤੇ ਨਿੰਦਕਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ, ਇੱਟਾਂ ਨਾਲ ਭੰਨਣ ਦਾ ਕੋਈ ਵੀ ਮੌਕਾ ਅਜਾਈਂ ਨਹੀਂ ਗੁਆਉਂਦਾ।

ਟਰੰਪ ਸੱਚਮੁੱਚ ਹੀ ਵੱਖਰੀ ਚੀਜ਼ ਹੈ। ਉਸ ਨੂੰ ਲੈ ਕੇ ਅਮਰੀਕੀ ਮਾਯੂਸੀ ਤੇ ਨਮੋਸ਼ੀ ਦੀ ਇੱਕ ਵਜ੍ਹਾ ਇਹ ਵੀ ਹੈ ਕਿ ਪਿਛਲੇ ਅੱਠ ਸਾਲਾਂ ਦੌਰਾਨ ਅਮਰੀਕਾ, ਤੇ ਬਾਕੀ ਦਾ ਜਗਤ, ਰਾਸ਼ਟਰਪਤੀ ਦੇ ਭਾਸ਼ਨਾਂ ਤੇ ਦਲੀਲਾਂ ਦੀ ਨਿੱਗਰਤਾ ਤੋਂ ਕਾਇਲ ਹੁੰਦਾ ਆਇਆ ਹੈ। ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਟਰੰਪ ਵਧੀਆ ਬੁਲਾਰਾ ਹੈ। ਉਸ ਦੀ ਬੋਲੀ ਤੇ ਤਕਰੀਰਾਂ ਵਿਚਲਾ ਕੁਢੱਬ ਇਸ ਤੱਥ ਦੀ ਪੈਦਾਇਸ਼ ਹੈ ਕਿ ਆਪਣੇ ਤੋਂ ਪਹਿਲਾਂ ਵਾਲੇ ਰਾਸ਼ਟਰਪਤੀ, ਜੋ ਕਿ ਕਈ ਵਾਰ ਲੋੜੋਂ ਵੱਧ ਪੇਸ਼ੇਵਾਰਾਨਾ ਬੁਲਾਰਾ ਹੋਣ ਦਾ ਪ੍ਰਭਾਵ ਦਿੰਦਾ ਸੀ, ਤੋਂ ਉਲਟ ਟਰੰਪ ਨੇ ਖ਼ੁਦ ਦਾ ਅਕਸ ਗਲੀਆਂ ਤੇ ਲਠੈਤ ਤੇ ਉਪੱਦਰੀ ਵਾਲਾ ਉਭਾਰਿਆ ਹੈ। ਅਤੇ ਉਸ ਨੇ ਆਪਣੀ ਇਹ ਭੂਮਿਕਾ ਵੀ ਹੁਣ ਤਕ ਬਾਖ਼ੂਬੀ ਨਿਭਾਈ ਹੈ, ਉਹ ਵੀ ਟਵਿੱਟਰ ਦੀ ਵਰਤੋਂ ਘਸੁੰਨਬਾਜ਼ੀ ਲਈ ਕਰਕੇ। ਇਸ ਦੇ 140 ਸ਼ਬਦਾਂ (ਜਾਂ ਕਿਰਦਾਰਾਂ) ਦੀ ਵਰਤੋਂ ਉਸ ਨੇ ਦੇਸ਼ ਤੇ ਵਿਦੇਸ਼ ਵਿਚਲੇ ਵਿਰੋਧੀਆਂ ਖ਼ਿਲਾਫ਼ ਫੌਲਾਦੀ ਮੁੱਕਿਆਂ ਵਾਂਗ ਕੀਤੀ ਹੈ।

ਅਮਰੀਕੀ ਸੰਵਿਧਾਨਕ ਪ੍ਰਬੰਧਾਂ ਅਨੁਸਾਰ ਵਾਸ਼ਿੰਗਟਨ ਵਿਚਲੀ ਅਥਾਰਟੀ ਕਈ ਹਿੱਸਿਆਂ ਵਿੱਚ ਵੰਡੀ ਹੋਈ ਹੈ। ਰਾਸ਼ਟਰਪਤੀ ਦੀ ਅਸਰਦਾਇਕਤਾ ਵੱਖ ਵੱਖ ਗਰੁੱਪਾਂ ਨਾਲ ਮਿਲ ਕੇ ਕੰਮ ਕਰਨ, ਇਤਫ਼ਾਕ ਰਾਇ ਪੈਦਾ ਕਰਨ ਅਤੇ ਹਰ ਮੁੱਦੇ 'ਤੇ ਸਾਂਝੀ ਪਹੁੰਚ ਸਥਾਪਤ ਕਰਨ ਦੀ ਵ੍ਹਾਈਟ ਹਾਊਸ ਦੀ ਸਮਰੱਥਾ ਤੇ ਯੋਗਤਾ ਉੱਤੇ ਨਿਰਭਰ ਕਰਦੀ ਹੈ। ਖ਼ੁਦ ਨੂੰ ਕਮਾਲ ਦਾ ਸੌਦੇਬਾਜ਼ ਸਮਝਣ ਦੇ ਬਾਵਜੂਦ ਟਰੰਪ ਨੇ ਵਾਸ਼ਿੰਗਟਨ ਵਿਚਲੇ ਹੋਰ ਸੰਸਥਾਗਤ ਖਿਡਾਰੀਆਂ ਨਾਲ ਮਿਲ ਕੇ ਕੰਮ ਕਰਨ ਦੀ ਹੁਨਰਮੰਦੀ ਤੇ ਨਜ਼ਰੀਆ ਦਿਖਾਇਆ। ਲਿਹਾਜ਼ਾ, ਹੋਰ ਉਸ ਉੱਪਰ ਲਗਾਤਾਰ ਵਾਰ ਕਰਦੇ ਹਨ ਤਾਂ ਉਹ ਝਈਆਂ ਲੈ ਕੇ ਪੈਂਦਾ ਹੈ। ਪਿਛਲੇ 100 ਦਿਨਾਂ ਨੇ ਰਾਸ਼ਟਰਪਤੀ ਵਾਲੇ ਸ਼ਿਸ਼ਟਾਚਾਰ ਤੋਂ ਕਈ ਵਾਰ ਦੂਰੀਆਂ ਦੇਖੀਆਂ ਹਨ।

ਜਮਹੂਰੀ ਮੁਲਕਾਂ ਦੇ ਲੋਕ ਆਪਣੇ ਆਗੂਆਂ ਅੰਦਰ ਨੈਤਿਕ ਪ੍ਰਮਾਣਿਕਤਾ ਅਤੇ ਸੰਜੀਦਗੀ ਦੀ ਭਾਵਨਾ ਦੀ ਤਵੱਕੋ ਕਰਦੇ ਹਨ। ਨਿਸ਼ਚਿਤ ਰੂਪ ਵਿੱਚ ਹੀ ਉਨ੍ਹਾਂ ਨੂੰ ਆਪਣੇ ਆਗੂਆਂ ਉੱਤੇ ਭਰੋਸਾ ਕਰਨ ਅਤੇ ਇਹ ਵਿਸ਼ਵਾਸ ਕਰਨ ਦੀ ਵੀ ਲੋੜ ਹੈ ਕਿ ਰਸਿਕਤਾ ਅਤੇ ਨੈਤਿਕ ਚਮਕ ਨਾਲ ਭਰਪੂਰ ਮਿਸਾਲੀ ਸ਼ਖ਼ਸੀਅਤ ਉਨ੍ਹਾਂ ਦੀ ਅਗਵਾਈ ਕਰ ਰਹੀ ਹੈ। ਨਾਗਰਿਕਾਂ ਨੂੰ ਆਪਣੇ ਆਗੂਆਂ ਦੀ ਇੱਜ਼ਤ ਕਰਨ ਦੀ ਲੋੜ ਹੈ, ਪਰ ਡੋਨਲਡ ਟਰੰਪ ਇਸ ਪਾਏ 'ਤੇ ਖੜ੍ਹਨ ਤੋਂ ਇਨਕਾਰੀ ਹੈ।

ਕਿਉਂਕਿ ਉਸ ਨੇ ਅਖੌਤੀ ਕੁਲੀਨਾਂ ਅਤੇ ਅਮਰੀਕੀ ਨੌਕਰੀਆਂ 'ਤੇ ਕਬਜ਼ਾ ਕਰਨ ਵਾਲੇ ਵਿਦੇਸ਼ੀਆਂ ਖ਼ਿਲਾਫ਼ ਅਮਰੀਕੀ ਵੋਟਰਾਂ ਦੇ ਰੋਸੇ ਅਤੇ ਨਿਰਾਸ਼ਾਵਾਂ ਨੂੰ ਭੁਨਾ ਕੇ ਇਹ ਅਹੁਦਾ ਹਾਸਲ ਕੀਤਾ ਹੈ, ਇਸ ਲਈ ਟਰੰਪ ਆਪਣੇ ਜ਼ਿਆਦਾਤਰ ਲੋਕਾਂ ਦਾ ਗੁੱਸਾ ਉਬਾਲੇ ਖਾਂਦਾ ਰੱਖਣ ਦੀ ਲੋੜ ਨੂੰ ਮਹਿਸੂਸ ਕਰਦਾ ਹੈ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸ ਦੇ ਸਭ ਤੋਂ ਪਹਿਲੇ ਜ਼ੁਬਾਨੀ ਕਾਰਜਕਾਰੀ ਫ਼ੈਸਲੇ ਆਵਾਸੀਆਂ ਖ਼ਿਲਾਫ਼ ਸੇਧਿਤ ਸਨ, ਪਰ ਉਸ ਨੂੰ ਇਸ ਮਾਮਲੇ ਵਿੱਚ ਨਿਆਂਇਕ ਚੁਣੌਤੀਆਂ ਨਾਲ ਲਗਾਤਾਰ ਸਿੱਝਣਾ ਪਿਆ। ਨਿਆਂਇਕ ਬਰਾਂਚ ਨਾਲ ਵਿਰੋਧ ਦੀ ਭਾਵਨਾ ਜਿਵੇਂ ਕਾਫ਼ੀ ਨਹੀਂ ਸੀ, ਰਾਸ਼ਟਰਪਤੀ ਨੇ ਬਿਨਾਂ ਸੋਚੇ ਸਮਝੇ ਮੀਡੀਆ ਨੂੰ ਵੀ ਆਪਣੇ ਖ਼ਿਲਾਫ਼ ਕਰ ਲਿਆ। ਇਸ ਸਭ ਕੁਝ ਨੇ ਰਾਸ਼ਟਰਪਤੀ ਨੂੰ ਦੇਸ਼ ਵਿੱਚ ਕਿਸੇ ਤਰ੍ਹਾਂ ਦਾ ਮਾਣ-ਸਤਿਕਾਰ ਪ੍ਰਾਪਤ ਕਰਨ ਵਿੱਚ ਮਦਦ ਨਹੀਂ ਕੀਤੀ।

ਅਮਰੀਕਨਾਂ ਨੂੰ ਇਹ ਬੇਯਕੀਨੀ ਹੈ ਕਿ ਰਾਸ਼ਟਰਪਤੀ ਨੇ ਕੀ ਆਪਣੇ ਦਫ਼ਤਰ ਨੂੰ ਆਪਣੇ ਗੁੰਝਲਦਾਰ ਕਾਰੋਬਾਰ ਹਿੱਤਾਂ ਤੋਂ ਸਚਮੁੱਚ ਹੀ ਨਿਖੇੜਿਆ ਹੋਇਆ ਹੈ। ਯਕੀਨਨ ਹੀ ਉਹ ਇਸ ਗੱਲੋਂ ਖ਼ੁਸ਼ ਨਹੀਂ ਹਨ ਕਿ ਰਾਸ਼ਟਰਪਤੀ ਦੇ ਰੋਜ਼ਮੱਰਾ ਦੇ ਕਾਰਜਾਂ ਵਿੱਚ ਵੀ ਟਰੰਪ ਪਰਿਵਾਰ ਆਪਣਾ ਦਖ਼ਲ ਵਧਾਉਂਦਾ ਜਾ ਰਿਹਾ ਹੈ। ਰਾਸ਼ਟਰਪਤੀ ਬੇਫ਼ਿਕਰ ਹੈ, ਸ਼ਾਇਦ ਉਸ ਦੇ ਹਠ ਦੀ ਜੜ੍ਹ ਇਸ ਤੱਥ ਵਿੱਚ ਹੈ ਕਿ ਉਸ ਨੇ ਪਹਿਲਾਂ ਕਦੇ ਸਿਆਸੀ ਅਹੁਦਾ ਨਹੀਂ ਸੰਭਾਲਿਆ ਅਤੇ ਇਸ ਲਈ ਉਹ ਜਨਤਕ ਸੰਵੇਦਨਾਵਾਂ ਦੀ ਸ਼ਲਾਘਾ ਅਤੇ ਸਤਿਕਾਰ ਕਰਨ ਦੇ ਕਿਸੇ ਆਗੂ ਦੇ ਫ਼ਰਜ਼ ਤੋਂ ਅਣਜਾਣ ਹੈ।

ਟਰੰਪ ਨੇ ਕਿਉਂਕਿ ਘਰੇਲੂ ਵਿਚਾਰ-ਵਟਾਂਦਰੇ ਵਿੱਚ ਵਿਨਾਸ਼ਕਾਰੀ ਅਸਹਿਮਤੀਆਂ ਦਾ ਨਵਾਂ ਸਭਿਆਚਾਰ ਪੈਦਾ ਕੀਤਾ ਹੈ, ਇਸ ਲਈ ਇਸ ਨੇ ਬਾਕੀ ਦੁਨੀਆ ਨਾਲ ਅਮਰੀਕਾ ਦੇ ਰਿਸ਼ਤਿਆਂ 'ਤੇ ਅਸਰਅੰਦਾਜ਼ ਹੋਣਾ ਹੀ ਹੈ। ਜਿਸ ਰਾਸ਼ਟਰਪਤੀ ਦਾ ਆਪਣੇ ਮੁਲਕ ਵਿੱਚ ਸਤਿਕਾਰ ਨਹੀਂ, ਉਸ ਲਈ ਵਿਦੇਸ਼ਾਂ ਵਿੱਚ ਵਾਹ ਵਾਹ ਖੱਟਣੀ ਔਖੀ ਗੱਲ ਹੈ। ਘਰੇਲੂ ਪੱਧਰ 'ਤੇ ਝਗੜਾਲੂਪਣ ਦਾ ਮਤਲਬ ਇਹ ਹੈ ਕਿ ਆਲਮੀ ਪੱਧਰ 'ਤੇ ਕਿਸੇ ਵੀ ਕਿਸਮ ਦੀ ਵਿਚਾਰਧਾਰਕ ਜਾਂ ਸਿਆਸੀ ਅਗਵਾਈ ਕਰਨ ਦੇ ਮਾਮਲੇ ਵਿੱਚ ਰਾਸ਼ਟਰਪਤੀ ਟਰੰਪ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਜਦੋਂਕਿ ਫਰੈਂਕਲਿਨ ਡੀ. ਰੂਜ਼ਵੈਲਟ ਤੋਂ ਬਾਅਦ ਦੇ ਸਾਰੇ

ਬਾਕੀ ਸਫ਼ਾ 32 'ਤੇ

**ਗੁਰੂ ਦਾ ਪਿਆਰ, ਦਰਬਾਰ ਸਾਹਿਬ ਦੀ ਭਗਤੀ ਸਾਡੇ ਸ਼ਬਦਾਂ ਦੇ ਖ਼ਾਲੀ ਜੈਕਾਰਿਆਂ ਤੇ ਘੁਣ ਖਾਧੀਆਂ ਅਰਦਾਸਾਂ ਤਕ ਹੈ। ਸਾਡਾ ਅਸਲੀ ਪਿਆਰ ਸੁੱਕੀਆਂ ਇੱਟਾਂ ਨੂੰ ਸਿਖ ਭਰਾ ਆਖ ਆਖ ਕੇ ਗਲੇ ਲਾਉਣ ਦਾ ਪਿਆਰ ਹੈ। ਆਪਣੀ ਅਕਲ ਦੀ ਨੀਂਹ 'ਤੇ ਇਕ ਨਵੀਂ ਕੌਮ ਸੁਰਜੀਤ ਕਰਨ ਦਾ ਭੂਤ ਸਿਰ 'ਤੇ ਚੜ੍ਹ ਰਿਹਾ ਹੈ। ਅਕਲ ਪ੍ਰਧਾਨ ਹੈ। ਮਨਮੁੱਖਤਾ ਪੀਰ ਹੈ, ਤੇ ਸੱਭ ਥੀਂ ਵੱਧ ਹਾਸੇ ਦੀ ਗੱਲ ਇਹ ਹੈ ਕਿ ਅਸਾਂ ਸਾਰਿਆਂ ਨੂੰ ਆਪਣੀ ਅਕਲ ਦੇ ਬਣਾਏ ਬੁੱਤਾਂ ਦੇ ਪਿਆਰ ਭਗਤੀ ਤੇ ਧਿਆਨ ਦੇ ਨਾਨਾ ਰੰਗ ਸਿੱਖੀ ਦਿਸ ਰਹੀ ਹੈ। ਭਾਈ ਗੁਰਦਾਸ ਦੀ ਆਵਾਜ਼ ਦੀ ਥਾਵੇਂ ਅੱਜ ਅਣਜਾਣ ਮੁੰਡੇ ਪ੍ਰਧਾਨ ਹਨ। ਹਰ ਕੋਈ ਆਪਣੀ ਅਕਲ ਨੂੰ ਅਮਲੀ ਤਰ੍ਹਾਂ ਸਭ ਥੀਂ ਵੱਡਾ ਗਿਣ ਰਿਹਾ ਹੈ। ਧਰਮ ਪਰ ਆਪ ਖੜੇ ਹੋਣ ਦੀ ਥਾਂ ਧਰਮ ਨੂੰ ਆਪਣੀ ਅਕਲ ਦੀ ਚੁੰਝ ਪਰ ਠਹਿਰਾਉਣ ਦੀ ਕਰ ਰਹੇ ਹਾਂ। ਮੈਂ ਇਸ ਗੱਲ ਦੇ ਕਹਿਣ ਵਿਚ ਬਿਲਕੁਲ ਮਾਫ਼ੀ ਨਹੀਂ ਮੰਗਦਾ ਕਿ ਸਿੰਘਾਂ ਦੇ ਅੱਜ ਕੱਲ੍ਹ ਦੇ ਨਿੰਦਾ ਤੇ ਦਲੀਲਬਾਜ਼ੀ ਤੇ ਆਪਣੀ ਅਕਲ ਦੀ ਸਿੱਖੀ ਤੇ ਭਰੋਸੇ ਥੀਂ ਸਾਫ਼ ਲੱਭਦਾ ਹੈ ਕਿ ਅਸਾਂ ਉਪਰ ਅੱਜ-ਕੱਲ੍ਹ ਉਸ ਨੀਚਤਾ ਦੀ ਜਿੱਤ ਹੈ ਚੁੱਕੀ ਜਾਪਦੀ ਹੈ, ਜਿਸ ਦਾ ਨਾਂ ਲੈਣ 'ਤੇ ਰੂਹ ਨਹੀਂ ਕਰਦਾ। ਜੇ ਇਹੀ ਹਾਲ ਰਿਹਾ ਤੇ ਅਸੀਂ ਨਾ ਸੰਭਲੇ, ਤਦ ਜਾਣੋ ਅਸੀਂ ਮੋਏ, ਬੇਹੋਸ਼ ਹੋਏ, ਅੱਜ ਭੀ ਨਹੀਂ ਤੇ ਕੱਲ੍ਹ ਭੀ ਨਹੀਂ।**

# ਸਿੱਖ ਵੀਰਾਂ ਭੈਣਾਂ ਦੇ ਨਾਮ ਸੁਨੇਹਾ

**ਪ੍ਰੋ. ਪੂਰਨ ਸਿੰਘ**





ਓ ਸਿਖ ਰੂਪ ਵਾਲੇ ਵੀਰਾ! ਓ ਸਿਖ ਅਖਵਾਣ ਵਾਲੇ ਵੀਰਾ! ਦਰਬਾਰ ਸਾਹਿਬ ਦੀ ਪੂਜਾ ਛੱਡ ਕੇ ਦੇਖ; ਤੇਰਾ ਆਤਮ ਰਸ ਦਾ ਸਿਰ ਜੁਦਾ ਹੋ ਜਾਸੀ। ਸਮੇਂ ਦਾ ਪਰਿਵਰਤਨ, ਤੇਰੀਆਂ ਦਲੀਲਾਂ, ਅਪੀਲਾਂ, ਤਜਵੀਜ਼ਾਂ, ਬਨਾਵਟਾਂ, ਸਲਾਹਾਂ, ਮਸ਼ਵਰਿਆਂ, ਤਰਕੀਬਾਂ, ਅਕਲਾਂ, ਅਸੂਲਾਂ ਨੂੰ ਖਾ ਜਾਸੀ। ਤੇਰੀਆਂ ਬਣਾਈਆਂ ਸੁਸਾਇਟੀਆਂ ਸਭਾਵਾਂ ਵਿਚ ਕੀ ਰੱਖਿਆ ਹੈ? ਕਾਲ ਦੇ ਚੱਕਰਾਂ ਨੇ ਬੁੱਧ ਜਿਹਿਆਂ ਦੀਆਂ ਜਥੇਬੰਦੀਆਂ, ਈਸਾ ਜਿਹਿਆਂ ਦੀਆਂ ਉਪਦੇਸ਼ਕ ਟੋਲੀਆਂ ਦਾ ਅੰਗ ਅੰਗ ਕਰ ਸੁੱਟਿਆ। ਆ! ਸਮਝ ਜਾ! ਕੌਮਾਂ ਕੀ ਤੇ ਆਦਮੀ ਕੀ, ਟੱਬਰ ਕੀ ਤੇ ਮੁਲਕ ਕੀ, ਆਤਮਾ ਦਾ ਬਚਾਊ ਤਾਂ ਕੇਵਲ ਧਿਆਨ ਵਿਚ ਹੈ; ਮੰਨਣ ਵਿਚ ਹੈ, ਵਿਸ਼ਵਾਸ ਵਿਚ ਹੈ; ਇਕਾਗਰਤਾ ਵਿਚ ਹੈ; ਪਿਆਰ ਵਿਚ ਹੈ; ਦਰਸ਼ਨ ਵਿਚ ਹੈ। ਜੀਵਨ ਖੁੱਲ੍ਹਦਾ ਮਰਕਜ਼ ਵੱਲ ਨਿਗਾਹ ਕਰਨ ਨਾਲ ਹੈ। ਜੀਵਨ ਦੇ ਆਦਰਸ਼ਾਂ, ਭੇਤਾਂ ਦਾ ਪਤਾ ਤੇ ਜੀਵਨ ਦਾ ਅਨੰਤ ਵਿਸਤਾਰ ਮਰਕਜ਼ ਦੇ ਪ੍ਰਕਾਸ਼ ਨਾਲ ਹੁੰਦਾ ਹੈ। ਸਾਡੀਆਂ ਚਲਾਕੀਆਂ ਮੌਤ ਹਨ। ਸਾਡੀ ਅਕਲ ਕੰਧ ਥੀਂ ਬਾਹਰ ਨਹੀਂ ਦੇਖ ਸਕਦੀ। ਅਸੀਂ ਬਿਨਾਂ ਕਲਗ਼ੀਆਂ ਵਾਲੇ ਦੇ ਧਿਆਨ ਦੇ ਕੀ ਕਰ ਲੈਣਾ ਹੈ? ਤੂੰ, ਤੂੰ, ਤੂੰ, ਤੂੰ! ਦਰਬਾਰ ਸਾਹਿਬ ਥੀਂ ਵਿੱਛੜ, ਤੇ ਦੇਖ; ਔਹ ਤੂੰ ਸਤਿਗੁਰਾਂ ਦੀ ਝੋਲ ਵਿੱਚੋਂ ਟੁੱਟਾ, ਢੱਠਾ ਤੇ ਔਹ ਹੇਠ ਰਸਾਤਲ। ਕੌਮ! ਕੌਮ! ਇਹ ਕੇਹੀ ਬੇਮਾਅਨੇ ਕੂਕ ਹੈ? ਸਤਿਗੁਰਾਂ ਦਾ ਧਿਆਨ ਦਿਲ ਥੀਂ ਬਾਹਰ ਤੇ ਕੌਮ ਦਾ ਖ਼ਿਆਲ? ਹਾਂ ਜੀ, ਖ਼ਿਆਲ ਮਾਤਰ ਦਾ ਸ਼ਨਯ ਧਿਆਨ ਹਰ ਇਕ ਦੇ ਦਿਲ ਵਿਚ? ਯਾਦ ਰੱਖ! ਸਿੱਖੀ ਤੇਰੇ ਦਿਲ ਵਿੱਚੋਂ ਉਠੀ ਜਾਣ। ਜਦ ਕੌਮ' ਤਰਫ਼ ਵੜਿਆ, ਵਾਹਿਗੁਰੂ ਦੇ ਸਿੰਘਾਸਨ ਨੂੰ ਚੁੱਕਿਆ ਜਾਣ। ਹਰਿਮੰਦਰ ਦਾ ਪਿਆਰ ਉੱਠਣ ਦੀ ਦੇਰ ਹੈ ਤੇ ਬਸ; ਜਾਹ! ਗੱਠੇ ਬੰਨ੍ਹ ਕੌਮਾਂ ਦੇ। ਪਰ ਅੱਖ ਖੋਹਲਸੈਂ ਤਾਂ ਦੇਖਸੈਂ ਕਿ ਪੱਥਰਾਂ ਦੀ ਮੁੱਠ ਨੂੰ ਰੇਤ ਦੀ ਰੱਸੀ ਨਾਲ ਬੰਨ੍ਹ ਰਿਹਾ ਏਂ, ਹੋਰ ਕੁਝ ਨਹੀਂ। ਧਿਆਨ ਬਿਨਾਂ ਮਨੁੱਖ ਬਾਵਲਾ ਹੈ। ਇਹ ਬਾਵਲਾ ਕਦੀ ਕੁੱਤਿਆਂ ਨਾਲ, ਕਦੀ ਕੰਡਿਆਂ ਨਾਲ ਆਪਣੇ ਆਪ ਨੂੰ ਲੜਾ ਲੜਾ ਆਪਣੇ ਰੂਹ ਨੂੰ ਫਾੜਦਾ ਹੈ। ਕਲਗੀਆਂ ਵਾਲੇ ਨੇ ਸਿੱਖਾਂ ਨੂੰ ਹਰਿਮੰਦਰ ਦੇ ਧਿਆਨ ਅਰ ਪਿਆਰ ਵਿਚ ਬੱਧਾ ਹੈ। ਛੋਛੀ ਦਲੀਲਬਾਜ਼ੀ ਆਈ ਤੇ ਹਰਿਮੰਦਰ ਇਕ ਸੰਗਮਰਮਰ ਦੀ ਇਮਾਰਤ ਰੂਪ ਦਿਸੀ। ਪੁਰਾਤਨ ਇਤਿਹਾਸ ਵਿਚ ਸਾਡੇ ਵੱਡਿਆਂ ਨੇ ਇਸ ਦੇ ਪਿਆਰ ਵਿਚ ਕੀ ਕੀ ਨਹੀਂ ਵਾਰਿਆ? ਉਹ ਵਾਰਤਾ ਚੇਤੇ ਕਰ, ਇਕ ਸਿੰਘਣੀ ਭੁਝੰਗੀ ਨੂੰ ਨਾਲ ਲਿਆ ਰਹੀ ਹੈ, ਦੀਵਾਨ ਕੌੜਾ ਮੱਲ ਜੀ ਵਰਜਦੇ ਹਨ :

"ਮਾਈ! ਨਾ ਜਾ, ਮਾਰੀ ਜਾਸੇਂ; ਤੁਰਕਾਂ ਨੇ ਅੱਜ ਸਭ ਸਿੰਘ, ਜੋ ਇਥੇ ਇਕੱਠੇ ਹੋਣਗੇ, ਮਾਰ ਦੇਣੇ ਹਨ।"

"ਵੀਰਾ! ਵਰਜ ਨਾ, ਰਸਤਾ ਛੱਡ; ਮਰ ਜਾਸਾਂ ਤਾਂ ਭਲਾ ਹੋਸੀ, ਜਿੰਦ ਸਤਿਗੁਰਾਂ ਦੀ ਹਜ਼ੂਰੀ ਵਿਚ ਭੇਟ ਹੋ ਜਾਸੀ; ਇਸ ਨਕਾਰੇ ਸਰੀਰ ਦੀ ਖ਼ਾਤਰ ਬੇਮੁਖ ਹੋਵਾਂ?"

"ਮਾਈ! ਤੈਨੂੰ ਆਪਣੇ ਆਪ ਨਾਲ ਤਾਂ ਪਿਆਰ ਨਹੀਂ, ਪਰ ਇਸ ਬੱਚੇ ਪਰ ਤਾਂ ਤਰਸ ਕਰ, ਇਹ ਤਾਂ ਮਸੂਮ ਬਾਲਕ ਹੈ।"

"ਵੀਰਾ! ਤਰਸ ਕੀਤਾ ਹੈ ਤਾਂ ਹੀ ਨਾਲ ਲੈ ਕੇ ਆਈ ਹਾਂ, ਇਹ ਮੇਰੇ ਨਾਲੋਂ ਵਿੱਛੜ ਕੇ ਬੇਮੁਖ ਹੋ ਜਾਵੇ, ਸੱਚਖੰਡ ਵਿਚ ਨਾ ਜਾ ਸਕੇ?"

ਇਹ ਮਾਈ ਦਰਬਾਰ ਸਾਹਿਬ ਨੂੰ ਮੰਦਿਰ ਜਾਣ ਕੇ ਨਹੀਂ ਜਾ ਰਹੀ ਸੀ, ਪਰ ਉਥੇ ਭਰੇ ਆਤਮ ਰਸ ਦੀ ਭੰਵਰ ਹੋ ਕੇ ਲਿਵਲੀਨ ਹੋਣ ਜਾ ਰਹੀ ਸੀ। ਪਿਆਰ ਨਾਲ ਮੁਕਾਬਲਾ ਕਰੋ ਤਾਂ ਅੰਮ੍ਰਿਤਸਰ ਨੂੰ ਛੱਡ ਕੇ ਬਿਨਾਂ ਕਿਸੀ ਖੋਹ ਦੇ, ਬਿਨਾਂ ਕਿਸੀ ਡੱਬ ਦੇ, ਗੋਤੇ ਦੇ, ਅੱਗੇ ਪਿੱਛੇ ਗੱਡੀ ਗੱਡੇ ਵਿਚ ਬੈਠੇ ਅਸੀਂ ਚਲੇ ਜਾਂਦੇ ਹਾਂ। ਗੁਰੂ ਦਾ ਪਿਆਰ, ਦਰਬਾਰ ਸਾਹਿਬ ਦੀ ਭਗਤੀ ਸਾਡੇ ਸ਼ਬਦਾਂ ਦੇ ਖ਼ਾਲੀ ਜੈਕਾਰਿਆਂ ਤੇ ਘੁਣ ਖਾਧੀਆਂ ਅਰਦਾਸਾਂ ਤਕ ਹੈ। ਸਾਡਾ ਅਸਲੀ ਪਿਆਰ ਸੁੱਕੀਆਂ ਇੱਟਾਂ ਨੂੰ ਸਿਖ ਭਰਾ ਆਖ ਆਖ ਕੇ ਗਲੇ ਲਾਉਣ ਦਾ ਪਿਆਰ ਹੈ। ਆਪਣੀ ਅਕਲ ਦੀ ਨੀਂਹ 'ਤੇ ਇਕ ਨਵੀਂ ਕੌਮ ਸੁਰਜੀਤ ਕਰਨ ਦਾ ਭੂਤ ਸਿਰ 'ਤੇ ਚੜ੍ਹ ਰਿਹਾ ਹੈ। ਅਕਲ ਪ੍ਰਧਾਨ ਹੈ। ਮਨਮੁੱਖਤਾ ਪੀਰ ਹੈ, ਤੇ ਸੱਭ ਥੀਂ ਵੱਧ ਹਾਸੇ ਦੀ ਗੱਲ ਇਹ ਹੈ ਕਿ ਅਸਾਂ ਸਾਰਿਆਂ ਨੂੰ ਆਪਣੀ ਅਕਲ ਦੇ ਬਣਾਏ ਬੁੱਤਾਂ ਦੇ ਪਿਆਰ ਭਗਤੀ ਤੇ ਧਿਆਨ ਦੇ ਨਾਨਾ ਰੰਗ ਸਿੱਖੀ ਦਿਸ ਰਹੀ ਹੈ। ਭਾਈ ਗੁਰਦਾਸ ਦੀ ਆਵਾਜ਼ ਦੀ ਥਾਵੇਂ ਅੱਜ ਅਣਜਾਣ ਮੁੰਡੇ ਪ੍ਰਧਾਨ ਹਨ। ਹਰ ਕੋਈ ਆਪਣੀ ਅਕਲ ਨੂੰ ਅਮਲੀ ਤਰ੍ਹਾਂ ਸਭ ਥੀਂ ਵੱਡਾ ਗਿਣ ਰਿਹਾ ਹੈ। ਧਰਮ ਪਰ ਆਪ ਖੜੇ ਹੋਣ ਦੀ ਥਾਂ ਧਰਮ ਨੂੰ ਆਪਣੀ ਅਕਲ ਦੀ ਚੁੰਝ ਪਰ ਠਹਿਰਾਉਣ ਦੀ ਕਰ ਰਹੇ ਹਾਂ। ਮੈਂ ਇਸ ਗੱਲ ਦੇ ਕਹਿਣ ਵਿਚ ਬਿਲਕੁਲ ਮਾਫ਼ੀ ਨਹੀਂ ਮੰਗਦਾ ਕਿ ਸਿੰਘਾਂ ਦੇ ਅੱਜ ਕੱਲ੍ਹ ਦੇ ਨਿੰਦਾ ਤੇ ਦਲੀਲਬਾਜ਼ੀ ਤੇ ਆਪਣੀ ਅਕਲ ਦੀ ਸਿੱਖੀ ਤੇ ਭਰੋਸੇ ਥੀਂ ਸਾਫ਼ ਲੱਭਦਾ ਹੈ ਕਿ ਅਸਾਂ ਉਪਰ ਅੱਜ-ਕੱਲ੍ਹ ਉਸ ਨੀਚਤਾ ਦੀ ਜਿੱਤ ਹੈ ਚੁੱਕੀ ਜਾਪਦੀ ਹੈ, ਜਿਸ ਦਾ ਨਾਂ ਲੈਣ 'ਤੇ ਰੂਹ ਨਹੀਂ ਕਰਦਾ। ਜੇ ਇਹੀ ਹਾਲ ਰਿਹਾ ਤੇ ਅਸੀਂ ਨਾ ਸੰਭਲੇ, ਤਦ ਜਾਣੋ ਅਸੀਂ ਮੋਏ, ਬੇਹੋਸ਼ ਹੋਏ, ਅੱਜ ਭੀ ਨਹੀਂ ਤੇ ਕੱਲ੍ਹ ਭੀ ਨਹੀਂ।

ਸਿਖ ਦਾ ਦਿਲ ਤਾਂ ਆਤਮਿਕ ਸੁਹਣੱਪ ਦਾ ਭੁੱਖਾ ਹੈ ਤੇ ਉਸ ਦੀ ਭੁੱਖ ਅਨੰਤ ਹੈ। ਸਾਰੀ ਕੁਦਰਤ ਤੇ ਉਸ ਦੀਆਂ ਸਾਰੀਆਂ ਸੁਹਣੀਆਂ ਮੂਰਤਾਂ ਉਸ ਨੂੰ ਰਿਝਾ ਨਹੀਂ ਸਕਦੀਆਂ। ਹੇ ਵੀਰੋ! ਦਰਬਾਰ ਸਾਹਿਬ ਅਦਬ ਨਾਲ ਆਓ, ਆਤਮ ਰੰਗ ਮਾਣੋ। ਹੁਣ ਵਾਲੀ ਅਭਗਤ ਤੇ ਅਸ਼ਰਧਕ ਯਾਤਰਾ ਦਾ ਤਿਆਗ ਕਰੋ। ਬਾਜ਼ਾਂ ਵਾਲੇ ਮਾਲਕ ਦਾ ਇਹ ਮੰਦਿਰ ਹੈ। ਇਥੇ ਉਸ ਦੀ ਲੋਅ ਹੈ। ਇਹ ਤੁਸਾਡੀ ਤਵਾਰੀਖ਼ੀ ਅਮਰ ਦੁਨੀਆ ਹੈ। ਸਾਡੀ ਮਾਲੀ ਗਰੀਬੀ ਅਥਵਾ ਆਤਮਿਕ ਬੇਹੋਸ਼ੀ ਕਰਕੇ ਜੋ ਗੁਰਦੁਆਰਾ ਸਮਾਇਆ, ਉਹ ਹਰੀ ਮੰਦਿਰ ਆਇਆ। ਜਦ ਕਦੀ ਅਨੰਦਪੁਰ ਸਾਹਿਬ ਦੀ ਕੋਈ ਇੱਟ ਗਿਰੀ, ਉਹ ਇਥੇ ਆਣ ਲੱਗੀ। ਜਦ ਕਦੀ ਸਤਿਗੁਰਾਂ ਦੇ ਚਰਨ ਰਜ ਦੀ ਪਵਿੱਤਰ ਧਰਤੀ ਲੋਪ ਹੋਈ, ਓਹ ਇਸ ਹਰੀ ਮੰਦਿਰ ਵਿਚ ਆਣ ਪ੍ਰਗਟੀ। ਸਾਡਾ ਸਭ ਕੁਛ ਜੇ ਗੁੰਮ ਹੋ ਜਾਵੇ, ਤਦ ਇਥੇ ਮਿਲ ਪਵੇਗਾ। ਹਾਂ ਜੀ! ਇਥੋਂ ਤਕ ਕਿ ਸਤਿਗੁਰਾਂ ਦਸ ਜਾਮੇ ਜਿਹੜੇ ਬਾਬਾ ਜੀ ਨੇ ਪਾਏ ਤੇ ਉਤਾਰੇ ਤੇ ਸਾਡੀ ਦ੍ਰਿਸ਼ਟੀ ਥੀਂ ਗ਼ਾਇਬ ਹੋਏ, ਉਹ ਇਥੇ ਮਿਲਦੇ ਹਨ। ਸਤਿਗੁਰਾਂ ਦੀ ਨਿੱਤ ਅਵਤਾਰੀ ਦੇਹ ਦੇ ਦੀਦਾਰ ਇਥੇ ਹੁੰਦੇ ਹਨ।

ਇਹ ਸਾਡਾ ਵਤਨ ਹੈ; ਹਰੀ ਮੰਦਿਰ ਸਾਡਾ ਸੱਚਾ ਦੇਸ਼ ਹੈ। ਸਾਡਾ ਘਰ ਹੈ। ਕਿਸੀ ਨੂੰ ਕੌਮ ਇਕੱਠ ਦੀ ਖ਼ੁਸ਼ੀ, ਕਿਸੀ ਨੂੰ ਮੁਲਕਗੀਰੀ ਦਾ ਕੰਮ, ਕਿਸੀ ਨੂੰ ਮੰਦਿਰ-ਮਾੜੀਆਂ ਉਸਾਰਨ ਦੀ ਚਾਹ, ਧਨ ਦੇ ਅੰਬਾਰਾਂ ਦਾ ਲਾਲਚ, ਕਿਸੀ ਨੂੰ ਜ਼ਮੀਨਾਂ ਦਾ ਚਾਅ, ਖੇਤੀ ਦੀ ਮਲਕੀਅਤ ਦਾ ਭਰੋਸਾ, ਕਿਸੀ ਨੂੰ ਹੁਕਮ ਦਾ ਨਸ਼ਾ। ਪਰ ਸਾਡਾ ਸਭ ਕੁਛ ਇਹ ਹਰੀ ਮੰਦਿਰ, ਇਸ ਵਿਚ ਵੱਸਦੇ ਪ੍ਰਭਾਵ ਦੇ ਅਸੀਂ ਭੌਰੇ। ਬਸ, ਇਹੋ ਸਾਡੀ ਆਤਮ ਜਾਇਦਾਦ, ਸਭ ਦੀ ਇਕੱਠੀ, ਸਾਂਝੀ ਤੇ ਮੁੜ ਮੁੜ ਆਪਣੀ। ਬਸ ਅਸੀਂ ਇਸ ਨਿੱਕੀ ਜਿੰਦ ਦੀ ਟੁਕੜੀ ਕਰਕੇ ਅਮੀਰ-ਫ਼ਕੀਰ, ਸਾਡਾ ਲੋਕ-ਪ੍ਰਲੋਕ ਇਹ, ਸਾਡੀ ਕੌਮ ਇਹ, ਸਾਡਾ ਦਿਲ ਇਹ। ਹਰਿਮੰਦਰ ਦਾ ਪਿਆਰ, ਹਰਿਮੰਦਰ ਦੇ ਆਤਮਿਕ ਝੰਡੇ ਦੀ ਮਾਨਸਿਕ ਤਾਬੇਦਾਰੀ, ਇਹ ਸਾਡਾ ਰਾਹ, ਜਪ, ਪਾਠ ਪੂਜਾ ਤੇ ਵਾਹਿਗੁਰੂ। ਵਾਹਿਗੁਰੂ' ਕਰਨਾ ਇਹ ਸਾਡਾ ਜੀਵਨ ਮਨੋਰਥ ਹੈ। ਪੰਛੀ ਨਾ ਕਿਸੀ ਦੇ ਵੈਰੀ ਤੇ ਨਾ ਕਿਸੇ ਦੇ ਮਿੱਤਰ। ਕਣਕ ਦੇ ਦਾਣੇ ਸਾਡਾ ਖਾਣਾ ਹੈ ਤੇ ਹਰੀ ਕੀਰਤਨ, ਨੇਕ ਕਿਰਤ, ਸ਼ੁਕਰ: ਨਿਰਵੈਰ, ਨਿਰਮੋਹ, ਸਭ ਦੀ ਸੇਵਾ ਇਹ ਸਾਡੀ ਦਿਨ ਚਰਿਆ। ਕਲਗ਼ੀਆਂ ਵਾਲੇ ਦੇ ਗਗਨ ਵਿਚ ਦਿਨ ਰਾਤ ਉਡਾਰੀ, ਇਹ ਸਾਡਾ ਚਾਅ, ਅਹੰਕਾਰ, ਕੌਮੀਅਤ। ਬਾਕੀ ਇਨ੍ਹਾਂ ਆਦਰਸ਼ਾਂ ਥੀਂ ਛੁੱਟ ਸਾਡੇ ਲਈ ਸਭ ਕੂੜ। ਇਹ ਅਵਸਤੂ ਸੱਚੀ ਤੇ ਮਾਇਆ ਆਛਾਦਿਤ ਮਨ ਦੀਆਂ ਮੰਨੀਆਂ ਠੋਸ ਵਸਤੂ ਸਭ ਕੂੜ, ਅਵਸਤੂ।




ਪ੍ਰੋ. ਪੂਰਨ ਸਿੰਘ ਦੀਆਂ ਪੰਜਾਬੀ ਲਿਖਤਾਂ ਵਿਚੋਂ ਕੁਝ ਕਿਤਾਬਾਂ

# ਠਾਕੁਰ ਦਲੀਪ ਸਿੰਘ ਦੀਆਂ ਆਪ ਹੁਦਰੀਆਂ ਨੂੰ ਨਾਮਧਾਰੀ ਪੰਥ ਨਾਲ ਜੋੜ ਕੇ ਨਾ ਵੇਖਿਆ ਜਾਵੇ : ਸੁਰਿੰਦਰ ਸਿੰਘ ਨਾਮਧਾਰੀ

**ਸਮਰਾਲਾ/ਬਿਊਰੋ ਨਿਊਜ਼ :**
ਪਿਛਲੇ ਦਿਨੀਂ ਠਾਕੁਰ ਦਲੀਪ ਸਿੰਘ ਵੱਲੋਂ ਰਹਿਤ ਮਰਿਆਦਾ ਵਿਚ ਮਨਮਤਿ ਅਨੁਸਾਰ ਕੀਤੇ ਵਾਧੇ-ਘਾਟੇ ਕਰਨ ਇਹ ਸੋਸ਼ਲ ਮੀਡੀਆ 'ਤੇ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸਬੰਧ ਵਿਚ ਕੁਝ ਵਿਅਕਤੀ ਜਾਂ ਸੰਸਥਾਵਾਂ ਨਾਮਧਾਰੀ ਪੰਥ ਨੂੰ ਬੁਰਾ-ਭਲਾ ਆਖ ਰਹੇ ਹਨ। ਨਾਮਧਾਰੀ ਦਰਬਾਰ ਵੱਲੋਂ ਭੇਜੇ ਇਕ ਪ੍ਰੈੱਸ ਨੋਟ ਰਾਹੀਂ ਦਰਬਾਰ ਦੇ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ ਨੇ ਸਪਸ਼ਟ ਕੀਤਾ ਕਿ ਠਾਕੁਰ ਦਲੀਪ ਸਿੰਘ ਵੱਲੋਂ ਰਹਿਤ ਮਰਿਆਦਾ ਨਾਲ ਜੋ ਛੇੜਛਾੜ ਕੀਤੀ ਗਈ ਹੈ, ਉਸ ਨਾਲ ਨਾਮਧਾਰੀ ਦਰਬਾਰ ਸ਼੍ਰੀ ਭੈਣੀ ਸਾਹਿਬ ਦਾ ਕੋਈ ਸਬੰਧ ਨਹੀਂ ਕਿਉਂਕਿ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਸਤਿਗੁਰੂ ਜਗਜੀਤ ਸਿੰਘ ਵੱਲੋਂ ਠਾਕੁਰ ਦਲੀਪ ਸਿੰਘ ਨੂੰ ਨਾਮਧਾਰੀ ਪੰਥ ਤੋਂ ਛੇਕਿਆ ਹੋਇਆ ਹੈ। ਇਸ ਸਬੰਧ ਵਿਚ ਉਸ ਵੇਲੇ ਨਾਮਧਾਰੀ ਦਰਬਾਰ ਵੱਲੋਂ ਅਖਬਾਰ ਵਿਚ ਵੀ ਛਾਪਿਆ ਗਿਆ ਸੀ। ਨਾਮਧਾਰੀ ਦਰਬਾਰ ਵੱਲੋਂ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਨਾਮਧਾਰੀ ਸਿੱਖ ਪੰਥ ਦੇ ਵਰਤਮਾਨ ਗੱਦੀ ਨਸ਼ੀਨ ਸਤਿਗੁਰੂ ਉਦੈ ਸਿੰਘ ਹਨ। ਸੋਸ਼ਲ ਮੀਡੀਆ 'ਤੇ ਕੁਝ ਲੋਕ ਠਾਕੁਰ ਦਲੀਪ ਸਿੰਘ ਨੂੰ ਨਾਮਧਾਰੀ ਮੁਖੀ ਲਿਖ ਰਹੇ ਹਨ ਜੋ ਨਿਰਅਧਾਰ ਹੈ। ਇਸ ਦੇ ਨਾਲ ਹੀ ਠਾਕੁਰ ਦਲੀਪ ਸਿੰਘ ਵੱਲੋਂ ਗੁਰਮਤਿ ਮਰਿਆਦਾ ਨਾਲ ਕੀਤੀ ਗਈ ਛੇੜ-ਛਾੜ ਤੇ ਫੁੱਟ ਪਾਊ ਕੋਝੀਆਂ ਹਰਕਤਾਂ ਦੀ ਨਾਮਧਾਰੀ ਦਰਬਾਰ ਸ਼੍ਰੀ ਭੈਣੀ ਸਾਹਿਬ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਦੱਸਦਾ ਹੈ ਕਿ ਠਾਕੁਰ ਦਲੀਪ ਸਿੰਘ ਦੀਆਂ ਇਨ੍ਹਾਂ ਆਪ ਹੁਦਰੀਆਂ ਨੂੰ ਨਾਮਧਾਰੀ ਪੰਥ ਨਾਲ ਜੋੜ ਕੇ ਨਾ ਵੇਖਿਆ ਜਾਵੇ।



# ਗੈਂਗਸਟਰ ਦਾਊਦ ਇਬਰਾਹਿਮ ਦਿਮਾ.ਗੀ ਅਪਰੇਸ਼ਨ ਤੇ ਦਿਲ ਦੇ ਦੌਰੇ ਮਗਰੋਂ ਗੰਭੀਰ ਬਿਮਾਰ

**ਕਰਾਚੀ/ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਵਿੱਚ ਅਤਿ ਦਾ ਲੋੜੀਂਦਾ ਗੈਂਗਸਟਰ ਦਾਊਦ ਇਬਰਾਹਿਮ ਗੰਭੀਰ ਬਿਮਾਰ ਹੈ। ਉਸ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਦੱਸਿਆ ਜਾ ਰਿਹਾ ਹੈ। ਹਾਲਾਂਕਿ ਇਸ ਦੀ ਪੁਸ਼ਟੀ ਨਾ ਪਾਕਿਸਤਾਨ ਸਰਕਾਰ ਵੱਲੋਂ ਅਤੇ ਨਾ ਹੀ ਦਾਊਦ ਨਾਲ ਜੁੜੇ ਲੋਕਾਂ ਵੱਲੋਂ ਕੀਤੀ ਗਈ ਹੈ। ਵੱਖ ਵੱਖ ਮੀਡੀਆ ਪਲੇਟਫਾਰਮਾਂ ਮੁਤਾਬਕ ਦਾਊਦ ਨੂੰ ਕਰਾਚੀ ਦੇ ਇੱਕ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। 22 ਅਪ੍ਰੈਲ ਨੂੰ ਉਸ ਦੇ ਦਿਮਾਗ ਦਾ ਅਪਰੇਸ਼ਨ ਹੋਇਆ ਸੀ ਅਤੇ ਉਸ ਨੂੰ ਦਿਲ ਦਾ ਦੌਰਾ ਪਿਆ ਵੀ ਦੱਸਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਦਾਊਦ ਇਬਰਾਹਿਮ 1993 ਦੇ ਮੁੰਬਈ ਬੰਬ ਧਮਾਕਿਆਂ ਮਗਰੋਂ ਦੇਸ਼ ਤੋਂ ਫਰਾਰ ਹੋ ਗਿਆ ਸੀ। ਮੁੰਬਈ ਲੜੀਵਾਰ ਬੰਬ ਧਮਾਕਿਆਂ ਵਿੱਚ 257 ਲੋਕ ਮਾਰੇ ਗਏ ਸਨ ਅਤੇ 700 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਸਮੇਂ ਸਮੇਂ 'ਤੇ ਇਸ ਗੱਲ ਦੇ ਪੁਖ਼ਤਾ ਸਬੂਤ ਸਾਹਮਣੇ ਆਉਂਦੇ ਰਹੇ ਹਨ ਕਿ ਪਾਕਿਸਤਾਨ ਵਿੱਚ ਉਹ ਆਈਐਸਆਈ ਅਤੇ ਉਥੋਂ ਦੀ ਫੌਜ ਦੀ ਸਰਪ੍ਰਸਤੀ ਵਿੱਚ ਰਹਿ ਰਿਹਾ ਹੈ ਅਤੇ ਉਥੋਂ ਹੀ ਕਤਲ, ਫਿਰੌਤੀਆਂ ਅਤੇ ਨਸ਼ੀਲੇ ਪਦਾਰਥਾਂ ਦੀਆਂ ਤਸਕਰੀ ਵਰਗੀਆਂ ਮੁਜਰਮਾਨਾਂ ਗਤੀਵਿਧੀਆਂ ਨੂੰ ਅੰਜਾਮ ਦਿਵਾਉਂਦਾ ਰਿਹਾ ਹੈ।



# ਭਾਜਪਾ ਦਾ ਪਸਾਰਾ; ਕੇਜਰੀਵਾਲ ਲਈ ਇੱਕ ਹੋਰ ਝਟਕਾ

**ਯੋਗੇਂਦਰ ਯਾਦਵ**
(ਈ-ਮੇਲ: yogendra.yadav@gmail.com)

**ਕੇਜਰੀਵਾਲ ਦੀ ਸ਼ਖ਼ਸੀਅਤ ਦਾ ਪ੍ਰਭਾਵ ਹੁਣ ਪੁੱਠਾ ਪੈਣਾ ਸ਼ੁਰੂ ਹੋ ਗਿਆ ਹੈ ਅਤੇ ਹੁਣ ਉਹ ਇਸ ਨਿੱਜੀ ਰਾਇਸ਼ੁਮਾਰੀ ਵਿੱਚ ਹਾਰ ਹੀ ਚੁੱਕੇ ਹਨ। ਆਮ ਆਦਮੀ ਪਾਰਟੀ ਦਾ ਜਿਵੇਂ ਅੱਖ ਦੇ ਫੋਰ ਵਿੱਚ ਟੁੱਟਦੇ ਤਾਰੇ ਵਾਂਗ ਉਭਾਰ ਹੋਇਆ ਸੀ ਤੇ ਹੁਣ ਟੁੱਟਦੇ ਤਾਰੇ ਵਾਂਗ ਹੀ ਉਸ ਦੇ ਪਤਨ ਦਾ ਖ਼ਤਰਾ ਬਣਿਆ ਹੋਇਆ ਹੈ।**



ਦਿੱਲੀ ਨਗਰ ਨਿਗਮ ਚੋਣਾਂ ਦੀ ਪੂਰਵ-ਸੰਧਿਆ ਮੌਕੇ ਮੈਨੂੰ ‘ਓਲਾ’ ਸਮਝਦਾਰੀ ਦੇ ਦਰਸ਼ਨ ਹੋਏ। ਅਸੀਂ ਚੋਣਾਂ ਤੋਂ ਪਹਿਲਾਂ ਦੀ ਆਖ਼ਰੀ ਗ਼ੈਰਰਸਮੀ ਮੀਟਿੰਗ ਤੋਂ ਵਾਪਸੀ ਮੌਕੇ ਇੱਕ ਟੈਕਸੀ ਲੈ ਲਈ ਸੀ। ਜਦੋਂ ਅਸੀਂ ਉਤਰਨ ਲੱਗੇ ਤਾਂ ਡਰਾਈਵਰ ਨੇ ਸਾਨੂੰ ਪੁੱਛਿਆ ਕਿ ਕੀ ਅਸੀਂ ਕਿਸੇ ਪਾਰਟੀ ਨਾਲ ਸਬੰਧਤ ਸਾਂ ਕਿਉਂਕਿ ਉਸ ਨੂੰ ਮੇਰਾ ਚਿਹਰਾ ਥੋੜ੍ਹਾ-ਥੋੜ੍ਹਾ ਕਿਤੇ ਚੇਤੇ ਆ ਰਿਹਾ ਸੀ। ਮੈਂ ਉਸ ਨੂੰ ਕਿਹਾ ਕਿ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ। ਫਿਰ ਮੈਂ ਉਸ ਨੂੰ ਇਹ ਵੀ ਪੁੱਛਿਆ ਕਿ ਅਗਲੇ ਦਿਨ ਹੋਣ ਵਾਲੀ ਚੋਣ ਬਾਰੇ ਉਸ ਦਾ ਕੀ ਖ਼ਿਆਲ ਹੈ। ਉਹ ਰਵਾਇਤੀ ਕਾਂਗਰਸੀ ਵੋਟਰ ਨਿਕਲਿਆ, ਜਿਸ ਨੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਪਹਿਲੀ ਵਾਰ ਭਾਰਤੀ ਜਨਤਾ ਪਾਰਟੀ ਨੂੰ ਆਪਣਾ ਸਮਰਥਨ ਦਿੱਤਾ ਸੀ। ਫਿਰ ਫਰਵਰੀ 2015 ਵਿਚ ਉਸ ਨੇ ਕੇਜਰੀਵਾਲ ਨੂੰ ਆਪਣੀ ਹਮਾਇਤ ਦੇਣੀ ਸ਼ੁਰੂ ਕਰ ਦਿੱਤੀ। ਅਤੇ ਇਸ ਵਾਰ? ਉਸ ਨੂੰ ਆਪਣੇ ਵਾਰਡ ਦੇ ਸਥਾਨਕ ਉਮੀਦਵਾਰਾਂ ਦੇ ਨਾਮ ਤਾਂ ਯਾਦ ਨਹੀਂ ਸਨ, ਪਰ ਉਸ ਨੇ ਮੋਦੀ ਲਈ ਵੋਟ ਪਾਉਣ ਬਾਰੇ ਸੋਚਿਆ ਹੋਇਆ ਸੀ।

ਮੈਂ ਉਸ ਨੂੰ ਪੁੱਛਿਆ ਕਿ ਨਗਰ ਨਿਗਮ ਜਿਸ ਢੰਗ ਨਾਲ ਕੰਮ ਕਰਦਾ ਹੈ, ਉਸ ਬਾਰੇ ਉਸ ਦਾ ਕੀ ਵਿਚਾਰ ਹੈ ਤਾਂ ਉਸ ਨੇ ਜਵਾਬ ਦਿੱਤਾ, “ਕੁਛ ਕਾਮ ਨਹੀਂ ਕੀਆ” (ਉਨਾਂ ਕੱਖ ਨਹੀਂ ਕੀਤਾ)। ਮੈਂ ਉਸ ਨੂੰ ਯਾਦ ਕਰਵਾਇਆ ਕਿ ਦਿੱਲੀ ਨਗਰ ਨਿਗਮ ਨੂੰ ਤਾਂ ਪਿਛਲੇ 10 ਸਾਲਾਂ ਤੋਂ ਭਾਰਤੀ ਜਨਤਾ ਪਾਰਟੀ ਚਲਾ ਰਹੀ ਹੈ। ਉਸ ਨੇ ਇਸ ਗੱਲ ਤੋਂ ਅਣਜਾਣ ਹੋਣ ਦਾ ਪੱਜ ਜਿਹਾ ਕੀਤਾ, ਪਰ ਇਹ ਸੱਚੀ ਜਾਣਕਾਰੀ ਮਿਲਣ ਤੋਂ ਬਾਅਦ ਵੀ ਉਸ ਦੇ ਫ਼ੈਸਲੇ ਉੱਤੇ ਕੋਈ ਅਸਰ ਨਾ ਪਿਆ। ਮੈਂ ਉਸ ਨੂੰ ਜ਼ੋਰ ਦੇ ਕੇ ਪੁੱਛਿਆ ਕਿ ਹੁਣ ਉਹ ਝਾੜੂ ਨੂੰ ਵੋਟ ਕਿਉਂ ਨਹੀਂ ਦੇ ਰਿਹਾ? ਤਾਂ ਉਸ ਦਾ ਜਵਾਬ ਸੀ, “ਕੇਜਰੀਵਾਲ ਨੇ ਧੋਖਾ ਦੀਆ!’ (ਕੇਜਰੀਵਾਲ ਨੇ ਸਾਡੇ ਨਾਲ ਵਿਸਾਹਘਾਤ ਕੀਤਾ)। ਹੁਣ ਉਸ ਦੀਆਂ ਆਸਾਂ ਕੇਵਲ ‘ਮੋਦੀ ਜੀ’ ’ਤੇ ਹੀ ਸਨ। ਉਨਾਂ ਨੇ ਉੱਤਰ ਪ੍ਰਦੇਸ਼ ਵਿੱਚ ‘ਯੋਗੀ ਜੀ’ ਜਿਹਾ ਵਧੀਆ ਮੁੱਖ ਮੰਤਰੀ ਦਿੱਤਾ ਹੈ, ਉਹ ਦਿੱਲੀ ਵਿਚ ਵੀ ਵਧੀਆ ਸਰਕਾਰ ਯਕੀਨੀ ਬਣਾਉਣਗੇ। ਮੈਂ ਲਾਜਵਾਬ ਹੋ ਗਿਆ ਤੇ ਕੁਝ ਡਰ ਵੀ ਗਿਆ। ਪਰ ਓਲਾ ਦੇ ਡਰਾਈਵਰ ਨੇ ਮੈਨੂੰ ਸਿਆਸਤ ਬਾਰੇ ਕੁਝ ਤਾਂ ਜ਼ਰੂਰ ਸਿਖਾ ਦਿੱਤਾ ਸੀ।

ਨਗਰ ਨਿਗਮ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਹੋ ਚੁੱਕੀ ਹੈ। ਨਤੀਜੇ ਵੀ ਆ ਚੁੱਕੇ ਹਨ। ਮੈਨੂੰ ਥੋੜ੍ਹਾ ਸ਼ੱਕ ਸੀ ਕਿ ਡਰਾਈਵਰ ਜਿਸ ਹਿਸਾਬ ਨਾਲ ਵੋਟਿੰਗ ਦੀ ਗੱਲ ਕਰ ਰਿਹਾ ਸੀ ਕਿ ਸਮੁੱਚੇ ਦਿੱਲੀ ਸ਼ਹਿਰ ਵਿੱਚ ਉਸੇ ਤਰਾਂ ਹੀ ਹੋਵੇਗਾ। ਹੋਇਆ ਵੀ ਉਸੇ ਤਰਾਂ। ਚੋਣ ਪ੍ਰਚਾਰ ਦੇ ਅੰਤ ’ਤੇ ਚੁੱਪ-ਚੁਪੀਤੇ ਜਿਹੇ ਵੋਟਾਂ ਭਾਜਪਾ ਦੇ ਹੱਕ ਵਿੱਚ ਆਉਣ ਬਾਰੇ ਤਾਂ ਸਪਸ਼ਟ ਹੋ ਗਿਆ ਸੀ। ਮੈਂ ਆਪਣੀ ‘ਸਵਰਾਜ ਇੰਡੀਆ’ ਪਾਰਟੀ ਦੀ ਮੁਹਿੰਮ ਵਿੱਚ ਰੁੱਝਿਆ ਰਿਹਾ ਸਾਂ ਅਤੇ ਦਿੱਲੀ ਦੀਆਂ ਤਿੰਨੇ ਨਗਰ ਨਿਗਮਾਂ ਵਿੱਚ ਭਾਜਪਾ ਵੱਲੋਂ ਕੀਤੇ ਗਏ ਮਾੜੇ ਕੰਮਾਂ ਵੱਲ ਆਮ ਜਨਤਾ ਦਾ ਧਿਆਨ ਦਿਵਾਉਂਦਾ ਰਿਹਾ ਸਾਂ। ਫਿਰ ਵੀ ਇਹ ਸਪਸ਼ਟ ਸੀ ਕਿ ਵੋਟਰਾਂ ਦਾ ਧਿਆਨ ਨਗਰ ਨਿਗਮ ਦੀ ਕਾਰਗੁਜ਼ਾਰੀ ਉੱਤੇ ਕੇਂਦ੍ਰਿਤ ਨਹੀਂ ਸੀ। ਉਨਾਂ ਦਾ ਵਧੇਰੇ ਧਿਆਨ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਆਲੋਚਨਾ ਉੱਤੇ ਲੱਗਿਆ ਹੋਇਆ ਸੀ। ਕੁਝ ‘ਐਗਜ਼ਿਟ ਪੋਲਜ਼’ (ਵੋਟ ਪਾ ਕੇ ਆਏ ਵੋਟਰ ਤੋਂ ਲਈ ਰਾਇ ਦੇ ਆਧਾਰ ਉੱਤੇ ਕੀਤੇ ਜਾਣ ਵਾਲੇ ਸਰਵੇਖਣਾਂ) ਨੇ ਪਹਿਲਾਂ ਹੀ ਇਹ ਪੁਸ਼ਟੀ ਕਰ ਦਿੱਤੀ ਸੀ ਕਿ ਚੋਣਾਂ ਵਾਲੇ ਦਿਨ ਭਾਜਪਾ ਵੱਡੇ ਫ਼ਰਕ ਨਾਲ ਅੱਗੇ ਨਿੱਕਲਦੀ ਜਾ ਰਹੀ ਹੈ। ਐਗਜ਼ਿਟ ਪੋਲਜ਼ ਦੇ ਅਨੁਮਾਨ ਅਨੁਸਾਰ ਭਾਜਪਾ ਦੇ ਉਮੀਦਵਾਰ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਤੋਂ ਘੱਟ-ਘੱਟ 20 ਫ਼ੀਸਦੀ ਵੋਟਾਂ ਦੇ ਫ਼ਰਕ ਨਾਲ ਜਿੱਤਣਗੇ। ਵੋਟਾਂ ਦੇ ਇੰਨੇ ਫ਼ਰਕ ਨਾਲ ਨਤੀਜਾ ਤਾਂ ਸੀਟਾਂ ਉੱਤੇ ਹੂੰਝਾ-ਫੇਰੂ ਜਿੱਤ ਦੇ ਰੂਪ ਵਿੱਚ ਹੀ ਸਾਹਮਣੇ ਆਉਣਾ ਸੀ। ਭਾਵੇਂ ਇਨਾਂ ਚੋਣ-ਸਰਵੇਖਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਅੱਗੇ ਰਹਿਣ ਬਾਰੇ ਕੁਝ ਵਧੇਰੇ ਹੀ ਅਨੁਮਾਨ ਲਾ ਲਏ ਹੋਣ (ਤੇ ਮੈਨੂੰ ਆਸ ਸੀ ਕਿ ਸਾਡੀ ਪਾਰਟੀ ਸਮੇਤ ਹੋਰ ਛੋਟੀਆਂ ਪਾਰਟੀਆਂ ਨੂੰ ਕੁਝ ਵਧੇਰੇ ਹੀ ਘਟਾ ਕੇ ਵੇਖਿਆ ਗਿਆ), ਪਰ ਸਾਨੂੰ ਵੀ ਇਹੋ ਲੱਗਦਾ ਰਿਹਾ ਕਿ ਚੋਣ ਲਹਿਰ ਇਸ ਵੇਲੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਹੈ।

ਅਜਿਹੇ ਨਤੀਜੇ ਦਾ ਅਸਰ ਨਿਸ਼ਚਿਤ ਤੌਰ ਉੱਤੇ ਕੁਝ ਗੁੱਝਾ ਤੇ ਤ੍ਰਾਸਦਿਕ ਹੋਵੇਗਾ। ਦਿੱਲੀ ਦੀਆਂ ਤਿੰਨੇ ਨਗਰ ਨਿਗਮਾਂ ਹਰ ਹਾਲਤ ਵਿੱਚ ਦੇਸ਼ ਦੀਆਂ ਸਭ ਤੋਂ ਭੈੜੇ ਤਰੀਕੇ ਨਾਲ ਚਲਾਈਆਂ ਜਾ ਰਹੀਆਂ ਨਗਰ-ਨਿਗਮਾਂ ਵਿੱਚ ਸ਼ਾਮਲ ਹਨ। ਦਿੱਲੀ ਦੇ ਬਾਹਰੀ ਤੇ ਪੂਰਬੀ ਖੇਤਰਾਂ, ਜਿੱਥੇ ਦਿੱਲੀ ਦੀ ਲਗਭਗ ਅੱਧੀ ਆਬਾਦੀ ਵਸਦੀ ਹੈ, ਵਿੱਚ ਜੇ ਕਦੇ ਇੱਕ ਗੇੜਾ ਮਾਰ ਕੇ ਵੇਖਣ ਦਾ ਮੌਕਾ ਮਿਲੇ ਤਾਂ ਪਤਾ ਲੱਗਦਾ ਹੈ ਕਿ ਉੱਥੋਂ ਦਾ ਸ਼ਹਿਰੀ ਬੁਨਿਆਦੀ ਢਾਂਚਾ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਕਸਬਿਆਂ ਤੋਂ ਬਿਹਤਰ ਨਹੀਂ ਹੈ। ਕਦੇ-ਕਦਾਈਂ ਦਿੱਲੀ ਆਉਣ ਵਾਲੇ ਵਿਅਕਤੀ ਦਾ ਧਿਆਨ ਵੀ ਸਹਿਜੇ ਹੀ ਗੰਦਗੀ ਦੇ ਢੇਰਾਂ, ਗੰਦੇ ਪਾਣੀ ਤੇ ਸ਼ਹਿਰ ਵਿੱਚ ਹਰ ਪਾਸੇ ਫੈਲੀ ਬਦਬੋ ਵੱਲ ਚਲਾ ਹੀ ਜਾਂਦਾ ਹੈ। ਪਿਛਲੇ ਇੱਕ ਸਾਲ ਵਿਚ, ਦਿੱਲੀ ਵਿੱਚ ਚਿਕਨਗੁਨੀਆ ਤੇ ਡੇਂਗੂ ਦੀ ਮਹਾਂਮਾਰੀ ਦਾ ਅਸਰ ਵੀ ਰਿਹਾ ਹੈ। ਹਵਾ ਵਿਚਲਾ ਪ੍ਰਦੂਸ਼ਣ ਖ਼ਤਰੇ ਦੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕਾ ਹੈ ਅਤੇ ਉੱਪਰੋਂ ਹੜਤਾਲਾਂ ਕਾਰਨਾਂ ਸੜਕਾਂ ਦੇ ਕੰਢਿਆਂ ਉੱਤੇ ਗੰਦਗੀ ਦੇ ਢੇਰ ਲੱਗੇ ਵੇਖੇ ਜਾ ਸਕਦੇ ਹਨ।

ਇਸ ਬਾਰੇ ਕਿਸੇ ਦੀ ਦੋ ਰਾਇ ਨਹੀਂ ਹੋ ਸਕਦੀ ਕਿ ਇਸ ਸਾਰੇ ਮਾਮਲੇ ਦਾ ਦੋਸ਼ੀ ਕੌਣ ਹੈ : ਯਕੀਨੀ ਤੌਰ ਉੱਤੇ ਪਿਛਲੇ 10 ਸਾਲਾਂ ਤੋਂ ਭਾਜਪਾ ਵੱਲੋਂ ਚਲਾਈਆਂ ਜਾ ਰਹੀਆਂ ਦਿੱਲੀ ਦੀਆਂ ਨਗਰ ਨਿਗਮਾਂ। ਵੱਧ ਮਕਬੂਲ ਸ਼ਬਦਾਂ ਵਿੱਚ ਗੱਲ ਕਰਨੀ ਹੋਵੇ ਤਾਂ ਇਨਾਂ ਨੂੰ ‘ਸਭ ਤੋਂ ਵੱਧ ਭ੍ਰਿਸ਼ਟ ਵਿਭਾਗਾਂ’ ਵਜੋਂ ਜਾਣਿਆ ਜਾਂਦਾ ਹੈ। ਤੁਹਾਨੂੰ ਦਿੱਲੀ ਨਗਰ ਨਿਗਮ ਦੀ ਹੋਂਦ ਦਾ ਪਤਾ ਉਦੋਂ ਹੀ ਲੱਗਦਾ ਹੈ, ਜਦੋਂ ਕਦੇ ਉਸ ਦਾ ਇੰਸਪੈਕਟਰ ਕਿਸੇ ਇਮਾਰਤ ਦੀਆਂ ਗਤੀਵਿਧੀਆਂ ਨੂੰ ਨਜ਼ਰਅੰਦਾਜ਼ ਕਰਨ ਬਦਲੇ ਰਿਸ਼ਵਤ ਮੰਗਣ ਲਈ ਆਉਂਦਾ ਹੈ। ਇਹ ਨਗਰ ਨਿਗਮਾਂ ਇੱਕ ਤਰਾਂ ਨਾਲ ਅਜਿਹੀ ‘ਪਾਠ-ਪੁਸਤਕ ਮਿਸਾਲ’ ਹਨ ਕਿ ਸਥਾਨਕ ਸਰਕਾਰਾਂ ਦੇ ਰੂਪ ਵਿੱਚ ਜਾਣੀਆਂ ਜਾਂਦੀਆਂ ਸੰਸਥਾਵਾਂ ਨੂੰ ਕਿਹੋ ਜਿਹੀਆਂ ਨਹੀਂ ਹੋਣਾ ਚਾਹੀਦਾ ਹੈ। ਦਿੱਲੀ ਸਰਕਾਰ ਨੇ ਉਨਾਂ ਨੂੰ ਵਸੀਲਿਆਂ ਤੋਂ ਵਾਂਝੀਆਂ ਰੱਖਿਆ ਹੋਇਆ ਹੈ, ਪਰ ਇਨਾਂ ਨਿਗਮਾਂ ਨੇ ਵੀ ਆਪਣੀ ਆਮਦਨ ਵਧਾਉਣ ਲਈ ਕਦੇ ਕੁਝ ਨਹੀਂ ਕੀਤਾ ਜਿਵੇਂ ਪਾਰਕਿੰਗ, ਇਸ਼ਤਿਹਾਰਬਾਜ਼ੀ ਤੇ ਟੋਲ ਟੈਕਸ ਰਾਹੀਂ ਅਜਿਹਾ ਕੀਤਾ ਜਾ ਸਕਦਾ ਹੈ। ਜੇ ਦਿੱਲੀ ਨਗਰ ਨਿਗਮ ਵਿੱਚ ਭਾਜਪਾ ਮੁੜ ਸੱਤਾ ਵਿੱਚ ਆ ਗਈ ਹੈ ਤਾਂ ਇਹ ਜਮਹੂਰੀ ਘੁਟਾਲੇ ਤੋਂ ਘੱਟ ਨਹੀਂ ਹੈ।

ਆਖ਼ਿਰ ਦਿੱਲੀ ਦੀ ਜਨਤਾ ਨੇ ਕਾਰਗੁਜ਼ਾਰੀ ਨਾ ਦਿਖਾਉਣ ਵਾਲੀ ਪਾਰਟੀ ਨੂੰ ਵੋਟਾਂ ਕਿਉਂ ਪਾਈਆਂ? ਸਪਸ਼ਟ ਹੈ ਕਿ ਇਸ ਜਵਾਬ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਛੇੜਖਾਨੀ ਵਿੱਚ ਬਿਲਕੁਲ ਨਹੀਂ ਹੈ। ਮੇਰੇ ਵਰਗੇ ਭਾਜਪਾ ਦੇ ਸਿਆਸੀ ਵਿਰੋਧੀ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਕੁਝ ਤਿੱਖੇ ਤੇ ਗ਼ੈਰ-ਜ਼ਿੰਮੇਵਾਰਾਨਾ ਦੋਸ਼ਾਂ ਦੇ ਬਾਵਜੂਦ ਭਾਜਪਾ ਇਸ ਲਈ ਜਿੱਤਦੀ ਜਾ ਰਹੀ ਹੈ ਕਿਉਂਕਿ ਲੋਕ ਉਸ ਨੂੰ ਵੋਟਾਂ ਪਾ ਰਹੇ ਹਨ।

ਭਾਜਪਾ ਨੂੰ ਵੋਟਾਂ ਪਾਉਣ ਵਾਲੇ ਇਹ ਨਹੀਂ ਸੋਚਦੇ ਕਿ ਉਹ ਇੰਨੀ ਮਾੜੀ ਕਾਰਗੁਜ਼ਾਰੀ ਵਾਲੀ ਦਿੱਲੀ ਨਗਰ ਨਿਗਮ ਨੂੰ ਇਨਾਮ ਦੇ ਰਹੇ ਹਨ। ਭਾਜਪਾ ਨੇ ਵੀ ਇਸ ਚੋਣ ਨੂੰ ਮਹਾਂਨਗਰ ਦੇ ਕੁਝ ਔਖੇ ਮੁੱਦਿਆਂ ਤੋਂ ਵੱਖ ਕਰਨ ਦੇ ਯਤਨ ਕੀਤੇ ਸਨ ਸਗੋਂ ਇਸ ਦੀ ਥਾਂ ਵੋਟਰਾਂ ਅਤੇ ਮੀਡੀਆ ਦਾ ਧਿਆਨ ਜਾਣਬੁੱਝ ਕੇ ਰਾਸ਼ਟਰਵਾਦ, ਕਸ਼ਮੀਰ, ਗਊ-ਹੱਤਿਆ ਤੇ ਰਾਸ਼ਟਰੀ ਸੁਰੱਖਿਆ ਜਿਹੇ ਮੁੱਦਿਆਂ ਵੱਲ ਭਟਕਾਇਆ ਗਿਆ। ਇਹ ਸਾਰੇ ਅਜਿਹੇ ਮੁੱਦੇ ਹਨ ਜਿਨਾਂ ਦਾ ਨਗਰ ਨਿਗਮ ਦਿੱਲੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਭਾਜਪਾ ਨੇ ਮੌਜੂਦਾ ਕੌਂਸਲਰਾਂ ਪ੍ਰਤੀ ਲੋਕਾਂ ਦਾ ਗੁੱਸਾ ਨਿੱਕਲਣ ਤੋਂ ਵੀ ਬਚਾਅ ਕੀਤਾ, ਨਹੀਂ ਤਾਂ ਲੋਕਾਂ ਨੇ ਉਨਾਂ ਨੂੰ ਮੁੜ ਨਾ ਚੁਣਨ ਦਾ ਫ਼ੈਸਲਾ ਕਰਨਾ ਸੀ। ਉੱਪਰੋਂ ਆਮ ਆਦਮੀ ਪਾਰਟੀ ਨੇ ਵੀ ਅਸਲ ਸ਼ਹਿਰੀ ਮੁੱਦਿਆਂ ਨੂੰ ਚੋਣਾਂ ਤੋਂ ਵੱਖ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਕਿਉਂਕਿ ਉਸ ਨੇ ਇਸ ਚੋਣ ਮੁਕਾਬਲੇ ਨੂੰ ਇੱਕ ਸ਼ਖ਼ਸੀਅਤ ਦਾ ਮੁਕਾਬਲਾ ਬਣਾ ਕੇ ਰੱਖ ਦਿੱਤਾ। ਆਮ ਆਦਮੀ ਪਾਰਟੀ ਦੀ ਸਾਰੀ ਚੋਣ ਮੁਹਿੰਮ ਦਾ ਪੂਰਾ ਜ਼ੋਰ ਇਸੇ ਗੱਲ ਉੱਤੇ ਲੱਗਿਆ ਰਿਹਾ ਕਿ ਇਸ ਦੇ ਨਤੀਜੇ ਕੇਜਰੀਵਾਲ ਦੇ ਹੱਕ ਵਿੱਚ ਨਿੱਜੀ ਰਾਇਸ਼ੁਮਾਰੀ ਹੋ ਨਿੱਬੜਨ। ਪ੍ਰਚਾਰ ਲਈ ਲਾਏ ਕੁਝ ਬੋਰਡਾਂ ਉੱਤੇ ਤਾਂ ਉਸ ਦੀ ਆਪਣੀ ਪਾਰਟੀ ਦਾ ਨਾਮ ਤਕ ਵੀ ਨਹੀਂ ਲਿਖਿਆ ਗਿਆ ਸੀ। ‘ਸਵਰਾਜ ਇੰਡੀਆ’ ਜਿਹੀਆਂ ਛੋਟੀਆਂ ਪਾਰਟੀਆਂ ਦਾ ਰਾਹ ਫ਼ੰਡਾਂ ਦੀ ਘਾਟ ਨੇ ਰੋਕ ਕੇ ਰੱਖਿਆ ਅਤੇ ਨਾ ਹੀ ਮੀਡੀਆ ਨੇ ਉਨਾਂ ਵੱਲ ਕੋਈ ਧਿਆਨ ਦਿੱਤਾ। ਇਨਾਂ ਨਿੱਕੀਆਂ ਪਾਰਟੀਆਂ ਨੇ ਭਾਵੇਂ ਸ਼ਹਿਰੀ ਮੁੱਦਿਆਂ ਉੱਤੇ ਬਹਿਸ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨਾਂ ਨੂੰ ਬਹੁਤ ਸੀਮਤ ਸਫ਼ਲਤਾ ਹੀ ਮਿਲ ਸਕੀ। ਅੰਤ ਵਿਚ ਇਹ ਮੁਕਾਬਲਾ ਸਿੱਧਾ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਿਚਾਲੇ ਬਣ ਕੇ ਰਹਿ ਗਿਆ।

ਜਾਪਦਾ ਹੈ ਕਿ ਦਿੱਲੀ ਦੇ ਲੋਕਾਂ ਨੇ ਮੁੱਖ ਮੰਤਰੀ ਨੂੰ ਲਾਂਭੇ ਕਰ ਕੇ ਪ੍ਰਧਾਨ ਮੰਤਰੀ ਨੂੰ ਚੁਣ ਲਿਆ ਹੈ। ਇਸ ਦੀ ਵਿਆਖਿਆ ਦੇਸ਼ ਭਰ ਵਿੱਚ ਚੱਲ ਰਹੀ ‘ਜਾਦੂਮਈ ਮੋਦੀ ਲਹਿਰ’ ਨਾਲ ਨਹੀਂ ਕੀਤੀ ਜਾ ਸਕਦੀ। ਸਾਨੂੰ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਮੋਦੀ ਲਹਿਰ ਤਾਂ ਸਾਲ 2015 ਵਿੱਚ ਵੀ ਕੋਈ ਘੱਟ ਨਹੀਂ ਸੀ, ਜਦੋਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਧੂੜ ਚੱਟਣੀ ਪਈ ਸੀ। ਉਦੋਂ ਤਾਂ ਪ੍ਰਧਾਨ ਮੰਤਰੀ ਦੀ ਹਰਮਨ ਪਿਆਰਤਾ ਵੀ ਕੁਝ ਵੱਧ ਹੀ ਸੀ ਕਿਉਂਕਿ 2014 ਦੀ ਲੋਕ ਸਭਾ ਚੋਣਾਂ ਦੀ ਕਾਮਯਾਬੀ ਤੋਂ ਬਾਅਦ ਉਨਾਂ ਨੂੰ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਅਦਭੁੱਤ ਜਿੱਤਾਂ ਹਾਸਲ ਹੋਈਆਂ ਸਨ। ਹੁਣ ਵਾਂਗ, ਪ੍ਰਧਾਨ ਮੰਤਰੀ ਦੀ ਪਾਰਟੀ ਨੂੰ ਸਥਾਪਤੀ-ਵਿਰੋਧੀ ਕਿਸੇ ਲਹਿਰ ਦਾ ਵੀ ਸਾਹਮਣਾ ਨਹੀਂ ਕਰਨਾ ਪੈ ਰਿਹਾ ਸੀ। ਉਦੋਂ ਤਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਰੁੱਧ ਸਗੋਂ ਸਥਾਪਤੀ-ਵਿਰੋਧੀ ਲਹਿਰ ਜ਼ਰੂਰ ਸੀ। ਅਸੀਂ ਇਸ ਔਖੇ ਸੁਆਲ ਤੋਂ ਬਚ ਨਹੀਂ ਸਕਦੇ : ਮੋਦੀ ਲਹਿਰ 2015 ਵਿੱਚ ਨਾਕਾਮ ਕਿਉਂ ਰਹੀ ਸੀ ਤੇ ਹੁਣ 2017 ਵਿੱਚ ਕਿਉਂ ਕੰਮ ਕਰਦੀ ਜਾਪਦੀ ਹੈ?

ਇਹ ਫ਼ਰਕ ਫ਼ਰਵਰੀ 2015 ਤੋਂ ਲੈ ਕੇ ਹੁਣ ਤਕ ਆਮ ਆਦਮੀ ਪਾਰਟੀ ਦੀ ਸਰਕਾਰ ਨਾਲ ਦਿੱਲੀ ਵਾਸੀਆਂ ਦੇ ਤਜਰਬੇ ਵਿੱਚ ਵੇਖਿਆ ਜਾ ਸਕਦਾ ਹੈ। ਆਮ ਆਦਮੀ ਪਾਰਟੀ ਦੀ ਨੈਤਿਕ ਚਮਕ ਤਾਂ ਉਸ ਦੇ ਸੱਤਾ ਵਿੱਚ ਆਉਣ ਦੇ ਕੁਝ ਮਹੀਨਿਆਂ ਅੰਦਰ ਹੀ ਖ਼ਤਮ ਹੋਣੀ ਸ਼ੁਰੂ ਹੋ ਗਈ ਸੀ। ਇਸ ਸਰਕਾਰ ਨੇ ਵਧੀਆ ਸ਼ਾਸਨ ਦੇਣ ਦਾ ਵਾਅਦਾ ਕੀਤਾ ਸੀ, ਪਰ ਉਹ ਖੋਖਲਾ ਸਿੱਧ ਹੋਇਆ ਕਿਉਂਕਿ ਸਰਕਾਰ ਕੋਲ ਬਿਜਲੀ ਬਿਲਾਂ ਵਿੱਚ ਕੁਝ ਕਟੌਤੀ ਤੇ ਸਕੂਲੀ ਸਿੱਖਿਆ ਲਈ ਕੁਝ ਵਾਧੂ ਫ਼ੰਡਾਂ ਤੋਂ ਇਲਾਵਾ ਆਪਣਾ ਪਿਛਲੀਆਂ ਪ੍ਰਾਪਤੀਆਂ ਦਾ ਕੋਈ ਰਿਕਾਰਡ ਵਿਖਾਉਣ ਜੋਗਾ ਕੁਝ ਵੀ ਨਹੀਂ ਸੀ। ਸਗੋਂ ਇਸ ਦੀ ਥਾਂ ਦਿੱਲੀ ਦੀ ਸਰਕਾਰ ਕੇਵਲ ਕੇਂਦਰ ਸਰਕਾਰ ਅਤੇ ਉਸ ਦੇ ਨੁਮਾਇੰਦੇ ਭਾਵ ਉਪ ਰਾਜਪਾਲ ਗਵਰਨਰ ਉੱਤੇ ਦੋਸ਼ ਲਾਉਣ ਦੀ ਖੇਡ ਵਿੱਚ ਹੀ ਰੁੱਝੀ ਰਹੀ। ਬੇਸ਼ੱਕ ਇਨਾਂ ਵਿੱਚੋਂ ਕੁਝ ਸ਼ਿਕਾਇਤਾਂ ਜਾਇਜ਼ ਵੀ ਹਨ। ਪਰ ਦੂਸ਼ਣਬਾਜ਼ੀ ਦੀ ਇਸ ਖੇਡ ਉੱਤੇ ਇੰਨਾ ਜ਼ਿਆਦਾ ਨਿਰਭਰ ਰਹਿਣ ਤੋਂ ਓਲਾ ਦੇ ਇਸ ਡਰਾਈਵਰ ਵਾਂਗ ਦਿੱਲੀ ਦੀ ਸਮੂਹ ਜਨਤਾ ਪੂਰੀ ਤਰਾਂ ਅੱਕ ਚੁੱਕੀ ਹੈ। ਕੇਜਰੀਵਾਲ ਦੀ ਸ਼ਖ਼ਸੀਅਤ ਦਾ ਪ੍ਰਭਾਵ ਹੁਣ ਪੁੱਠਾ ਪੈਣਾ ਸ਼ੁਰੂ ਹੋ ਗਿਆ ਹੈ ਅਤੇ ਹੁਣ ਉਹ ਇਸ ਨਿੱਜੀ ਰਾਇਸ਼ੁਮਾਰੀ ਵਿੱਚ ਹਾਰ ਹੀ ਚੁੱਕੇ ਹਨ। ਆਮ ਆਦਮੀ ਪਾਰਟੀ ਦਾ ਜਿਵੇਂ ਅੱਖ ਦੇ ਫੋਰ ਵਿੱਚ ਟੁੱਟਦੇ ਤਾਰੇ ਵਾਂਗ ਉਭਾਰ ਹੋਇਆ ਸੀ ਤੇ ਹੁਣ ਟੁੱਟਦੇ ਤਾਰੇ ਵਾਂਗ ਹੀ ਉਸ ਦੇ ਪਤਨ ਦਾ ਖ਼ਤਰਾ ਬਣਿਆ ਹੋਇਆ ਹੈ।

ਆਮ ਬੰਦਾ ਤਾਂ ਸਿਰਫ਼ ਇਹੋ ਆਸ ਰੱਖ ਸਕਦਾ ਹੈ ਕਿ ਆਮ ਆਦਮੀ ਪਾਰਟੀ ਵਿੱਚ ਕੁਝ ਸਬਕ ਸਿੱਖਣ ਦੀ ਸਮਰੱਥਾ ਹਾਲੇ ਬਚੀ ਹੋਈ ਹੈ। ਦਿੱਲੀ ਨਗਰ ਨਿਗਮ ਚੋਣਾਂ ਨੇ ਭਾਰਤੀ ਸਿਆਸਤ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਦਾਰੀ ਤੇ ਚੌਧਰ ਕਾਇਮ ਕਰਨ ਦਾ ਪਹਿਲਾ ਗੇੜ ਮੁਕੰਮਲ ਕਰ ਦਿੱਤਾ ਹੈ। ਜੇ ਵਿਰੋਧੀ ਧਿਰ ਹਾਲੇ ਵੀ ਅਸਲੀਅਤ ਨੂੰ ਨਹੀਂ ਸਮਝਣਾ ਚਾਹੁੰਦੀ ਤਾਂ ਬਹੁਤ ਦੇਰੀ ਵੀ ਹੋ ਸਕਦੀ ਹੈ।

## ਸਮ੍ਰਿਤੀ ਇਰਾਨੀ ਹੁਣ ਭੇਜੇ ਮੋਦੀ ਨੂੰ ਚੂੜੀਆਂ : ਕਪਿਲ ਸਿੱਬਲ

### ‘ਸੁਸ਼ਮਾ ਸਵਰਾਜ ਦੱਸਣ, ਹੁਣ ਉਨ੍ਹਾਂ ਨੂੰ ਦੋ ਸਿਰ ਦੇ ਬਦਲੇ ਕਿੰਨੇ ਸਿਰ ਚਾਹੀਦੇ ਹਨ?’

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਦੋ ਜਵਾਨਾਂ ਦੀ ਹੱਤਿਆ ਅਤੇ ਉਨ੍ਹਾਂ ਦੀ ਲਾਸ਼ਾਂ ਨਾਲ ਵੱਢ-ਟੁੱਕ ਦੀ ਘਟਨਾ ਨੂੰ ਮੰਦਭਾਗਾ ਦਸਦਿਆਂ ਕਾਂਗਰਸ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਨੇ ਪੁਛਿਆ ਹੈ ਕਿ ਕੀ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੂੜੀਆਂ ਭੇਜੇਗੀ, ਕਿਉਂਕਿ ਸਾਲ 2013 ਵਿਚ ਇਸੇ ਤਰ੍ਹਾਂ ਦੀ ਘਟਨਾ ਮਗਰੋਂ ਉਹ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਚੂੜੀਆਂ ਭੇਜਣਾ ਚਾਹੁੰਦੀ ਸੀ।

2013 ਵਿਚ ਕਾਂਗਰਸ ਦੀ ਅਗਵਾਈ ਵਾਲੀ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਦੌਰਾਨ ਭਾਰਤੀ ਜਵਾਨਾਂ ’ਤੇ ਹਮਲੇ ਮਗਰੋਂ ਸਮ੍ਰਿਤੀ ਇਰਾਨੀ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਚੂੜੀਆਂ ਭੇਜਣ ਦੀ ਪੇਸ਼ਕਸ਼ ਕੀਤੀ ਸੀ। ਕਾਂਗਰਸ ਦੇ ਬੁਲਾਰੇ ਨੇ ਪੱਤਰਕਾਰ ਸੰਮੇਲਨ ਵਿਚ ਕਿਹਾ, ‘ਪਾਕਿਸਤਾਨ ਵਲੋਂ ਭਿਆਨਕ ਤਰੀਕੇ ਨਾਲ ਹਮਲਾ ਕਰਨਾ ਅਤੇ ਸਾਡੇ ਦੋ ਜਵਾਨਾਂ ਦੀਆਂ ਲਾਸ਼ਾਂ ਦੀ ਵੱਢ-ਟੁਕ ਕਰਨ ਦੀ ਘਟਨਾ ਦੀ ਅਸੀਂ ਸਖ਼ਤ ਤੋਂ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ।’ ਸਿੱਬਲ ਨੇ ਕਿਹਾ, ‘ਯੂ.ਪੀ.ਏ. ਦੇ ਸ਼ਾਸਨ ਵਿਚ ਇਕ ਮਹਿਲਾ ਸੰਸਦ ਮੈਂਬਰ (ਸਮ੍ਰਿਤੀ ਇਰਾਨੀ) ਸੀ, ਜਿਸ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨੂੰ ਚੂੜੀਆਂ ਭੇਟ ਕਰਨੀਆਂ ਚਾਹੀਦੀਆਂ ਹਨ। ਕੀ ਹੁਣ ਉਹ ਨਰਿੰਦਰ ਮੋਦੀ ਨੂੰ ਚੂੜੀਆਂ ਭੇਜੇਗੀ?

ਉਨ੍ਹਾਂ ਕਿਹਾ ਕਿ ਅਤਿਵਾਦ ਨਾਲ ਨਜਿੱਠਣ ਲਈ ਨੀਤੀ ਹੋਣੀ ਚਾਹੀਦੀ ਹੈ ਤੇ ਸਰਕਾਰ ਨੂੰ ਇਸ ’ਤੇ ਵਿਰੋਧੀ ਧਿਰ ਦੇ ਨਾਲ ਚਰਚਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ, ‘ਭਾਜਪਾ ਦੀ ਅਗਵਾਈ ਵਾਲੀ ਕੌਮੀ ਜਮਹੂਰੀ ਗਠਜੋੜ ਸਰਕਾਰ ਨੂੰ ਚੋਣ ਪ੍ਰਚਾਰ ਮੁਹਿੰਮ ਤੋਂ ਫੁਰਸਤ ਮਿਲੇ, ਤਾਂ ਤਾਂ ਸਰਹੱਦ ਦੀ ਸੁਰੱਖਿਆ ਹੋਵੇਗੀ। ਆਖ਼ਰ ਇਹ ਕਿਹੜੀ ਸਰਕਾਰ ਹੈ, ਜੋ ਜਾਣਦੀ ਹੈ ਕਿ ਪਾਕਿਸਤਾਨ ਆਪਣਾ ਰਸਤਾ ਕਦੇ ਨਹੀਂ ਬਦਲੇਗਾ, ਇਸ ਦੇ ਬਾਵਜੂਦ ਉਸ ਨੇ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈ.ਐਸ.ਆਈ. ਨੂੰ ਪਠਾਨਕੋਟ ਸੱਦਿਆ। ਜ਼ਿਕਰਯੋਗ ਹੈ ਕਿ 2016 ਵਿਚ ਪਠਾਨਕੋਟ ਵਿਚ ਹਵਾਈ ਫ਼ੌਜ ਦੇ ਅੱਡੇ ’ਤੇ ਦਹਿਸ਼ਤੀ ਹਮਲੇ ਦੀ ਜਾਂਚ ਦੇ ਸਬੰਧ ਵਿਚ ਪਾਕਿਸਤਾਨੀ ਏਜੰਸੀ ਆਈ.ਐਸ.ਆਈ. ਨੂੰ ਪਠਾਨਕੋਟ ਆਉਣ ਦੀ ਆਗਿਆ ਦਿੱਤੀ ਗਈ ਸੀ। ਸਿੱਬਲ ਨੇ ਕਿਹਾ, ‘ਬੀਤੇ 35 ਮਹੀਨਿਆਂ ਦੌਰਾਨ ਜੰਮੂ ਅਤੇ ਕਸ਼ਮੀਰ ਵਿਚ 135 ਜਵਾਨ ਮਾਰੇ ਗਏ ਹਨ। ਇਸ ਲਈ ਕੌਣ ਜ਼ਿੰਮੇਵਾਰ ਹੈ?

## ਆਪਣੇ ਫ਼ੌਜੀ ਕਾਰਨਾਮਿਆਂ ਬਾਰੇ ਵਧਾ-ਚੜ੍ਹਾ ਕੇ ਦੱਸਣ ਕਾਰਨ ਕਸੂਤੇ ਫਸੇ ਸੱਜਣ

**ਓਟਵਾ/ਬਿਊਰੋ ਨਿਊਜ਼ :** ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਪਿਛਲੇ ਮਹੀਨੇ ਆਪਣੀ ਭਾਰਤ ਫੇਰੀ ਦੌਰਾਨ ਆਪਣੇ ਫ਼ੌਜੀ ਕਾਰਨਾਮਿਆਂ ਬਾਰੇ ਵਧਾ-ਚੜ੍ਹਾ ਕੇ ਦੱਸਣ ਕਾਰਨ ਕਸੂਤੇ ਫਸ ਗਏ ਹਨ। ਇਸ ਕਾਰਨ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੀ ਆਗੂ ਰੋਨਾ ਐਂਬਰੋਸ ਨੇ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ, ਜਦੋਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਨ੍ਹਾਂ ਦਾ ਬਚਾਅ ਕੀਤਾ ਹੈ। ਸ੍ਰੀ ਸੱਜਣ ਨੇ ਭਾਰਤ ਫੇਰੀ ਦੌਰਾਨ ਦਾਅਵਾ ਕੀਤਾ ਸੀ ਕਿ ਉਹ 2006 ਵਿੱਚ ਕੈਨੇਡੀਅਨ ਫ਼ੌਜ ਵੱਲੋਂ ਅਫ਼ਗਾਨਿਸਤਾਨ ਵਿੱਚ ਕੀਤੇ ‘ਅਪਰੇਸ਼ਨ ਮਡੂਸਾ’ ਦੇ ‘ਕਰਤਾ-ਧਰਤਾ’ ਸਨ। ਇਸ ਅਪਰੇਸ਼ਨ ਰਾਹੀਂ ਤਾਲਿਬਾਨ ਨੂੰ ਬੁਰੀ ਤਰ੍ਹਾਂ ਹਰਾ ਕੇ ਕੰਧਾਰ ਤੋਂ ਭਜਾ ਦਿੱਤਾ ਗਿਆ ਸੀ। ਬੀਬੀ ਐਂਬਰੋਸ ਨੇ ਸ੍ਰੀ ਸੱਜਣ ਉਤੇ ਕੈਨੇਡੀਅਨ ਫ਼ੌਜੀਆਂ ਦੀ ‘ਬਹਾਦਰੀ ਚੁਰਾਉਣ’ ਦੇ ਦੋਸ਼ ਲਾਉਂਦਿਆਂ ਆਖਿਆ, “ਪਤਾ ਲੱਗਾ ਹੈ ਕਿ ਰੱਖਿਆ ਮੰਤਰੀ ਨੇ ਇਕ ਵਾਰੀ ਫੇਰ ਕੈਨੇਡੀਅਨਾਂ ਨੂੰ ਗੁੰਮਰਾਹ ਕੀਤਾ ਹੈ। ਜਦੋਂ ਉਹ ਲਗਾਤਾਰ ਤੱਥਾਂ ਨੂੰ ਵਿਗਾੜ ਕੇ ਪੇਸ਼ ਕਰ ਰਹੇ ਹਨ, ਤਾਂ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਕਿਵੇਂ ਰੱਖਿਆ ਮੰਤਰੀ ਰੱਖ ਸਕਦੇ ਹਨ।”

# ਪੰਜਾਬ ਸਰਕਾਰ ਨੂੰ ਪਰਵਾਸੀਆਂ ਤੋਂ ਉਮੀਦਾਂ

## ਕਰਜ਼ਾ ਮੁਆਫ਼ੀ ਲਈ ਵਿੱਤੀ ਸਾਧਨ ਜੁਟਾਉਣ 'ਚ ਉਲਝੀ ਕੈਪਟਨ ਸਰਕਾਰ



### *ਕੇਰਲ ਸਰਕਾਰ ਦੀ ਤਰਜ਼ 'ਤੇ ਬਾਂਡ ਵੇਚਣ ਲਈ ਵਿਚਾਰਾਂ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਕਿਸਾਨੀ ਦੇ ਕਰਜ਼ਿਆਂ ਨੂੰ ਮੁਆਫ਼ ਕਰਨ ਦੇ ਮੁੱਦੇ 'ਤੇ ਪੰਜਾਬ ਸਰਕਾਰ ਵਿੱਤੀ ਸਾਧਨ ਜੁਟਾਉਣ ਸਬੰਧੀ ਵੱਡੇ ਭੰਬਲਭੂਸੇ ਵਿਚ ਨਜ਼ਰ ਆ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਲਈ ਡਾ. ਟੀ. ਹੱਕ ਦੀ ਅਗਵਾਈ ਵਿਚ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਦੀ ਇੱਥੇ ਪਲੇਠੀ ਮੀਟਿੰਗ ਦੌਰਾਨ ਕਰਜ਼ਾ ਮੁਆਫ਼ੀ ਲਈ ਸਾਧਨ ਜੁਟਾਉਣ ਸਬੰਧੀ ਵਿਸਥਾਰ ਵਿਚ ਵਿਚਾਰ-ਵਟਾਂਦਰੇ ਹੋਏ। ਫਿਲਹਾਲ ਮੁੱਖ ਤੌਰ 'ਤੇ ਕੇਰਲ ਸਰਕਾਰ ਦੇ ਕਰਜ਼ਾ ਮੁਆਫ਼ੀ ਮਾਡਲ ਨੂੰ ਪਸੰਦ ਕੀਤਾ, ਜਿਸ ਅਧੀਨ ਕੇਰਲ ਸਰਕਾਰ ਵੱਲੋਂ ਇਕ ਸਹਾਇਤਾ ਫੰਡ ਸਥਾਪਤ ਕਰਕੇ 8000 ਕਰੋੜ ਦੇ ਬਾਂਡ 7 ਸਾਲ ਲਈ ਬਿਨਾਂ ਕੋਈ ਵਿਆਜ ਵੇਚਣ ਵਿਚ ਸਫ਼ਲਤਾ ਹਾਸਲ ਕੀਤੀ ਅਤੇ ਉਸ ਵਿਆਜ ਰਹਿਤ ਪੈਸੇ ਦੀ ਵਰਤੋਂ ਨਾਲ ਕਿਸਾਨਾਂ ਨੂੰ ਰਾਹਤ ਦਿੱਤੀ ਗਈ। ਸੂਚਨਾ ਅਨੁਸਾਰ ਕੇਰਲ ਤੋਂ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਵਸੇ ਪ੍ਰਵਾਸੀਆਂ ਅਤੇ ਸਥਾਨਕ ਧਨਾਢਾਂ ਵੱਲੋਂ ਰਾਜ ਸਰਕਾਰ ਦੀ ਇਸ ਸਕੀਮ ਨੂੰ ਕਾਮਯਾਬ ਬਣਾਇਆ, ਜਿਸ ਲਈ 7 ਸਾਲ ਬਾਅਦ ਪੈਸਾ ਬਿਨਾਂ ਵਿਆਜ ਵਾਪਸ ਕੀਤਾ ਜਾਣਾ ਹੈ। ਪਰ ਉਸੇ ਪੈਟਰਨ 'ਤੇ ਪੰਜਾਬ ਸਰਕਾਰ ਦੀ ਪੰਜਾਬੀ ਪ੍ਰਵਾਸੀਆਂ ਅਤੇ ਦੂਜੇ ਧਨਾਢ ਪੰਜਾਬੀਆਂ ਤੋਂ ਪੈਸਾ ਇਕੱਠਾ ਕਰਨ ਦੀ ਸਕੀਮ ਨੂੰ ਕਿੰਨੀ ਕੁ ਕਾਮਯਾਬੀ ਮਿਲੇਗੀ ਇਹ ਵੇਖਣ ਵਾਲੀ ਗੱਲ ਹੋਵੇਗੀ, ਕਿਉਂਕਿ ਵਿਆਜ ਨਾ ਮਿਲਣਾ ਤਾਂ ਇੱਕ ਪਾਸੇ ਰਿਹਾ 7 ਸਾਲਾਂ ਵਿਚ ਮੁਦਰਾ ਪਸਾਰ ਦਰ ਦੇ ਮੌਜੂਦਾ ਅਨੁਮਾਨਾਂ ਅਨੁਸਾਰ ਪੈਸੇ ਦਾ ਮੁੱਲ 7 ਸਾਲ ਬਾਅਦ ਵੈਸੇ ਵੀ ਅੱਧਾ ਰਹਿ ਜਾਵੇਗਾ ਅਤੇ ਅਜਿਹੀ ਸਕੀਮ ਵਿਚ ਕੋਈ ਪੈਸਾ ਦੇਣਾ ਚਾਹੇਗਾ, ਇਹ ਵੇਖਣ ਵਾਲੀ ਗੱਲ ਹੋਵੇਗੀ। ਹਾਲਾਂਕਿ ਰਾਜ ਸਰਕਾਰ ਵੱਲੋਂ ਇਸ ਸਬੰਧੀ ਮੁੱਖ ਮੰਤਰੀ ਦੀ ਮੁੰਬਈ ਫੇਰੀ ਦੌਰਾਨ ਰਿਜ਼ਰਵ ਬੈਂਕ ਦੇ ਅਧਿਕਾਰੀਆਂ ਨਾਲ ਵੀ ਇਸ ਸਬੰਧੀ ਵਿਸਥਾਰ ਵਿਚ ਗੱਲਬਾਤ ਹੋਈ ਹੈ। ਰਾਜ ਸਰਕਾਰ ਦਾ ਮੰਨਣਾ ਹੈ ਕਿ ਅਗਰ ਸਰਕਾਰ 20 ਹਜ਼ਾਰ ਕਰੋੜ ਦੇ ਬਾਂਡ ਵੇਚਣ ਵਿਚ ਕਾਮਯਾਬ ਰਹਿੰਦੀ ਹੈ ਤਾਂ ਉਸ ਦੇ ਵਿਆਜ ਤੋਂ ਹੋਣ ਵਾਲੀ ਸਾਲਾਨਾ ਕੋਈ 3 ਹਜ਼ਾਰ ਕਰੋੜ ਦੀ ਆਮਦਨ ਕਿਸਾਨਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਲਈ ਖਰਚੀ ਜਾ ਸਕਦੀ ਹੈ, ਲੇਕਿਨ ਉਕਤ ਸਕੀਮ ਨਾਲ ਵੀ 7 ਸਾਲਾਂ ਵਿਚ ਰਾਜ ਸਰਕਾਰ ਕੇਵਲ ਕੋਈ 20 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਸਕੇਗੀ, ਜਦੋਂਕਿ ਰਾਜ ਦੀ ਕਿਸਾਨੀ ਸਿਰ ਮਿਆਦੀ ਖੇਤੀ ਕਰਜ਼ਿਆਂ ਨੂੰ ਛੱਡ ਦੂਜੇ ਬੈਂਕ ਕਰਜ਼ੇ ਹੀ 62,931 ਕਰੋੜ ਰੁਪਏ ਦੇ ਹਨ, ਜੋ ਕਿ 30.23 ਲੱਖ ਕਿਸਾਨਾਂ ਨੇ ਲਏ ਹੋਏ ਹਨ। ਪਰ ਆੜ੍ਹਤੀਆਂ ਦੇ ਕਰਜ਼ੇ ਸਬੰਧੀ ਰਾਜ ਸਰਕਾਰ ਕੋਲ ਫਿਲਹਾਲ ਕੋਈ ਸੂਚਨਾ ਜਾਂ ਅਨੁਮਾਨ ਨਹੀਂ ਅਤੇ ਨਾ ਹੀ ਇਹ ਕਰਜ਼ਾ ਮੁਆਫ਼ ਕਰਨ ਦਾ ਕੋਈ ਕਿਤੇ ਜ਼ਿਕਰ ਵੀ ਹੋ ਰਿਹਾ ਹੈ, ਜਦੋਂਕਿ ਆਤਮ ਹੱਤਿਆਵਾਂ ਕਰਨ ਵਾਲੇ ਕਈ ਕਿਸਾਨ ਆੜ੍ਹਤੀ ਕਰਜ਼ਿਆਂ ਤੋਂ ਤੰਗ ਆ ਕੇ ਅਜਿਹੇ ਕਦਮ ਚੁੱਕ ਰਹੇ ਹਨ। ਮਗਰਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਹਾਲਾਂਕਿ ਆੜ੍ਹਤੀ ਕਰਜ਼ਿਆਂ ਨੂੰ ਨਿਯਮਤ ਕਰਨ ਲਈ ਵਿਧਾਨ ਸਭਾ ਤੋਂ ਕਾਨੂੰਨ ਵੀ ਪਾਸ ਕਰਵਾਇਆ ਸੀ, ਪਰ ਇਸ 'ਤੇ ਅਮਲ ਨਹੀਂ ਹੋ ਰਿਹਾ। ਰਾਜ ਦੇ ਸਿਆਸੀ ਹਲਕਿਆਂ ਵੱਲੋਂ ਮੌਜੂਦਾ ਸਰਕਾਰ ਦੀ ਬਾਂਡ ਰਹਿਤ ਸਕੀਮ ਨੂੰ ਹਾਸੋਹੀਣਾ ਕਰਾਰ ਦਿੱਤਾ ਜਾ ਰਿਹਾ ਹੈ, ਕਿਉਂਕਿ 7 ਸਾਲ ਲਈ ਬਿਨਾਂ ਵਿਆਜ ਕੋਈ ਵੀ ਵਿਅਕਤੀ ਆਪਣਾ ਪੈਸਾ ਕਿਉਂ ਦੇਵੇਗਾ ਅਤੇ ਫਿਰ ਮੌਜੂਦਾ ਸਰਕਾਰ ਦੀ ਆਪਣੀ ਮਿਆਦ ਵੀ 5 ਸਾਲ ਦੀ ਹੈ, ਅਤੇ ਪੈਸੇ ਵਾਪਸ ਕਰਨ ਦੀ ਜ਼ਿੰਮੇਵਾਰੀ ਅਗਲੀ ਸਰਕਾਰ 'ਤੇ ਚਲੀ ਜਾਵੇਗੀ। ਕਰਜ਼ਾ ਮੁਆਫ਼ੀ ਸਬੰਧੀ ਰਾਜ ਸਰਕਾਰ ਵੱਲੋਂ ਬਣਾਈ ਗਈ ਉੱਚ ਪੱਧਰੀ ਕਮੇਟੀ ਦੇ ਮੁਖੀ ਟੀ. ਹੱਕ ਨੇ ਇੱਥੇ ਮੀਟਿੰਗ ਤੋਂ ਬਾਅਦ ਕਿਹਾ ਕਿ ਕਮੇਟੀ ਕਿਸਾਨ ਜਥੇਬੰਦੀਆਂ ਨਾਲ ਵੀ ਇਸ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰੇਗੀ, ਜਦੋਂਕਿ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਅਤੇ ਕੇਰਲ ਵਿਚ ਕਰਜ਼ਾ ਮੁਆਫ਼ੀ ਦੇ ਮਾਡਲਾਂ ਨੂੰ ਵੀ ਵਿਚਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਨਿਰਧਾਰਤ ਸਮੇਂ ਵਿਚ ਆਪਣੀ ਰਿਪੋਰਟ ਮੁੱਖ ਮੰਤਰੀ ਨੂੰ ਪੇਸ਼ ਕਰ ਦੇਵੇਗੀ। ਪਰ ਦਿਲਚਸਪ ਗੱਲ ਇਹ ਹੈ ਕਿ ਰਾਜ ਸਰਕਾਰ ਰਾਜ ਦੇ ਸਾਰੇ 30.23 ਲੱਖ ਕਿਸਾਨਾਂ ਨੂੰ ਯੂ.ਪੀ. ਪੈਟਰਨ 'ਤੇ ਬੈਂਕ ਕਰਜ਼ਿਆਂ 'ਤੇ ਪ੍ਰਤੀ ਕਿਸਾਨ ਇਕ ਲੱਖ ਰੁਪਏ ਦੀ ਰਾਹਤ ਦੇਣ ਦਾ ਫੈਸਲਾ ਲੈਂਦੀ ਹੈ ਤਾਂ ਵੀ ਸਰਕਾਰ ਨੂੰ 30 ਹਜ਼ਾਰ ਕਰੋੜ ਰੁਪਏ ਲੋੜੀਂਦੇ ਹੋਣਗੇ, ਜਦੋਂਕਿ ਕਿਸਾਨਾਂ ਸਿਰ ਬੈਂਕਾਂ ਦਾ ਕੁੱਲ ਕਰਜ਼ਾ 77,684 ਕਰੋੜ ਰੁਪਏ ਹੈ ਅਤੇ ਆੜ੍ਹਤੀਆਂ ਦੇ ਕਰਜ਼ੇ ਇਸ ਤੋਂ ਇਲਾਵਾ ਹਨ। ਪਰ ਚੋਣ ਮਨੋਰਥ ਪੱਤਰ ਵਿਚ ਕਾਂਗਰਸ ਵੱਲੋਂ ਕਿਸਾਨੀ ਦੇ ਸਮੁੱਚੇ ਕਰਜ਼ਿਆਂ 'ਤੇ ਲਕੀਰ ਮਾਰਨ ਦੇ ਕੀਤੇ ਗਏ ਵਾਅਦੇ ਲਈ ਰਾਜ ਸਰਕਾਰ ਬੈਂਕਾਂ ਦੇ ਕਰਜ਼ੇ ਮੋੜਨ ਲਈ 77 ਹਜ਼ਾਰ ਕਰੋੜ ਦੀ ਰਾਸ਼ੀ ਕਿੱਥੋਂ ਜੁਟਾ ਪਾਵੇਗੀ ਇਹ ਆਪਣੇ-ਆਪ ਵਿਚ ਵੀ ਇਕ ਬੁਝਾਰਤ ਬਣੀ ਹੋਈ ਹੈ।

### *ਪੰਜਾਬ ਸਰਕਾਰ ਦੀ ਮਾਲੀ ਹਾਲਤ ਪਤਲੀ*

*ਰਾਜ ਸਰਕਾਰ ਦੀ ਮਾਲੀ ਹਾਲਤ ਕਾਫ਼ੀ ਖਰਾਬ ਹੈ ਅਤੇ ਇਸ ਦੇ ਸਿਰ 1.82 ਲੱਖ ਕਰੋੜ ਦਾ ਜਨਤਕ ਕਰਜ਼ਾ ਹੈ। ਜੇ ਚਾਰ-ਪੰਜ ਬੋਰਡਾਂ ਦੇ ਕਰਜ਼ੇ ਮਿਲਾ ਲਏ ਜਾਣ ਤਾਂ ਕਰਜ਼ੇ ਦੀ ਰਕਮ ਢਾਈ ਲੱਖ ਕਰੋੜ ਦਾ ਅੰਕੜਾ ਪਾਰ ਕਰ ਜਾਂਦੀ ਹੈ। ਇਸ ਲਈ ਮਾਹਰਾਂ ਦੀ ਕਮੇਟੀ ਕਿਸਾਨੀ ਸਿਰ ਚੜ੍ਹੇ ਵੱਖ ਵੱਖ ਕਰਜ਼ਿਆਂ ਵਿੱਚੋਂ ਕਿਸ ਕਰਜ਼ੇ ਨੂੰ ਮੁਆਫ਼ ਕਰਨ ਦੀਆਂ ਸਿਫ਼ਾਰਸ਼ਾਂ ਕਰੇਗੀ, ਇਸ ਦਾ ਪਤਾ ਮੁਕੰਮਲ ਰਿਪੋਰਟ ਆਉਣ 'ਤੇ ਹੀ ਲੱਗੇਗਾ ਪਰ ਟੀਮ ਨੇ ਇਸ ਦਿਸ਼ਾ ਵਿੱਚ ਤੇਜ਼ੀ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ।*

### ਅਨੁਸੂਚਿਤ ਜਾਤਾਂ ਦੇ ਕਰਜ਼ੇ ਵੀ ਮੁਆਫ਼ ਕਰਨ ਦੀ ਮੰਗ

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਦੀ ਪ੍ਰਧਾਨਗੀ ਹੇਠ 26 ਅਪ੍ਰੈਲ, 2017 ਨੂੰ ਇੱਥੇ ਹੋਈ ਇਕ ਮੀਟਿੰਗ ਦੌਰਾਨ ਪੰਜਾਬ ਰਾਜ ਅਨੁਸੂਚਿਤ ਜਾਤੀਆਂ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਸਾਲ 2014-15 ਅਤੇ 2015-16 ਦੌਰਾਨ ਜਿਨ੍ਹਾਂ ਕਰਜ਼ਦਾਰਾਂ ਨੂੰ ਕਰਜ਼ੇ ਦਿੱਤੇ ਹੋਏ ਹਨ ਅਤੇ ਉਨ੍ਹਾਂ ਕਰਜ਼ਦਾਰਾਂ ਵਿਚੋਂ ਜਿਨ੍ਹਾਂ ਦੀ ਮੌਤ ਹੋ ਗਈ ਹੈ। ਕਮਿਸ਼ਨ ਵੱਲੋਂ ਅਜਿਹੇ ਸਾਰੇ ਕਰਜ਼ਦਾਰਾਂ ਦੇ ਕਰਜ਼ੇ ਮੁਆਫ਼ ਕਰਨ ਲਈ ਰਾਜ ਸਰਕਾਰ ਨੂੰ ਕਿਹਾ ਗਿਆ ਹੈ। ਵਰਨਣਯੋਗ ਹੈ ਕਿ ਅਜਿਹੇ ਕੇਸਾਂ ਵਿਚ 2013 ਤੱਕ ਦਿੱਤੇ ਗਏ ਕਰਜ਼ਿਆਂ ਨੂੰ ਮੁਆਫ਼ ਕਰਨ ਦਾ ਰਾਜ ਸਰਕਾਰ ਪਹਿਲਾਂ ਹੀ ਫ਼ੈਸਲਾ ਲੈ ਚੁੱਕੀ ਹੈ।

# ਕੈਪਟਨ ਸਰਕਾਰ ਦਾ ਅੰਗਰੇਜ਼ੀ ਪ੍ਰਤੀ ਨਹੀਂ ਟੁੱਟ ਰਿਹਾ ਮੋਹ

### *ਮੀਟਿੰਗਾਂ ਨਾਲ ਸਬੰਧਤ ਏਜੰਡੇ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਵਿਚ ਵੀ ਜਾਰੀ ਕਰਨ ਦੀਆਂ ਹਦਾਇਤਾਂ*

**ਚੰਡੀਗੜ੍ਹ/ਬਿਊਰੋ ਨਿਊਜ਼ :** ਇਕ ਪਾਸੇ ਤਾਂ ਪੰਜਾਬੀ ਪ੍ਰੇਮੀ ਆਪਣੀ ਮਾਂ ਬੋਲੀ ਪੰਜਾਬੀ ਦਾ ਰੁਤਬਾ ਦੇਸ਼-ਵਿਦੇਸ਼ ਵਿਚ ਵਧਾਉਣ ਲਈ ਯਤਨਸ਼ੀਲ ਹਨ ਪਰ ਆਪਣੇ ਹੀ ਰਾਜ ਵਿਚ ਪੰਜਾਬੀ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਸੱਤਾ ਵਿਚ ਆਉਂਦਿਆਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬੀ ਦੀ ਥਾਂ ਅੰਗਰੇਜ਼ੀ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਸੀ, ਉਨ੍ਹਾਂ ਨੇ ਆਪ ਮੁੱਖ ਮੰਤਰੀ ਅਹੁਦੇ ਦੀ ਸਹੁੰ ਅੰਗਰੇਜ਼ੀ ਵਿਚ ਹੀ ਚੁੱਕੀ ਸੀ, ਜਿਸ ਦਾ ਪੰਜਾਬੀ ਪ੍ਰੇਮੀਆਂ ਵਿਚ ਭਾਰੀ ਰੋਸ ਪਾਇਆ ਗਿਆ। ਇਥੋਂ ਤੱਕ ਕਿ ਸਿੱਖਿਆ ਮੰਤਰੀ ਸ੍ਰੀਮਤੀ ਅਰੁਣਾ ਚੌਧਰੀ ਨੇ ਵੀ ਪੰਜਾਬੀ ਨੂੰ ਦਰਕਿਨਾਰ ਕਰਦਿਆਂ ਹਿੰਦੀ ਵਿਚ ਸਹੁੰ ਚੁੱਕੀ ਸੀ। ਹੁਣ ਇਕ ਵਾਰ ਫਿਰ ਕੈਪਟਨ ਸਾਹਿਬ ਦਾ ਅੰਗਰੇਜ਼ੀ ਪ੍ਰਤੀ ਹੇਜ ਜਾਗ ਪਿਆ ਹੈ। ਉਨ੍ਹਾਂ ਦੇ ਨਾਲ-ਨਾਲ ਕੁਝ ਪ੍ਰਸ਼ਾਸਨਿਕ ਅਧਿਕਾਰੀ ਵੀ ਅੰਗਰੇਜ਼ੀ ਨੂੰ ਹੀ ਤਰਜੀਹ ਦੇਣਾ ਜ਼ਰੂਰੀ ਸਮਝਣ ਲੱਗ ਪਏ ਹਨ।

ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਰੇ ਪ੍ਰਸ਼ਾਸਨ ਸਕੱਤਰਾਂ ਨੂੰ ਲਿਖਤੀ ਰੂਪ ਵਿਚ ਨਿਰਦੇਸ਼ ਜਾਰੀ ਕੀਤੇ ਹਨ ਕਿ ਮੰਤਰੀ ਮੰਡਲ ਦੀ ਮੀਟਿੰਗ ਨਾਲ ਸਬੰਧਤ ਏਜੰਡਾ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਵਿਚ ਵੀ ਜਾਰੀ ਕੀਤਾ ਜਾਵੇ। ਸਮਝਿਆ ਜਾਂਦਾ ਹੈ ਕਿ ਜਿਨ੍ਹਾਂ ਮੰਤਰੀਆਂ ਦੀ ਪੰਜਾਬੀ ਕਮਜ਼ੋਰ ਹੈ, ਉਨ੍ਹਾਂ ਅੰਗਰੇਜ਼ੀਦਾਨ ਮੰਤਰੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ, ਇਸ ਲਈ ਇਹ ਕਦਮ ਉਠਾਇਆ ਗਿਆ ਹ। ਮੁੱਖ ਸਕੱਤਰ ਕਰਨ ਅਵਤਾਰ ਸਿੰਘ 1984 ਬੈਚ ਦੇ ਆਈ.ਏ.ਐਸ. ਅਧਿਕਾਰੀ ਦਿੱਲੀ ਦੇ ਜੰਮਪਲ ਹਨ। ਰਾਜ ਸਰਕਾਰ ਦੇ ਸਾਰੇ ਵਿਸ਼ੇਸ਼ ਮੁੱਖ ਸਕੱਤਰਾਂ, ਵਧੀਕ ਮੁੱਖ ਸਕੱਤਰਾਂ, ਵਿੱਤ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਤੇ ਸਕੱਤਰਾਂ ਦੇ ਨਾਂਅ ਜੋ ਸਰਕੁਲਰ ਜਾਰੀ ਕੀਤਾ ਗਿਆ ਹੈ ਉਸ ਵਿਚ ਲਿਖਿਆ ਗਿਆ ਹੈ ਕਿ 'ਮੰਤਰੀ ਮੰਡਲ ਦੀ ਮੀਟਿੰਗ ਵਿਚ ਵਿਚਾਰੇ ਜਾਣ ਵਾਲੇ ਨੁਕਤੇ ਪੰਜਾਬੀ ਭਾਸ਼ਾ ਵਿਚ ਵੱਖ-ਵੱਖ ਵਿਭਾਗਾਂ ਵੱਲੋਂ ਮੰਤਰੀ ਮੰਡਲ ਮਾਮਲੇ ਸ਼ਾਖਾ ਵਿਚ ਭੇਜੇ ਜਾਂਦੇ ਹਨ। ਸਪਸ਼ਟ ਕੀਤਾ ਜਾਂਦਾ ਹੈ ਕਿ ਭਵਿੱਖ ਵਿਚ ਮੰਤਰੀ ਪ੍ਰੀਸ਼ਦ ਦੀ ਪ੍ਰਵਾਨਗੀ ਲਈ ਭੇਜੇ ਜਾਣ ਵਾਲੇ ਏਜੰਡੇ ਦੀਆਂ ਮੱਦਾਂ ਸਮੇਤ ਪ੍ਰੈੱਸ ਨੋਟ ਅਤੇ ਤਜਵੀਜ਼ ਲਾਗੂ ਕਰਨ ਸਬੰਧੀ ਸੂਚੀ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਵਿਚ ਵੀ ਤਿਆਰ ਕਰਕੇ ਮੰਤਰੀ ਮੰਡਲ ਮਾਮਲੇ ਸ਼ਾਖਾ ਨੂੰ ਭੇਜਣੇ ਯਕੀਨੀ ਬਣਾਏ ਜਾਣ। ਪੰਜਾਬੀ ਤੋਂ ਅੰਗਰੇਜ਼ੀ ਭਾਸ਼ਾ ਵਿਚ ਸਹੀ ਅਨੁਵਾਦ ਦੀ ਜ਼ਿੰਮੇਵਾਰੀ ਪ੍ਰਬੰਧਕੀ ਵਿਭਾਗ ਦੀ ਹੋਵੇਗੀ।" ਇਸ ਦੌਰਾਨ ਪਤਾ ਲੱਗਾ ਹੈ ਕਿ ਕੁਝ ਮੁੱਠੀ ਭਰ ਅੰਗਰੇਜ਼ੀਦਾਨ ਸੀਨੀਅਰ ਆਈ.ਏ.ਐਸ. ਅਤੇ ਆਈ ਪੀ. ਐਸ ਅਧਿਕਾਰੀ ਇਸ ਗੱਲ ਤੋਂ ਔਖੇ ਲੱਗ ਰਹੇ ਹਨ ਕਿ ਸਾਰਾ ਸਰਕਾਰੀ ਕੰਮਕਾਰ ਕੇਵਲ ਪੰਜਾਬੀ ਵਿਚ ਕਿਉਂ ਕੀਤਾ ਜਾ ਰਿਹਾ ਹੈ। ਬਹੁਤੇ ਜੂਨੀਅਰ ਅਧਿਕਾਰੀਆਂ ਵਿਸ਼ੇਸ਼ ਤੌਰ 'ਤੇ ਪੀ.ਸੀ.ਐਸ ਅਤੇ ਦੂਜੇ ਹੇਠਲੇ ਪੱਧਰ ਦੇ ਕਰਮਚਾਰੀਆਂ ਨੂੰ ਇਸ ਗੱਲ 'ਤੇ ਕੋਈ ਗਿਲਾ ਨਹੀਂ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਪੰਜਾਬੀ ਇਸ ਰਾਜ ਦੀ ਸਰਕਾਰੀ ਭਾਸ਼ਾ ਹੈ।

### ਕਾਂਗਰਸ ਦਾ ਨਵਾਂ ਪ੍ਰਧਾਨ ਚੋਣ ਦੀ ਥਾਂ ਸਰਬਸੰਮਤੀ ਨਾਲ ਚੁਣਿਆ ਜਾਵੇ : ਕੈਪਟਨ ਅਮਰਿੰਦਰ ਸਿੰਘ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਵਾਂ ਕਾਂਗਰਸ ਪ੍ਰਧਾਨ ਚੋਣਾਂ ਦੀ ਥਾਂ ਸਰਬਸੰਮਤੀ ਨਾਲ ਚੁਣਿਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਪਾਰਟੀ ਨੂੰ ਇਕਜੁੱਟ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵਿੱਚ ਯਕੀਨੀ ਤੌਰ ਉਤੇ ਜ਼ਿੰਮੇਵਾਰੀ ਸੰਭਾਲਣ ਦੀ ਸਮਰੱਥਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਫੈਸਲਾ ਸੋਨੀਆ ਗਾਂਧੀ ਉਤੇ ਨਿਰਭਰ ਕਰਦਾ ਹੈ ਕਿ ਉਹ ਇਕ ਵਾਰ ਹੋਰ ਪਾਰਟੀ ਮੁਖੀ ਬਣਨਾ ਚਾਹੁੰਦੇ ਹਨ ਜਾਂ ਨਹੀਂ ਅਤੇ ਜੇ ਉਹ ਅਗਵਾਈ ਸਾਂਭੀ ਰੱਖਣ ਦਾ ਫੈਸਲਾ ਕਰਦੇ ਹਨ ਤਾਂ ਪਾਰਟੀ ਨੂੰ ਖ਼ੁਸ਼ੀ ਹੋਵੇਗੀ। ਹਾਲਾਂਕਿ ਉਨ੍ਹਾਂ ਕਾਂਗਰਸ ਵਿੱਚ ਖੇਤਰੀ ਆਗੂਆਂ ਨੂੰ ਅੱਗੇ ਲਿਆਉਣ ਦੀ ਵਕਾਲਤ ਕੀਤੀ ਅਤੇ ਹਰੇਕ ਰਾਜ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਜਿਹੇ ਆਗੂਆਂ ਨੂੰ ਪਾਰਟੀ ਦਾ ਚਿਹਰਾ ਬਣਾਉਣ ਉਤੇ ਜ਼ੋਰ ਦਿੱਤਾ। ਇੱਥੇ ਇਕ ਇੰਟਰਵਿਊ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਹਮੇਸ਼ਾ ਤਲਖ ਹੁੰਦੀਆਂ ਹਨ ਅਤੇ ਸਰਬਸੰਮਤੀ ਪਾਰਟੀ ਨੂੰ ਇਕਜੁੱਟ ਕਰਦੀ ਹੈ। ਪਾਰਟੀ ਪ੍ਰਧਾਨ ਬਾਰੇ ਸਰਬਸੰਮਤੀ ਹੋਣੀ ਚਾਹੀਦੀ ਹੈ। ਕਾਂਗਰਸ ਵਿੱਚ ਜਥੇਬੰਦਕ ਚੋਣ ਪ੍ਰਕਿਰਿਆ ਚੱਲ ਰਹੀ ਹੈ ਅਤੇ ਪਾਰਟੀ ਦੇ ਨਵੇਂ ਮੁਖੀ ਦੀ ਚੋਣ 15 ਅਕਤੂਬਰ ਨੂੰ ਹੋਣੀ ਹੈ। ਕੈਪਟਨ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਸੋਨੀਆ ਗਾਂਧੀ ਦਾ ਫੈਸਲਾ ਹੋਵੇਗਾ ਕਿ ਉਹ 2019 ਤੱਕ ਇਕ ਹੋਰ ਕਾਰਜਕਾਲ ਲਈ ਮੁਖੀ ਦਾ ਅਹੁਦਾ ਸਾਂਭੀ ਰੱਖਣਾ ਚਾਹੁੰਦੇ ਹਨ ਜਾਂ ਨਹੀਂ। ਉਨ੍ਹਾਂ ਕਿਹਾ ਕਿ "ਸੋਨੀਆ ਗਾਂਧੀ ਨੇ ਸਖ਼ਤ ਮਿਹਨਤ ਕੀਤੀ ਹੈ। ਜੇ ਉਹ ਮੁਖੀ ਰਹਿਣਾ ਚਾਹੁੰਦੇ ਹਨ ਤਾਂ ਮੇਰਾ ਮੰਨਣਾ ਹੈ ਕਿ ਪਾਰਟੀ ਨੂੰ ਖ਼ੁਸ਼ੀ ਹੋਵੇਗੀ। ਜੇ ਉਹ ਅਹੁਦਾ ਛੱਡਣਾ ਚਾਹੁੰਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਰਾਹੁਲ ਗਾਂਧੀ ਅਹੁਦਾ ਸੰਭਾਲਣ ਦੀ ਸਥਿਤੀ ਵਿੱਚ ਹੈ। ਪਾਰਟੀ ਦੇ ਮੀਤ ਪ੍ਰਧਾਨ ਦੇ ਤੌਰ ਉਤੇ ਮੇਰਾ ਉਸ ਨਾਲ 2-3 ਸਾਲਾਂ ਤੋਂ ਵਾਹ ਹੈ। ਮੈਨੂੰ ਜਾਪਦਾ ਹੈ ਕਿ ਉਹ ਇਹ ਜ਼ਿੰਮੇਵਾਰੀ ਸੰਭਾਲਣ ਦੇ ਸਮਰੱਥ ਹੈ।"

## ਕੈਨੇਡਾ ਵੱਸਦੇ ਗਰਮ ਖਿਆਲੀ ਆਗੂਆਂ ਵੱਲੋਂ ਅਮਰਿੰਦਰ ਨੂੰ ਧਮਕੀਆਂ ਦਾ ਭਾਰਤ ਸਰਕਾਰ ਨੇ ਲਿਆ ਨੋਟਿਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਨੇਡਾ ਵਿੱਚ ਸਰੀ ਵਿਖੇ ਵਿਸਾਖੀ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਖ਼ਾਲਿਸਤਾਨੀ ਅਨਸਰਾਂ ਵੱਖੋਂ ਖੁੱਲ੍ਹੇਆਮ ਧਮਕੀਆਂ ਦਿੱਤੇ ਜਾਣ ਖ਼ਿਲਾਫ਼ ਭਾਰਤ ਨੇ ਕੈਨੇਡੀਅਨ ਸਰਕਾਰ ਕੋਲ ਅਧਿਕਾਰਤ ਤੌਰ ਵਿਰੋਧ ਦਰਜ ਕਰਵਾਇਆ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਕੈਨੇਡਾ ਵਿੱਚ ਰਾਜਧਾਨੀ ਓਟਵਾ ਵਿਖੇ ਭਾਰਤੀ ਹਾਈ ਕਮਿਸ਼ਨਰ ਨੇ ਉਥੋਂ ਦੇ ਵਿਦੇਸ਼ ਵਿਭਾਗ 'ਗਲੋਬਲ ਅਫੇਅਰਜ਼-ਕੈਨੇਡਾ' ਕੋਲ ਇਸ ਸਬੰਧੀ 'ਰਸਮੀ ਸ਼ਿਕਾਇਤ' ਦਰਜ ਕਰਵਾਈ ਹੈ। ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਸਰੀ ਵਿੱਚ 22 ਅਪ੍ਰੈਲ ਨੂੰ ਹੋਈ 'ਵਿਸਾਖੀ ਪਰੇਡ' ਦੌਰਾਨ ਇਹ ਘਟਨਾ ਵਾਪਰੀ ਦੱਸੀ ਜਾਂਦੀ ਹੈ, ਜਦੋਂ ਗਰਮ ਖ਼ਿਆਲੀ ਸਿੱਖਾਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਖੁੱਲ੍ਹੇਆਮ ਧਮਕੀਆਂ ਅਤੇ ਨਫ਼ਰਤੀ ਭਾਸ਼ਣ ਦਿੱਤੇ ਗਏ। ਪਰੇਡ ਮੌਕੇ ਮਰਹੂਮ ਵੱਖਵਾਦੀ ਆਗੂਆਂ ਦੀਆਂ ਤਸਵੀਰਾਂ ਵਾਲੀਆਂ ਝਾਕੀਆਂ

ਬਾਕੀ ਸਫ਼ਾ 32 'ਤੇ

### *"ਭਾਰਤ ਵਲੋਂ ਕਨੇਡਾ ਸਰਕਾਰ ਕੋਲ ਸ਼ਿਕਾਇਤ ਸਿੱਖਾਂ ਨੂੰ ਬਦਨਾਮ ਕਰਨ ਦੀ ਚਾਲ"*

#### ਖਾਲਸਾ ਪਰੇਡ ਦੌਰਾਨ ਖਾਲਿਸਤਾਨ ਦੇ ਫਲੋਟ ਸਿੱਖ ਆਜ਼ਾਦੀ ਦੇ ਪ੍ਰਤੀਕ-ਸਿਖਸ ਫਾਰ ਜਸਟਿਸ

**ਨਿਊਯਾਰਕ/ਹੁਸਨ ਲੜੋਆ ਬੰਗਾ:** ਕੈਨੇਡਾ ਦੇ ਭਰਵੀਂ ਸਿੱਖ ਵਸੋਂ ਵਾਲੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ ਲੰਘੇ ਹਫ਼ਤੇ ਖਾਲਸਾ ਪਰੇਡ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੂੰ ਧਮਕੀਆਂ ਦੇਣ ਸਬੰਧੀ ਕੈਨੇਡਾ ਸਰਕਾਰ ਕੋਲ ਭਾਰਤ ਵਲੋਂ ਕੀਤੀ ਸ਼ਿਕਾਇਤ ਨੂੰ ਮਨੁੱਖੀ ਅਧਿਕਾਰ ਸੰਗਠਨ ਸਿਖਸ ਫਾਰ ਜਸਟਿਸ ਨੇ ਕੈਨੇਡਾ ਵਿਚ ਰਹਿੰਦੇ ਵੱਖਵਾਦੀ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ ਸਿੱਖ ਵੱਖਵਾਦੀਆਂ ਦੀ ਵਿਚਾਰਾਂ ਦੀ ਆਜ਼ਾਦੀ ਨੂੰ ਦਬਾਉਣ ਦਾ ਇਕ ਯਤਨ ਹੈ। ਸਿਖਸ ਫਾਰ ਜਸਟਿਸ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਕੈਨੇਡਾ ਦੇ ਸਿੱਖਾਂ ਨੂੰ ਆਪਣੇ ਕਿਸੇ ਵੀ ਤਰਾਂ ਦੇ ਸਿਆਸੀ ਵਿਚਾਰਾਂ ਦਾ ਪ੍ਰਗਟਾਵਾ ਕਰਨ ਦਾ ਸੰਵਿਧਾਨਿਕ ਹੱਕ ਹੈ ਜਿਸ ਵਿਚ ਸਿਖ ਰਾਜ ਖਾਲਿਸਤਾਨ ਦਾ ਪ੍ਰਚਾਰ ਕਰਨਾ ਅਤੇ ਭਾਰਤੀ ਕਬਜੇ ਵਾਲੇ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਰਿਫਰੈਂਡਮ 2020 ਲਈ ਮੁਹਿੰਮ ਵੀ ਸ਼ਾਮਿਲ ਹੈ ਜਿਸ ਨੂੰ ਲੈ ਕੇ ਭਾਰਤ ਸਰਕਾਰ ਨੂੰ ਕਾਫੀ ਤਕਲੀਫ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪਰੇਡ ਦੌਰਾਨ ਅਮਰਿੰਦਰ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਨਹੀਂ ਦਿੱਤੀਆਂ ਗਈਆਂ ਅਤੇ ਪਰੇਡ ਵਿਚ ਹਿੱਸਾ ਲੈਣ ਵਾਲੇ ਸਾਰੇ ਹੀ ਕੈਨੇਡਾ ਦੇ ਕਾਨੂੰਨ ਵਿਚ ਬੱਝੇ ਨਾਗਰਿਕ ਸਨ। ਦਸਣਯੋਗ ਹੈ ਕਿ ਬੀਤੀ 22 ਅਪ੍ਰੈਲ ਨੂੰ ਸਰੀ ਬੀ ਸੀ ਵਿਚ ਹਜ਼ਾਰਾਂ ਸਿੱਖਾਂ ਦੀ ਸ਼ਮੂਲੀਅਤ ਵਾਲੀ ਖਾਲਸਾ ਡੇਅ ਪਰੇਡ ਵਿਚ ਖਾਲਿਸਤਾਨ ਦੇ ਫਲੋਟ ਚਲ ਰਹੇ ਸਨ ਜਿਨ੍ਹਾਂ ਵਿਚ ਸ਼ਹੀਦ ਸਿੱਖ ਆਗੂ ਜਰਨੈਲ ਸਿੰਘ ਭਿੰਡਰਾਵਾਲੇ ਅਤੇ ਹੋਰ ਅਹਿਮ ਸ਼ਹੀਦ ਸਿੰਘਾਂ ਦੀਆਂ

ਬਾਕੀ ਸਫ਼ਾ 33 'ਤੇ

Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL

LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



ਕਮਜ਼ੋਰੀ ਦਾ ਜੜ ਤੋਂ ਖਾਤਮਾਂ



VAID HARSHBIR SINGH

ਕਿਸੇ ਵੀ ਕਾਰਨ ਨਾਲ ਆਈ ਕਮਜ਼ੋਰੀ (ਗੁਪਤ ਰੋਗ), ਸ਼ੁਕਰਾਣੂ ਦੀ ਕਮੀ (ਸੰਤਾਨਹੀਨਤਾ), ਵਰਗੇ ਗੁਪਤ ਰੋਗਾਂ ਦਾ ਸ਼ੁੱਧ ਦੇਸੀ ਇਲਾਜ਼ 184 ਕੀਸਮਾਂ ਦੀਆਂ ਕੀਮਤੀ ਜੜੀ ਬੁਟੀਆਂ ਰਾਹੀ ਕੀਤਾ ਜਾਂਦਾ ਹੈ। ਜੋ ਕਿ ਹਰ ਉਮਰ ਵਿੱਚ ਤੁਰੰਤ ਫਾਇਦਾ ਕਰਦੀ ਹੈ। ਤੁਹਾਡੇ ਰੋਗ ਬਾਰੇ ਪੁਛ ਕੇ ਉਸ ਦ ਸਹੀ ਕਾਰਣ ਜਾਣ ਕੇ ਜੜ ਤੋਂ ਹੀ ਉਸ ਦਾ ਇਲਾਜ ਕੀਤਾ ਜਾਂਦਾ ਹੈ ਤਾਂ ਕਿ ਦਵਾਈ ਬਾਰ ਬਾਰ ਨਾ ਖਾਣੀ ਪਵੇ। ਸੋ ਆਪਣੇ ਗੁਪਤ ਰੋਗ ਨੂੰ ਲੁਕਾ ਕੇ ਵਧਾਓ ਨਾ,ਬਲਕੀ ਸਾਨੂੰ ਦਸ ਕੇ ਉਸ ਦਾ ਇਲਾਜ਼ ਕਰਵਾਓ। ਹਰ ਪਾਸੇ ਤੋਂ ਨਿਰਾਸ਼ ਹੋਏ ਰੋਗੀ ਇੱਕ ਕੋਰਸ ਜਰੂਰ ਕਰ ਕੇ ਫਰਕ ਦੇਖਣ। ਬਜੁਰਗਾਂ ਅਤੇ ਨਵੇਂ ਵਿਆਹ ਕਰਵਾਉਣ ਵਾਲੇ ਗਭਰੂਆਂ ਲਈ ਖਾਸ ਸ਼ੈਹਨਸ਼ਾਹੀ ਕੋਰਸ ਤੇ ਤਿਲਾਂ ਤਿਆਰ ਕੀਤਾ ਜਾਂਦਾ ਹੈ, ਜਿਸ ਦਾ ਬਹੁਤ ਜਬਰਦਸਤ ਅਤੇ ਤੁਰੰਤ ਫਾਇਦਾ ਮਿਲਦਾ ਹੈ। ਆਪਣਾ ਰੋਗ ਦਸ ਕੇ ਖਰਚਾ ਪੁਛੋ। ਕਮਜ਼ੋਰ ਅਤੇ ਅਣਵਿਕਸਤ ਅੰਗਾਂ ਦੇ ਵਿਕਾਸ ਲੇਪ 100 ਪ੍ਰਤੀਸ਼ਤ ਕਾਮਯਾਬ ਹਨ।

ਵਿਦੇਸ਼ਾਂ ਵਿੱਚ ਦਵਾਈ ਭੇਜਣ ਦਾ ਖਾਸ ਪ੍ਰਬੰਧ ਹੈ।

ਸ਼ਹਿਨਸ਼ਾਹ ਦਵਾਖਾਨਾ (ਰਜਿ)

ਨੇੜੇ ਬੱਸ ਸਟੈਂਡ, ਜੰਲਧਰ, (ਪੰਜਾਬ) INDIA

USA : 786 528 0001 | INDIA : +91-98888 00060

Email us : harshbir.singh1313@gmail.com






REDUCE YOUR DEBT BY UP TO 60%

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?

✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ

✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ

ਕੋਈ ਫੀਸ ਨਹੀਂ

ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ




ਅੱਜ ਹੀ ਸਾਨੂੰ ਕਾਲ ਕਰੋ!

1.888.888.9914

ooraa


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


SINGH
TRANSPORT INC
ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
ਅਸੀਂ ਬੋਨਸ ਵੀ ਦਿੰਦੇ ਹਾਂ।
ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat
Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In
Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat
MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

**510.677.8440**

| 40757, Grimmer Blvd. | 3810 Eau Claire Ave, Ceres, | 220 Bush St/Montgomery St, #445 |
|---|---|---|
| FREMONT | MODESTO/CERES | SAN FRANCISCO |
| CA-94538 | CA-95307 | (OPPOSITE INDIA VISA CENTER) |

# Website Design & Development

➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747

info@webmediaart.com
www.webmediaart.com



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੀ.ਸੀ.ਐਸ. ਸੈਕਰਾਮੈਂਟੋ ਦੇ 28ਵੇਂ ਵਿਸਾਖੀ ਮੇਲੇ ਵਿਚ ਲੱਗੀਆਂ ਰੌਣਕਾਂ





## ਤਕਰੀਬਨ 150 ਕਲਾਕਾਰਾਂ ਨੇ ਸਿਰਜਿਆ ਰੰਗੀਨ ਮਾਹੌਲ

**ਸੈਕਰਾਮੈਂਟੋ/ਬਿਊਰੋ ਨਿਊਜ਼:** ਸਥਾਨਕ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟ ਸੈਂਟਰ ਵਿਚ ਲੰਘੇ ਸ਼ਨਿੱਚਰਵਾਰ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਵਿਸਾਖੀ ਮੇਲਾ ਕਰਵਾਇਆ ਗਿਆ, ਜਿਸ ਵਿਚ ਹਿੱਸਾ ਲੈਣ ਆਏ ਕਲਾਕਾਰਾਂ ਨੇ ਇੱਕ ਤੋਂ ਵਧ ਇੱਕ ਆਪਣੀ ਕਲਾ ਦੇ ਜੌਹਰ ਵਿਖਾਏ। ਮੇਲੇ ਦਾ ਅਰੰਭ ਮਿਥੇ ਸਮੇਂ ਅਨੁਸਾਰ ਕਰਦਿਆਂ ਸੰਸਥਾ ਦੇ ਮੈਂਬਰ ਰਛਪਾਲ ਫਰਵਾਲਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਉਪਰੰਤ ਜਸਵੰਤ ਸ਼ਾਦ ਨੇ ਸਟੇਜ ਸੰਭਾਲਦਿਆਂ ਕਲਾਕਾਰਾਂ ਨੂੰ ਵਾਰੋ-ਵਾਰੀ ਮੰਚ 'ਤੇ ਆਉਣ ਦਾ ਸੱਦਾ ਦਿੱਤਾ। ਸਭ ਤੋਂ ਪਹਿਲਾਂ ਬੇ-ਏਰੀਏ ਤੋਂ ਆਈ 'ਬਲਜੀਤ ਸਿੰਘ ਬੰਬਾ ਉਸਤਾਦ ਜੀ' ਦੀ ਗਤਕਾ ਟੀਮ ਨੇ ਆਪਣੇ ਜੋਸ਼ ਭਰੇ ਖ਼ਾਲਸਾਈ ਰੂਪ ਵਿਚ ਗਤਕੇ ਦੇ ਜੌਹਰ ਵਿਖਾਏ। ਇਸ ਤੋਂ ਬਾਅਦ ਵਰਿੰਦਰ ਫਰਵਾਲਾ, ਜਸਵੰਤ ਸ਼ਾਦ ਅਤੇ ਪ੍ਰਨੀਤ ਸਿੱਧੂ ਦੁਆਰਾ ਤਿਆਰ ਕਰਵਾਈਆਂ ਗਈਆਂ ਨਿੱਕੇ ਨਿੱਕੇ ਬੱਚਿਆਂ ਦੀਆਂ ਟੀਮਾਂ ਨੇ ਸਟੇਜ 'ਤੇ ਆਪਣੀ ਅਦਾਕਾਰੀ ਪੇਸ਼ ਕੀਤੀ। ਰੰਗ-ਬਰੰਗੀਆਂ ਪੰਜਾਬੀ ਪੁਸ਼ਾਕਾਂ ਤੇ ਗਹਿਣਿਆਂ ਨਾਲ ਸੱਜੀਆਂ-ਫੱਬੀਆਂ ਬੱਚੀਆਂ ਸਾਰਿਆਂ ਨੂੰ ਆਕਰਸ਼ਤ ਕਰ ਰਹੀਆਂ ਸਨ।

ਪ੍ਰਨੀਤ ਸਿੱਧੂ ਨੇ ਆਪਣੀ ਅਣਥੱਕ ਮਿਹਨਤ ਨਾਲ 6 ਟੀਮਾਂ ਤਿਆਰ ਕੀਤੀਆਂ ਸਨ, ਜਿਨ੍ਹਾਂ ਦੀ ਅਦਾਕਾਰੀ ਨੂੰ ਦਰਸ਼ਕਾਂ ਦੀ ਵਾਹਵਾ ਦਾਦ ਮਿਲੀ। ਗਿੱਧੇ, ਭੰਗੜੇ ਤੇ ਡਾਂਸ ਦੀਆਂ ਟੀਮਾਂ ਵਿਚ 150 ਕਲਾਕਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਨਾਮਵਰ ਗਾਇਕਾਂ ਹਰਦੀਪ ਦੁਆਬੀਆ, ਪੰਮੀ ਮਾਨ, ਗੁਰਿੰਦਰ ਗੁਰੀ, ਜੀਤਾ ਗਿੱਲ ਅਤੇ ਰਛਪਾਲ ਫਰਵਾਲਾ ਨੇ ਆਪਣੀ ਸਾਫ਼ ਸੁਥਰੀ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ-ਮੁਗਦ ਕਰੀ ਰੱਖਿਆ। ਇਸ ਸੁਸਾਇਟੀ ਵਲੋਂ ਸਾਹਿਤ ਅਤੇ ਸਮਾਜ ਦੀ ਸੇਵਾ ਕਰਨ ਵਾਲੀਆਂ ਉਘੀਆਂ ਸ਼ਖ਼ਸੀਅਤਾਂ ਇੰਦਰ ਸਿੰਘ ਖਾਮੋਸ਼, ਸੰਸਥਾ ਨਾਲ 20 ਸਾਲਾਂ ਤੋਂ ਜੁੜੇ ਰਾਜਿੰਦਰ ਪਾਲ ਸਿੰਘ ਅਤੇ ਉਨ੍ਹਾਂ ਦੀ ਪਤਨੀ ਬਲਦੇਵ ਕੌਰ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਹਰਜਿੰਦਰ ਪੰਧੇਰ ਵਲੋਂ ਇੰਦਰ ਸਿੰਘ ਖਾਮੋਸ਼ ਦੀਆਂ ਸਾਹਿਤਕ ਪ੍ਰਾਪਤੀਆਂ ਦੀ ਸੰਖੇਪ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ ਗਈ। ਮੇਲੇ ਵਿਚ ਪੰਜਾਬੀ ਸਾਹਿਤ ਸਭਾ ਸਟਾਕਟਨ ਤੋਂ ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ, ਅਤੇ ਚਰਨਜੀਤ ਸਿੰਘ ਸ਼ਾਹੀ ਨੇ ਪਰਿਵਾਰ ਸਮੇਤ ਹਿੱਸਾ ਲਿਆ। ਪ੍ਰਬੰਧਕ ਕਮੇਟੀ ਵਲੋਂ ਮੇਲੇ ਵਿਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੇ ਕਲਾਕਾਰਾਂ ਨੂੰ ਉਤਸ਼ਾਹਤ ਕਰਨ ਲਈ ਟਰਾਫ਼ੀਆਂ ਨਾਲ ਸਨਮਾਨਿਤ ਕੀਤਾ ਗਿਆ। ਕਮੇਟੀ ਵਲੋਂ ਸਮੂਹ ਦਰਸ਼ਕਾਂ, ਸਪਾਂਸਰਾਂ ਅਤੇ ਨਿਊਜ਼ ਮੀਡੀਏ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਸਮੁੱਚੇ ਸਮਾਗਮ ਦੀ ਫ਼ੋਟੋਗਰਾਫੀ ਦੀ ਜ਼ਿੰਮੇਵਾਰੀ ਭੁਪਿੰਦਰ ਰੇਹਲ ਅਤੇ ਪ੍ਰੇਮ ਚੁੰਬਰ ਨੇ ਬਾਖ਼ੂਬੀ ਨਿਭਾਈ। ਮੇਲੇ ਨੂੰ ਕਾਮਯਾਬ ਕਰਨ ਲਈ ਸਮੂਹ ਮੈਂਬਰਾਂ ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਅਜਾਇਬ ਕਾਹਲੋਂ, ਦੇਬੀ ਗਿੱਲ, ਸੁਖਰਾਜ ਔਲਖ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਡੋਡ, ਹਰਜਿੰਦਰ ਪੰਧੇਰ, ਮਨੋਹਰ ਲਾਲ ਰੱਤੀ, ਵਿਜੇ ਪਰਿਹਾਰ, ਰਾਜ ਬਰਾੜ, ਬਖ਼ਸ਼ੀਸ਼ ਗਿੱਲ, ਦਲਜੀਤ ਲੋਪੋਂ, ਬਲਵੰਤ ਕੰਦੋਲਾ, ਹਰਕਿੰਦਰ ਬਾਸੀ, ਪ੍ਰੇਮ ਚੁੰਬਰ, ਜਤਿੰਦਰ ਬੀਸਲਾ, ਬਲਦੇਵ ਗਰੇਵਾਲ, ਗੁਰਪਾਲ ਤੱਖਰ, ਰਛਪਾਲ ਫਰਵਾਲਾ, ਯਾਦਵਿੰਦਰ ਗਿੱਲ, ਲਖਵਿੰਦਰ ਸਿੰਘ, ਸਤਵਿੰਦਰ ਸਰਹੱਦੀ, ਗੁਰਮਿੰਦਰ ਗੁਰੀ, ਭੁਪਿੰਦਰ ਰਹਿਲ, ਜਰਨੈਲ ਮੰਦਰ, ਜਗਜੀਤ ਕੰਦੋਲਾ ਅਤੇ ਮਨਜੀਤ ਢਿੱਲੋਂ ਨੇ ਭਰਪੂਰ ਯੋਗਦਾਨ ਪਾਇਆ। ਬੀਬੀ ਮਨਦੀਪ ਕੌਰ ਫਰਵਾਲਾ ਨੇ ਦੱਸਿਆ ਕਿ ਇਸੇ ਸੰਸਥਾ ਵਲੋਂ ਤੀਆਂ ਦਾ ਮੇਲਾ 6 ਅਗਸਤ, ਐਤਵਾਰ, 2017 ਨੂੰ 'ਲੂਥਰ ਬਰਬੈਂਕ ਹਾਈ ਸਕੂਲ' ਵਿਚ ਬਾਅਦ ਦੁਪਹਿਰ 1:00 ਵਜੇ ਮਨਾਇਆ ਜਾਵੇਗਾ। ਵਧੇਰੇ ਜਾਣਕਾਰੀ ਲਈ ਰਛਪਾਲ ਫਰਵਾਲਾ ਨੂੰ 916-880-0531 'ਤੇ ਕਾਲ ਕੀਤਾ ਜਾ ਸਕਦਾ ਹੈ।





HINDI ELITE PACK $29.99/mo for 24 months — +3 CHANNELS

HINDI MEGA PACK $49.99/mo for 24 months — INCLUDES CHANNELS LISTED ABOVE

EXPERIENCE YOUR CULTURE AT HOME. CALL TODAY!

All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.

SUNWIRELESS
(888) 977-1552
www.sw.getdish.com

ASK ABOUT DISH
FOR YOUR HOME, APARTMENT, OR BUSINESS

dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. **Offer ends 6/21/17. 2-Year Commitment:** Early termination fee of $20/mo. remaining applies if you cancel earl **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

# ਟਰੰਪ ਪ੍ਰਸ਼ਾਸਨ ਦੇ ਸੌ ਦਿਨ ਪੂਰੇ ਹੋਣ 'ਤੇ ਹਜ਼ਾਰਾਂ ਲੋਕਾਂ ਨੇ ਕੀਤਾ ਵਿਰੋਧ ਪ੍ਰਦਰਸ਼ਨ

**ਸਿਆਟਲ/ਬਿਊਰੋ ਨਿਊਜ਼ :** ਅਮਰੀਕਾ ਦੇ ਵੱਖ ਵੱਖ ਹਿੱਸਿਆਂ ਤੋਂ ਹਜ਼ਾਰਾਂ ਵਿਅਕਤੀਆਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਦੇ 100 ਦਿਨ ਪੂਰੇ ਹੋਣ 'ਤੇ ਵਾਤਵਰਣ ਤਬਦੀਲੀ ਦੇ ਮਾਮਲੇ ਵਿਚ ਕਾਰਵਾਈ ਦੀ ਮੰਗ ਕਰਦਿਆਂ ਰੋਸ ਮੁਜ਼ਾਹਰਾ ਕੀਤਾ। ਹਜ਼ਾਰਾਂ ਦੀ ਗਿਣਤੀ ਵਿੱਚ ਮੁਜ਼ਾਹਰਾਕਾਰੀਆਂ ਨੇ ਵ੍ਹਾਈਟ ਹਾਊਸ ਦੇ ਘਿਰਾਓ ਲਈ ਪੈਨਸਲਵੇਨੀਆ ਐਵੇਨਿਊ ਵੱਲ ਮਾਰਚ ਕੀਤਾ। ਮੁਜ਼ਾਹਰਾਕਾਰੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸਿਆਟਲ, ਬੌਸਟਨ ਤੇ ਸਾਨ ਫਰਾਂਸਿਸਕੋ ਸਮੇਤ ਸਾਰੇ ਦੇਸ਼ ਅੰਦਰ 300 ਦੇ ਕਰੀਬ ਰੈਲੀਆਂ ਕੀਤੀਆਂ ਗਈਆਂ ਹਨ। ਸ਼ਿਕਾਗੋ ਵਿਚ ਪ੍ਰਦਰਸ਼ਨਕਾਰੀ ਸ਼ਹਿਰ ਦੇ ਪਲਾਜ਼ਾ ਤੋਂ ਟਰੰਪ ਟਾਵਰ ਵੱਲ ਆਏ। ਪ੍ਰਦਰਸ਼ਨਕਾਰੀ ਟਰੰਪ ਪ੍ਰਸ਼ਾਸਨ ਵੱਲੋਂ ਖਣਨ, ਤੇਲ ਕੱਢਣ ਤੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ 'ਤੇ ਲਾਈ ਗਈ ਪਾਬੰਦੀ ਹਟਾਉਣ ਦੀ ਨਿਖੇਧੀ ਕਰ ਰਹੇ ਸਨ। ਅਗਸਤਾ ਦੇ ਸਟੇਟ ਹਾਊਸ ਦੇ ਬਾਹਰ ਦੋ ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋਏ। ਬੁਲਾਰਿਆਂ ਵਿੱਚ ਇੱਕ ਸੋਲਰ ਕੰਪਨੀ ਦਾ ਮਾਲਕ ਲੌਬਸਟਰਮੈਨ ਰਿਚਰਡ ਨੈਲਸਨ ਤੇ ਪੇਨੋਬਸਕੋਟ ਕੌਮੀ ਕਬੀਲੇ ਦੇ ਮੈਂਬਰ ਸ਼ਾਮਲ ਸਨ। ਨੈਲਸਨ ਨੇ ਕਿਹਾ ਕਿ ਵਾਤਵਰਣ ਤਬਦੀਲੀ ਦਾ ਨਾ ਸਿਰਫ਼ ਮੇਨ ਦੀ ਖਾੜੀ ਬਲਕਿ ਮੱਛੀ ਫੜਨ ਦੇ ਕਾਰੋਬਾਰ 'ਤੇ ਵੀ ਅਸਲ ਪੈ ਰਿਹਾ ਹੈ ਤੇ ਇਹ ਤੱਟੀ ਲੋਕਾਂ ਦੇ ਜਿਉਣ ਦਾ ਸਾਧਨ ਹੈ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ।




## ਭਾਰਤ 'ਤੇ ਗੰਦਗੀ ਤੇ ਪ੍ਰਦੂਸ਼ਣ ਫੈਲਾਉਣ ਦਾ ਦੋਸ਼

ਡੋਨਾਲਡ ਟਰੰਪ ਦੇ ਨਿਸ਼ਾਨੇ 'ਤੇ ਹੁਣ ਭਾਰਤ ਵੀ ਆ ਗਿਆ ਹੈ। ਮਾਮਲਾ ਹਥਿਆਰਾਂ ਦਾ ਨਹੀਂ ਸਗੋਂ ਪ੍ਰਦੂਸ਼ਣ ਅਤੇ ਗੰਦਗੀ ਫੈਲਾਉਣ ਦਾ ਹੈ। ਟਰੰਪ ਨੇ ਇਨ੍ਹਾਂ ਦੇਸ਼ਾਂ ਨੂੰ ਸਭ ਤੋਂ ਜ਼ਿਆਦਾ ਪ੍ਰਦੂਸ਼ਣ ਅਤੇ ਗੰਦਗੀ ਫੈਲਾਉਣ ਵਾਲਾ ਦੱਸਿਆ ਹੈ। ਟਰੰਪ ਨੇ ਪੇਨਸਿਲਵੇਨੀਆ ਵਿਚ ਇਕ ਰੈਲੀ ਵਿਚ ਪੈਰਿਸ ਜਲਵਾਯੂ ਸਮਝੌਤੇ ਨੂੰ ਇਕ ਤਰਫਾ ਦੱਸਿਆ ਅਤੇ ਕਿਹਾ ਕਿ ਇਸ ਦੇ ਅਧੀਨ ਅਮਰੀਕਾ ਅਰਬਾਂ ਡਾਲਰ ਦੇ ਰਿਹਾ ਹੈ, ਜਦੋਂ ਕਿ ਭਾਰਤ ਵਰਗੇ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ ਕੁਝ ਵੀ ਨਹੀਂ ਦੇ ਰਹੇ ਹਨ। ਟਰੰਪ ਨੇ ਕਿਹਾ ਕਿ ਸਮਝੌਤੇ ਨੂੰ ਲੈ ਕੇ ਉਹ ਅਗਲੇ ਦੋ ਹਫਤਿਆਂ ਵਿਚ ਕੋਈ ਵੱਡਾ ਫੈਸਲਾ ਲੈਣਗੇ। ਰੈਲੀ ਵਿਚ ਉਨ੍ਹਾਂ ਨੇ ਕਿਹਾ ਕਿ ਹਰ ਜਗ੍ਹਾ ਪੈਸਿਆਂ ਦਾ ਭੁਗਤਾਨ ਕਰਨ ਲਈ ਅਮਰੀਕਾ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਦੋਂ ਕਿ ਰੂਸ, ਚੀਨ ਅਤੇ ਭਾਰਤ ਵਰਗੇ ਦੇਸ਼ ਕੁਝ ਵੀ ਯੋਗਦਾਨ ਨਹੀਂ ਦੇ ਰਹੇ। ਇੱਥੇ ਦੱਸ ਦੇਈਏ ਕਿ ਸਾਲ 2015 ਵਿਚ ਸੰਯੁਕਤ ਰਾਸ਼ਟਰ ਦੀ ਪਰੰਪਾਰਿਕ ਰੂਪ ਰੇਖਾ ਦੇ ਅਧੀਨ 194 ਦੇਸ਼ਾਂ ਨੇ ਸਮਝੌਤੇ 'ਤੇ ਹਸਤਾਖਰ ਕੀਤੇ ਸਨ ਅਤੇ 143 ਦੇਸ਼ਾਂ ਨੇ ਇਸ ਪ੍ਰਤੀ ਵਚਨਬੱਧਤਾ ਦਰਸਾਈ ਸੀ। ਇਸ ਸਮਝੌਤੇ ਦਾ ਮਕਸਦ ਦੁਨੀਆ ਦੇ ਵਧਦੇ ਔਸਤ ਜਲਵਾਯੂ ਤਾਪਮਾਨ ਨੂੰ ਦੋ ਡਿਗਰੀ ਤੱਕ ਹੇਠਾਂ ਲਿਆਉਣਾ ਹੈ।

## ਮੀਡੀਆ 'ਤੇ ਕੀਤੇ ਤਿੱਖੇ ਹਮਲੇ :

ਵਾਸ਼ਿੰਗਟਨ: ਆਪਣੇ ਪ੍ਰਸ਼ਾਸਨ ਦੇ ਪਹਿਲੇ ਸੌ ਦਿਨ ਪੂਰੇ ਕਰਨ 'ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਥਿਤ ਤੌਰ 'ਤੇ ਝੂਠੀਆਂ ਖ਼ਬਰਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ 'ਤੇ ਮੀਡੀਆ ਦੀ ਖਿਚਾਈ ਕੀਤੀ ਅਤੇ ਨਾਲ ਹੀ ਉਹ ਰਾਜਧਾਨੀ ਵਿੱਚ ਕਰਾਏ ਗਏ ਵ੍ਹਾਈਟ ਹਾਊਸ ਪੱਤਰਕਾਰਾਂ ਦੇ ਸਾਲਾਨਾ ਭੋਜ ਤੋਂ ਗ਼ੈਰਹਾਜ਼ਰ ਰਹੇ। ਟਰੰਪ ਨੇ ਪੈਨਸਿਲਵੇਨੀਆ ਦੇ ਸ਼ਹਿਰ ਹੈਰਿਸਬਰਗ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਮੈਂ ਵਾਸ਼ਿੰਗਟਨ ਦੇ ਚਿੱਕੜ ਤੋਂ ਸੌ ਮੀਲ ਤੋਂ ਵੱਧ ਦੂਰ ਰਹਿ ਕੇ ਤੁਹਾਡੇ ਸਾਰਿਆਂ ਤੇ ਬਹੁਤ ਚੰਗੇ ਲੋਕਾਂ ਨਾਲ ਆਪਣੀ ਸ਼ਾਮ ਗੁਜ਼ਾਰ ਕੇ ਵੱਧ ਉਤਸ਼ਾਹਿਤ ਮਹਿਸੂਸ ਕਰ ਰਿਹਾ ਹਾਂ।' ਉਨ੍ਹਾਂ ਕਿਹਾ ਕਿ ਮੀਡੀਆ ਨੂੰ ਨਾਕਾਮੀ ਦਾ ਵੱਡਾ ਗਰੇਡ ਮਿਲਣਾ ਚਾਹੀਦਾ ਹੈ। ਉਨ੍ਹਾਂ ਵਾਸ਼ਿੰਗਟਨ ਦੇ ਇੱਕ ਆਲੀਸ਼ਾਨ ਹੋਟਲ ਵਿਚ ਮੀਡੀਆ ਤੇ ਹੌਲੀਵੁੱਡ ਸਿਤਾਰਿਆਂ ਦੀ ਪਾਰਟੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਇੱਥੇ ਇੱਕ-ਦੂਜੇ ਨੂੰ ਤਸੱਲੀ ਦੇ ਰਹੇ ਹਨ।

## ਟਰੰਪ ਨੇ ਕੀਤਾ ਨਿੱਕੀ ਹੈਲੀ ਦਾ ਸਮਰਥਨ

ਸੰਯੁਕਤ ਰਾਸ਼ਟਰ 'ਚ ਅਮਰੀਕੀ ਰਾਜਦੂਤ ਨਿੱਕੀ ਹੈਲੀ ਕਈ ਵਾਰ ਪ੍ਰਸ਼ਾਸਨਕ ਰਵੱਈਏ ਤੋਂ ਹੱਟ ਕੇ ਬਿਆਨ ਦਿੰਦੀ ਹੈ, ਇਸ ਦੇ ਬਾਵਜੂਦ ਉਨ੍ਹਾਂ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਪ੍ਰਾਪਤ ਹੈ। ਨਿੱਕੀ ਨੇ ਰੂਸ 'ਤੇ ਸ਼ਰੇਆਮ ਇਹ ਦੋਸ਼ ਲਾ ਦਿੱਤਾ ਕਿ ਉਹ ਸੀਰੀਆ ਵਿਚ ਹੋ ਰਹੇ ਯੁੱਧ ਅਪਰਾਧਾਂ ਵਿਚ ਸ਼ਾਮਲ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਕਈ ਵਾਰ ਅਜਿਹੇ ਬਿਆਨ ਦਿੱਤੇ ਹਨ, ਜੋ ਕਿ ਪ੍ਰਸ਼ਾਸਨਿਕ ਰਵੱਈਏ ਦੇ ਦਾਇਰੇ ਤੋਂ ਬਾਹਰ ਸਨ। ਉਨ੍ਹਾਂ ਨੇ ਸੀਰਿਆਈ ਰਾਸ਼ਟਰਪਤੀ ਬਸ਼ਰ ਅਲ ਅਸਦ ਨੂੰ ਚਿਤਾਵਨੀ ਦਿੱਤੀ ਸੀ ਕਿ 'ਤੁਹਾਡੇ ਹੰਕਾਰ ਅਤੇ ਮਨੁੱਖਤਾ ਦੇ ਅਪਮਾਨ ਦੇ ਦਿਨ ਪੂਰੇ ਹੋ ਗਏ ਹਨ।' ਨਿੱਕੀ ਨੇ ਮਨੁੱਖੀ ਅਧਿਕਾਰ ਨੂੰ ਵਿਦੇਸ਼ ਨੀਤੀ ਦੀ ਧੁਰੀ ਦੇ ਤੌਰ 'ਤੇ ਪੇਸ਼ ਕੀਤਾ, ਜਦਕਿ ਟਰੰਪ ਪ੍ਰਸ਼ਾਸਨ ਨੇ ਉਨ੍ਹਾਂ ਨੇਤਾਵਾਂ ਨਾਲ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ, ਜੋ ਨਾਗਰਿਕ ਅਧਿਕਾਰਾਂ ਨੂੰ ਕੁਚਲਣ ਲਈ ਜਾਣੇ ਜਾਂਦੇ ਹਨ। ਅਮਰੀਕੀ ਡਿਪਲੋਮੈਟਾਂ ਨੂੰ ਡਰ ਹੈ ਕਿ ਨਿੱਕੀ ਦੇ ਬਿਆਨਾਂ ਤੋਂ ਉਲਟ ਕੌਮਾਂਤਰੀ ਸੰਦੇਸ਼ ਜਾ ਸਕਦਾ ਹੈ।

# ਟੈਨੇਸੀ ਵਿੱਚ ਮੋਟਲ ਦੇ ਬਾਹਰ ਗੋਲੀਬਾਰੀ ਦੌਰਾਨ ਭਾਰਤੀ ਦੀ ਮੌਤ

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕੀ ਰਾਜ ਟੈਨੇਸੀ ਵਿੱਚ ਇਕ ਮੋਟਲ ਬਾਹਰ ਦੁਵੱਲੀ ਗੋਲੀਬਾਰੀ ਦੀ ਮਾਰ ਵਿੱਚ ਆਏ 56 ਸਾਲਾ ਭਾਰਤੀ ਵਿਅਕਤੀ ਦੀ ਮੌਤ ਹੋ ਗਈ। 'ਫੌਕਸ13ਮੇਮਫਿਸ' ਦੀ ਰਿਪੋਰਟ ਵਿੱਚ ਕਿਹਾ ਗਿਆ ਕਿ ਦੋ ਬੱਚਿਆਂ ਦਾ ਪਿਤਾ ਖਾਂਡੂ ਪਟੇਲ ਵ੍ਹਾਈਟਹੈਵਨ ਵਿੱਚ 'ਅਮਰੀਕਾ ਬੈਸਟ ਵੈਲਯੂ ਇਨ ਐਂਡ ਸਵੀਟ' ਵਿੱਚ ਕੰਮ ਕਰਦਾ ਸੀ। ਇਹ ਘਟਨਾ ਸੋਮਵਾਰ ਨੂੰ ਵਾਪਰੀ, ਜਿਸ ਦੌਰਾਨ ਤਕਰੀਬਨ 30 ਗੋਲੀਆਂ ਚੱਲੀਆਂ। ਜਾਂਚਕਰਤਾਵਾਂ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਇਕ ਗੋਲੀ ਮੋਟਲ ਦੇ ਪਿਛਲੇ ਪਾਸੇ ਖੜ੍ਹੇ ਪਟੇਲ ਨੂੰ ਲੱਗੀ। ਉਸ ਨੇ ਬਾਅਦ ਵਿੱਚ 'ਰਿਜਨਲ ਮੈਡੀਕਲ ਸੈਂਟਰ' ਵਿੱਚ ਦਮ ਤੋੜ ਦਿੱਤਾ। ਖਾਂਡੂ ਤਕਰੀਬਨ ਅੱਠ ਮਹੀਨਿਆਂ ਤੋਂ ਇਸ ਮੋਟਲ ਵਿੱਚ ਕੰਮ ਕਰ ਰਿਹਾ ਸੀ। ਉਸ ਦੀ ਪਤਨੀ ਤੇ ਬੱਚੇ ਵੀ ਮੋਟਲ ਵਿੱਚ ਨਾਲ ਹੀ ਰਹਿੰਦੇ ਸਨ। ਉਸ ਨੇ ਆਪਣਾ ਕੰਮ ਮੁਕਾ ਲਿਆ ਸੀ ਅਤੇ ਉਹ ਮੋਟਲ ਵਿੱਚ ਟਹਿਲ ਰਿਹਾ ਸੀ। ਉਸ ਦੇ ਭਤੀਜੇ ਜੇ ਪਟੇਲ ਨੇ ਦੱਸਿਆ ਕਿ ਖਾਂਡੂ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਅਤੇ ਇਕ ਗੋਲੀ ਉਸ ਦੀ ਛਾਤੀ ਵਿੱਚ ਵੱਜੀ। ਜਾਂਚਕਰਤਾਵਾਂ ਨੇ ਕਾਤਲਾਂ ਦੀ ਜਾਣਕਾਰੀ ਦੇਣ ਲਈ ਮੋਟਲ ਵਿੱਚ ਸਭ ਪਾਸੇ ਸੂਚਨਾ ਚਿਪਕਾ ਦਿੱਤੀ ਹੈ, ਜਿਸ ਵਿੱਚ ਜਾਣਕਾਰੀ ਦੇਣ ਵਾਲੇ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਫਰਵਰੀ ਮਗਰੋਂ ਹੁਣ ਤੱਕ ਅਮਰੀਕਾ ਵਿੱਚ ਪੰਜ ਭਾਰਤੀਆਂ ਦਾ ਕਤਲ ਹੋ ਚੁੱਕਾ ਹੈ।

# ਦਵਿੰਦਰਜੀਤ ਸਿੰਘ ਦੀ ਟਰੱਕ ਪਲਟਣ ਕਾਰਨ ਮੌਤ

**ਸਿਆਟਲ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੇ ਸ਼ਹਿਰ ਵੀਡ ਨੇੜੇ ਆਈ-5 ਹਾਈਵੇ 'ਤੇ 25 ਅਪ੍ਰੈਲ ਨੂੰ ਟਰੱਕ ਪਲਟਣ ਕਰਕੇ ਦਵਿੰਦਰਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦਾ ਅਗਸਤ ਵਿਚ ਕੈਨੇਡਾ ਦੀ ਲੜਕੀ ਨਾਲ ਵਿਆਹ ਹੋਣ ਜਾ ਰਿਹਾ ਸੀ। ਉਸ ਦੀ ਮਾਤਾ ਅਵਤਾਰ ਕੌਰ 17 ਅਪ੍ਰੈਲ ਨੂੰ ਹੀ ਵਰੀ ਤਿਆਰ ਕਰਕੇ ਪੰਜਾਬ ਤੋਂ ਪਰਤੀ ਸੀ। ਦਵਿੰਦਰਜੀਤ ਸਿੰਘ ਦੋ ਸਾਲ ਪਹਿਲਾਂ ਹੀ ਅਮਰੀਕਾ ਆਇਆ ਸੀ, ਤੇ ਉਸ ਅਜੇ ਵਰਕ ਪਰਮਿਟ ਹੀ ਸੀ। ਦਵਿੰਦਰਜੀਤ ਸਿੰਘ ਦਾ ਪਿਛਲਾ ਪਿੰਡ ਸੋਨਾ ਸਾਰੋਗੋਵਾਲ ਹੈ, ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਵਿਚ ਪੈਂਦਾ ਹੈ। ਉਸ ਦੇ ਪਿਤਾ ਅਮਰਜੀਤ ਸਿੰਘ ਦਾ ਦੇਹਾਂਤ ਹੋ ਚੁੱਕਾ ਹੈ। ਦਵਿੰਦਰਜੀਤ ਦੇ ਭੈਣ-ਭਰਾ ਤੇ ਰਿਸ਼ਤੇਦਾਰ ਵੈਨਕੂਵਰ, ਕੈਨੇਡਾ ਰਹਿੰਦੇ ਹਨ। ਦਵਿੰਦਰਜੀਤ ਸਿੰਘ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਕੈਂਟ, ਸਿਆਟਲ ਵਿਚ ਮਾਤਮ ਛਾ ਗਿਆ। ਪੰਜਾਬੀ ਭਾਈਚਾਰੇ ਵੱਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਸੂਤਰਾਂ ਮੁਤਾਬਕ ਉਹ ਸ਼ਾਇਦ 75 ਮੀਲ ਦੀ ਸਪੀਡ 'ਤੇ ਚਲਦਿਆਂ ਟੈਲੀਫੋਨ 'ਤੇ ਸੰਦੇਸ਼ ਭੇਜ ਰਿਹਾ ਸੀ, ਜਿਸ ਕਰਕੇ ਉਤਰਾਈ ਸਮੇਂ ਟਰੱਕ ਬੇਕਾਬੂ ਹੋ ਗਿਆ, ਜੋ ਮੌਤ ਦਾ ਕਾਰਨ ਬਣਿਆ।

# ਸ੍ਰੀ ਨਨਕਾਣਾ ਸਾਹਿਬ ਦਾ ਜੋਗਿੰਦਰ ਸਿੰਘ ਬਣਿਆ ਡਾਕਟਰ

**ਸ੍ਰੀ ਨਨਕਾਣਾ ਸਾਹਿਬ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਵਸਨੀਕ ਜੋਗਿੰਦਰ ਸਿੰਘ ਨੂੰ ਐਮ. ਬੀ.ਬੀ.ਐਸ. ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸ਼ਨਿੱਚਰਵਾਰ ਫ਼ਾਤਿਮਾ ਮੈਮੋਰੀਅਲ ਕਾਲਜ ਆਫ਼ ਮੈਡੀਸਨ ਵਿਚ ਹੋਏ ਡਿਗਰੀ ਵੰਡ ਸਮਾਰੋਹ ਦੌਰਾਨ ਕਾਲਜ ਪ੍ਰਿੰਸੀਪਲ ਵੱਲੋਂ ਡਿਗਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਪ੍ਰੋ. ਕਲਿਆਣ ਸਿੰਘ ਕਲਿਆਣ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਸਿਹਤ ਸੇਵਾਵਾਂ ਦੇ ਖੇਤਰ ਵਿਚ ਡਾ. ਜੋਗਿੰਦਰ ਸਿੰਘ ਤੋਂ ਪਹਿਲਾਂ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਹੀ ਮਿਮਪਾਲ ਸਿੰਘ ਐਮ.ਬੀ.ਬੀ. ਐਸ. ਕਰਨ ਬਾਅਦ ਸਰਵਿਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ ਦੀ ਪ੍ਰੀਖਿਆ ਡੀ.ਸੀ ਐੱਚ. (ਡਿਪਲੋਮਾ ਇਨ ਚਾਈਲਡ ਹੈਲਥ) ਵਿਚ ਪੂਰੇ ਪਾਕਿਸਤਾਨ ਵਿਚੋਂ ਪਹਿਲੇ ਨੰਬਰ 'ਤੇ ਆ ਕੇ ਪਾਕਿਸਤਾਨੀ ਸਿੱਖਾਂ ਨੂੰ ਵਿਸ਼ੇਸ਼ ਸਨਮਾਨ ਦਵਾ ਚੁੱਕੇ ਹਨ। ਲਾਹੌਰ ਦੇ ਕਿੰਗ ਐਡਵਰਡ ਮੈਡੀਕਲ ਕਾਲਜ ਤੋਂ ਆਪਣੀ ਡਾਕਟਰੀ ਪੜ੍ਹਾਈ ਪੂਰੀ ਕਰਨ ਦੇ ਬਾਅਦ ਲਾਹੌਰ ਦੇ ਐਮ.ਏ.ਓ. ਸਰਕਾਰੀ ਹਸਪਤਾਲ ਵਿਚ ਰਜਿਸਟਰਾਰ ਦੇ ਅਹੁਦੇ 'ਤੇ ਸੇਵਾਵਾਂ ਦੇਣ ਵਾਲੇ ਡਾ. ਮਿਮਪਾਲ ਸਿੰਘ ਮੌਜੂਦਾ ਸਮੇਂ ਲਾਹੌਰ ਦੀ ਸ਼ਾਦਮਨ ਆਬਾਦੀ ਵਿਚ ਆਪਣਾ ਨਿੱਜੀ 'ਸਰਦਾਰ ਜੀ ਹੈਲਥ ਕਲੀਨਿਕ' ਚਲਾ ਰਹੇ ਹਨ। ਉਨ੍ਹਾਂ ਦੇ ਇਲਾਵਾ ਲਾਹੌਰ ਬਹਿਰ ਵਿਚ ਹੀ ਸੂਬਾ ਸਿੰਧ ਨਾਲ ਸਬੰਧਿਤ ਪਾਕਿਸਤਾਨ ਦੇ ਪਹਿਲੇ ਸਿੱਖ ਨਿਊਰੋ ਸਰਜਨ ਡਾ. ਵਿਕਾਸ ਸਿੰਘ ਵੱਲੋਂ ਉੱਚ ਪੱਧਰ ਦੀਆਂ ਸਿਹਤ ਸੇਵਾਵਾਂ ਭੇਟ ਕੀਤੀਆਂ ਜਾ ਰਹੀਆਂ ਹਨ।



# ਨਸਲਭੇਦ ਕਾਰਨ ਪੁਲੀਸ ਅਧਿਕਾਰੀ ਬਲਜੀਵਨ ਸਿੰਘ ਸੰਧੂ ਨੂੰ ਨਹੀਂ ਮਿਲੀ ਤਰੱਕੀ

**ਟੋਰਾਂਟੋ/ਬਿਊਰੋ ਨਿਊਜ਼ :** ਇਕ ਪਾਸੇ ਜਿੱਥੇ ਕੈਨੇਡਾ ਦੇ ਰੱਖਿਆ ਮੰਤਰੀ ਇਕ ਸਿੱਖ ਸ਼ਖ਼ਸੀਅਤ ਨੂੰ ਬਣਾਇਆ ਗਿਆ ਹੈ, ਉੱਥੇ ਹੀ ਦੂਜੇ ਪਾਸੇ ਕੈਨੇਡਾ ਵਿਚ ਇਕ ਮਾਮਲਾ ਅਜਿਹਾ ਵੀ ਸਾਹਮਣੇ ਆਇਆ ਹੈ ਜਿਸ ਵਿਚ ਇਕ ਪੰਜਾਬੀ ਪੁਲੀਸ ਅਧਿਕਾਰੀ ਨੂੰ ਉਸ ਦੇ ਨਸਲੀ ਅਤੇ ਸਭਿਆਚਾਰਕ ਪਿਛੋਕੜ ਕਾਰਨ ਤਰੱਕੀ ਤੋਂ ਵਾਂਝਿਆ ਰੱਖਿਆ ਗਿਆ ਹੈ। ਸਟਾਫ਼ ਸਾਰਜੇਂਟ ਬਲਜੀਵਨ ਸਿੰਘ ਸੰਧੂ, ਜੋ ਕਿ ਬੀਤੇ 28 ਸਾਲ ਤੋਂ ਪੀਲ ਪੁਲਿਸ ਫ਼ੋਰਸ ਵਿਚ ਸੇਵਾਵਾਂ ਦੇ ਰਿਹਾ ਹੈ। ਸੂਤਰਾਂ ਮੁਤਾਬਕ ਸਾਲ 2013 ਵਿਚ ਬਲਜੀਵਨ ਸਿੰਘ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਜਾਣਾ ਸੀ ਪਰ ਅਜਿਹਾ ਨਹੀਂ ਹੋਇਆ। ਉਂਟਾਰੀਓ ਦੀ ਮਨੁੱਖੀ ਅਧਿਕਾਰ ਅਦਾਲਤ ਨੇ ਕਿਹਾ ਕਿ ਸੰਧੂ ਨੂੰ ਸਿਰਫ਼ ਤਰੱਕੀ ਦੇਣ ਤੋਂ ਰੋਕਿਆ

ਬਾਕੀ ਸਫ਼ਾ 32 'ਤੇ

## ਕੰਸਲਟੈਂਸੀ ਫ਼ਰਮ ਅਹਮਦਾੱਫ ਦਾ ਸਰਵੇਖਣ, 101 'ਚੋਂ 79 ਆਪਣੇ ਦਮ 'ਤੇ ਅਰਬਪਤੀ ਬਣੇ, 31 ਪਰਿਵਾਰਕ ਜਾਇਦਾਦ ਨਾਲ ਬਣੇ

# 7 ਵਰ੍ਹਿਆਂ ਦੌਰਾਨ ਭਾਰਤ 'ਚ ਹਰ 33ਵੇਂ ਦਿਨ 1 ਅਰਬਪਤੀ ਬਣ ਰਿਹੈ



**ਚੰਡੀਗੜ੍ਹ/ਬਿਊਰੋ ਨਿਊਜ਼ :** ਦੇਸ਼ 'ਚ ਅਰਬਪਤੀਆਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਸਾਲ 2010 ਤੋਂ ਹੁਣ ਤੱਕ ਦੇਸ਼ 'ਚ ਹਰ 33ਵੇਂ ਦਿਨ ਇਕ ਭਾਰਤੀ ਅਰਬਪਤੀ ਬਣ ਰਿਹਾ ਹੈ। ਇਹੀ ਨਹੀਂ, ਪਿਛਲੇ 20 ਸਾਲਾਂ 'ਚ ਦੁਨੀਆ ਦੇ ਅਰਬਪਤੀਆਂ 'ਚ ਭਾਰਤ ਦੀ ਹਿੱਸੇਦਾਰੀ ਇਕ ਤੋਂ ਵੱਧ ਕੇ ਪੰਜ ਫ਼ੀਸਦੀ ਹੋ ਗਈ ਹੈ। ਇਹ ਜਾਣਕਾਰੀ ਫੋਰਬਸ ਦੀ ਸਾਲਾਨਾ ਵਿਸ਼ਵ ਦੇ ਅਰਬਪਤੀਆਂ ਦੀ ਸੂਚੀ ਦੇ ਵਿਸ਼ਲੇਸ਼ਣ 'ਚ ਸਾਹਮਣੇ ਆਈ ਹੈ। ਇਹ ਵਿਸ਼ਲੇਸ਼ਣ ਮੈਨੇਜਮੈਂਟ ਕੰਸਲਟੈਂਸੀ ਫ਼ਰਮ ਅਹਮਦੱਫ ਐਂਡ ਕੰਪਨੀ ਨੇ ਕੀਤਾ ਹੈ। ਸੂਚੀ ਵਿਚ ਸਾਲ 2017 ਤੱਕ 101 ਭਾਰਤੀ ਅਰਬਪਤੀਆਂ ਨੇ ਥਾਂ ਬਣਾਈ ਹੈ। ਪਿਛੋਕੜ ਵੇਖੀਏ ਤਾਂ ਭਾਰਤ ਦੇ ਸ਼ਿਖ਼ਰਲੇ ਅਮੀਰਾਂ 'ਚ ਟਾਟਾ, ਬਿਰਲਾ ਜਾਂ ਅੰਬਾਨੀ ਜਿਹੇ ਉਦਯੋਗਪਤੀਆਂ ਦੇ ਪਰਿਵਾਰ ਸ਼ਾਮਲ ਹੁੰਦੇ ਰਹੇ ਹਨ। ਪਰ ਹਾਲ ਹੀ ਦੇ ਸਾਲਾਂ 'ਚ ਵੱਡਾ ਬਦਲਾਅ ਆਇਆ ਹੈ। ਹੁਣ ਆਪਣੇ ਦਮ 'ਤੇ ਅਰਬਪਤੀ ਬਣਨ ਵਾਲਿਆਂ ਦੀ ਗਿਣਤੀ ਵਧੀ ਹੈ। ਦੇਸ਼ 'ਚ ਨਵੇਂ ਅਰਬਪਤੀਆਂ ਦੀ ਗਿਣਤੀ 70 ਹੋ ਗਈ ਹੈ, ਜਦਕਿ ਪਰਿਵਾਰਕ ਜਾਇਦਾਦ ਕਾਰਨ ਅਰਬਪਤੀ ਬਣਨ ਵਾਲਿਆਂ ਦੀ ਗਿਣਤੀ ਸਿਰਫ਼ 31 ਹੈ। ਨਵੇਂ ਅਰਬਪਤੀ ਭਾਰਤੀ ਅਰਥਵਿਵਸਥਾ ਦੀ ਉੱਚੀ ਵਿਕਾਰ ਦਰ ਦਾ ਲਾਹਾ ਲੈ ਰਹੇ ਹਨ। ਅਦਮਦੱਫ ਦੇ ਐਮ.ਡੀ. ਫਾਖਰੀ ਅਹਮਦੋਵ ਅਨੁਸਾਰ ਭਾਰਤ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਪਿਛਲੇ ਇਕ ਦਹਾਕੇ 'ਚ ਦੁੱਗਣੇ ਤੋਂ ਵਧਿਆ ਹੈ। ਸਾਲ 2010 'ਚ ਸ਼ਿਖ਼ਰਲੇ 5 ਅਮੀਰਾਂ ਦੀ ਜਾਇਦਾਦ 1.30 ਲੱਖ ਕਰੋੜ ਰੁਪਏ ਸੀ। 2017 'ਚ ਇਹ ਘੱਟ ਕੇ 1.05 ਕਰੋੜ ਰੁਪਏ ਰਹਿ ਗਈ।

### ਜੈਫ ਦੁਨੀਆ ਦੇ ਸਭ ਤੋਂ ਅਮੀਰ ਬਣਨ ਤੋਂ ਸਿਰਫ਼ 53 ਹਜ਼ਾਰ ਕਰੋੜ ਰੁਪਏ ਦੂਰ :

ਬਿਲ ਗੇਟਸ ਭਾਵੇਂ ਹਾਲੇ ਤਕ ਦੁਨੀਆ ਦੇ ਸਭ ਤੋਂ ਅਮੀਰ ਹਨ, ਪਰ ਅਮੇਜਨ ਡਾਟ ਕਾਮ ਦੇ ਮੁਖੀ ਜੈਫ ਬੇਜੋ ਛੇਤੀ ਹੀ ਉਨ੍ਹਾਂ ਨੂੰ ਪਛਾੜ ਸਕਦੇ ਹਨ। ਬਲੂਮਬਰਗ ਬਿਲੀਅਨੇਰੀਜ਼ ਇੰਡੈੱਕਸ 'ਚ ਬੇਜੋ 5.07 ਲੱਖ ਕਰੋੜ ਰੁਪਏ ਦੇ ਨਾਲ ਤੀਜੇ ਨੰਬਰ 'ਤੇ ਹਨ। ਗੇਟਸ 5.60 ਲੱਖ ਕਰੋੜ ਰੁਪਏ ਦੀ ਜਾਇਦਾਦ ਨਾਲ ਪਹਿਲੇ ਨੰਬਰ 'ਤੇ ਹਨ। 5 ਸਾਲ 'ਚ ਬੇਜੋ ਦੀ ਜਾਇਦਾਦ 4.18 ਲੱਖ ਕਰੋੜ ਰੁਪਏ ਵਧੀ ਹੈ।

# ਨਾਇਬ ਸੂਬੇਦਾਰ ਪਰਮਜੀਤ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

## ਪ੍ਰੇਮ ਸਾਗਰ ਦੀ ਧੀ ਨੇ ਪਿਤਾ ਦੇ ਬਲੀਦਾਨ ਬਦਲੇ ਮੰਗੇ ਪਾਕਿ ਫ਼ੌਜ ਦੇ 50 ਸਿਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪਾਕਿਸਤਾਨੀ ਫ਼ੌਜ ਵੱਲੋਂ ਪੁਣਛ ਦੇ ਕ੍ਰਿਸ਼ਨਾ ਘਾਟੀ ਸੈਕਟਰ ਵਿਚ ਭਾਰਤ ਦੇ ਦੋ ਜਵਾਨਾਂ ਦੇ ਸਿਰ ਕਲਮ ਕਰਨ ਦੀ ਕੀਤੀ ਗਈ ਘਿਨਾਉਣੀ ਕਾਰਵਾਈ ਤੋਂ ਬਾਅਦ ਦੇਸ਼ ਭਰ ਵਿਚ ਗੁੱਸੇ ਦੀ ਲਹਿਰ ਹੈ। ਸ਼ਹੀਦ ਹੋਏ ਜਵਾਨਾਂ ਦੇ ਮ੍ਰਿਤਕ ਸਰੀਰਾਂ ਨੂੰ ਜਦੋਂ ਜੰਮੂ ਲਈ ਰਵਾਨਾ ਕੀਤਾ ਗਿਆ ਤਾਂ ਪੁਣਛ ਵਿਚ ਲੋਕਾਂ ਨੇ ਪਾਕਿਸਤਾਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਉੱਤਰ ਪ੍ਰਦੇਸ਼ ਦੇ ਦੇਵਰੀਆ ਵਿਚ ਸ਼ਹੀਦ ਪ੍ਰੇਮ ਸਾਗਰ ਦੀ ਬੇਟੀ ਸਰੋਜ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਬਲੀਦਾਨ ਬਦਲੇ ਪਾਕਿਸਤਾਨੀ ਫ਼ੌਜ ਦੇ 50 ਸਿਰ ਚਾਹੁੰਦੀ ਹੈ। ਇਸੇ ਤਰ੍ਹਾਂ ਤਰਨ ਤਾਰਨ ਦੇ ਰਹਿਣ ਵਾਲੇ ਫ਼ੌਜ ਦੀ 22 ਸਿੱਖ ਰੈਜੀਮੈਂਟ ਦੇ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੀਆਂ ਬੇਟੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਪਿਤਾ ਦੀ ਸ਼ਹਾਦਤ 'ਤੇ ਮਾਣ ਹੈ। ਸ਼ਹੀਦ ਦੀ ਪਤਨੀ ਪਰਮਜੀਤ ਕੌਰ ਨੇ ਵੀ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਫ਼ੌਜ ਨੂੰ ਖੁੱਲ੍ਹ ਦੇਣ ਤਾਂ ਕਿ ਪਾਕਿਸਤਾਨ ਨੂੰ ਸਬਕ ਸਿਖਾਇਆ ਜਾ ਸਕੇ। ਪਾਕਿਸਤਾਨੀ ਫ਼ੌਜ ਦੇ ਇਸ ਘਿਨਾਉਣੇ ਕਾਰੇ 'ਤੇ ਦੇਸ਼ ਭਰ ਵਿਚ ਗੁੱਸੇ ਦੀ ਲਹਿਰ ਹੈ। ਪੰਜਾਬ ਵਿਚ ਲੁਧਿਆਣਾ ਸਮੇਤ ਕੁਝ ਥਾਵਾਂ 'ਤੇ ਪਾਕਿਸਤਾਨੀ ਝੰਡੇ ਫੂਕੇ ਗਏ ਜਿਥੇ ਪ੍ਰਦਰਸ਼ਨਕਾਰੀਆਂ ਵੱਲੋਂ ਪਾਕਿਸਤਾਨ ਨੂੰ ਮੂੰਹਤੋੜ ਜਵਾਬ ਦੇਣ ਦੀ ਮੰਗ ਕੀਤੀ ਗਈ। ਦੋ ਭਾਰਤੀ ਫ਼ੌਜੀਆਂ ਦੇ ਸਿਰ ਕਲਮ ਕਰਨ ਦੇ ਮਾਮਲੇ ਵਿਚ ਭਾਰਤ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨ (ਡੀ.ਜੀ.ਐਮ.ਓ.) ਲੈਫ. ਜਨਰਲ ਏ.ਕੇ. ਭੱਟ ਨੇ ਆਪਣੇ ਪਾਕਿਸਤਾਨੀ ਹਮਰੁਤਬਾ ਕੋਲ ਸਖ਼ਤ ਵਿਰੋਧ ਪ੍ਰਗਟ ਕੀਤਾ ਹੈ। ਡੀ.ਜੀ.ਐਮ.ਓ. ਨੇ ਕਿਹਾ ਕਿ ਫ਼ੌਜੀਆਂ ਦੇ ਸਿਰ ਕਲਮ ਕਰਨਾ ਘਿਨਾਉਣਾ ਅਤੇ ਅਣ-ਮਨੁੱਖੀ ਕਾਰਾ ਹੈ ਜੋ ਕਿਸੇ ਸ੍ਰਿਸ਼ਟਾਚਾਰ ਦੇ ਘੇਰੇ ਵਿਚ ਨਹੀਂ ਆਉਂਦਾ। ਭਾਰਤੀ ਡੀ.ਜੀ.ਐਮ.ਓ. ਸ੍ਰੀ ਭੱਟ ਨੇ ਪਾਕਿਸਤਾਨੀ ਅਧਿਕਾਰੀ ਨੂੰ ਕਿਹਾ ਕਿ ਇਸ ਘਿਨਾਉਣੇ ਕਾਰੇ ਦੀ ਸਪਸ਼ਟ ਸ਼ਬਦਾਂ ਵਿਚ ਨਿਖੇਧੀ ਹੋਣੀ ਚਾਹੀਦੀ ਹੈ ਅਤੇ ਇਸ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪਾਕਿਸਤਾਨ ਹਾਲਾਂਕਿ ਆਪਣੇ ਸ਼ੁਰੂਆਤੀ ਰੁਖ਼ 'ਤੇ ਅੜਿਆ ਹੋਇਆ ਹੈ। ਪਾਕਿਸਤਾਨ ਨੇ ਦੁਹਰਾਇਆ ਕਿ ਉਸ ਨੇ ਭਾਰਤੀ ਜਵਾਨਾਂ ਦਾ ਸਿਰ ਕਲਮ ਨਹੀਂ ਕੀਤਾ।







## ਬਾਦਲ ਨੇ ਭਾਈ ਗੁਰਮੁਖ ਸਿੰਘ ਵੱਲੋਂ ਲਾਏ ਦੋਸ਼ਾਂ ਤੋਂ ਕੀਤਾ ਇਨਕਾਰ

*ਲੰਬੀ/ਬਿਊਰੋ ਨਿਊਜ਼ :ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਖ਼ਤ ਦਮਦਮਾ ਸਾਹਿਬ ਦੇ ਫਾਰਗ ਜਥੇਦਾਰ ਭਾਈ ਗੁਰਮੁਖ ਸਿੰਘ ਦੇ ਦੋਸ਼ਾਂ 'ਤੇ ਅੱਜ 'ਧੋਬੀ ਪਟਕਾ' ਮਾਰ ਦਿੱਤਾ ਹੈ। ਸ੍ਰੀ ਬਾਦਲ ਨੇ ਕਿਹਾ ਕਿ ਚਿੱਠੀ ਸਬੰਧੀ ਸਾਰੇ ਦੋਸ਼ ਝੂਠੇ ਹਨ ਤੇ ਨਾ ਉਨ੍ਹਾਂ ਕਦੇ ਜਥੇਦਾਰਾਂ 'ਤੇ ਦਬਾਅ ਪਾਇਆ ਅਤੇ ਨਾ ਜਥੇਦਾਰਾਂ ਨੂੰ ਘਰ ਬੁਲਾਇਆ। ਉਨ੍ਹਾਂ ਕਿਹਾ ਕਿ ਸਾਰੇ ਦੋਸ਼ ਬਿਨਾਂ ਵਜ੍ਹਾ ਮੜ੍ਹੇ ਗਏ ਹਨ। ਉਹ ਪਿੰਡ ਬਾਦਲ ਵਿੱਚ ਆਪਣੀ ਰਿਹਾਇਸ਼ 'ਤੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਭਾਈ ਗੁਰਮੁੱਖ ਸਿੰਘ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖ਼ਤ ਤੋਂ ਮਾਫ਼ੀ ਲਈ ਚਿੱਠੀ ਮਾਮਲੇ ਵਿਚ ਬਾਦਲ ਪਿਉ-ਪੁੱਤ 'ਤੇ ਗੰਭੀਰ ਦੋਸ਼ ਲਾਏ ਸਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤਾਂ ਕੀ, ਪਿਛਲੇ 20 ਸਾਲ ਤੋਂ ਉਨ੍ਹਾਂ ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਜ ਵਿੱਚ ਦਖ਼ਲ ਨਹੀਂ ਦਿੱਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਦੀਆਂ ਚੋਣਾਂ ਸਮੇਂ ਉਨ੍ਹਾਂ ਦੀ ਪ੍ਰਚੱਲਤ 'ਪਰਚੀ' ਦਾ ਜ਼ਿਕਰ ਕਰਨ 'ਤੇ ਸ੍ਰੀ ਬਾਦਲ ਨੇ ਕਿਹਾ "ਪਰਚੀ ਵਾਲੀ ਗੱਲ ਇੰਜ ਹੈ ਕਿ ਕਾਂਗਰਸ ਸਮੇਤ ਸਾਰੀਆਂ ਪਾਰਟੀਆਂ ਵਿਚ ਹੀ ਸਹਿਮਤੀ ਨਾਲ ਆਗੂ ਆਪਣੀ ਲੀਡਰਸ਼ਿਪ ਨੂੰ ਪ੍ਰਧਾਨ ਜਾਂ ਆਗੂ ਚੁਣਨ ਦਾ ਅਧਿਕਾਰ ਦਿੰਦੇ ਹਨ। ਇੰਜ ਹੀ ਸਾਡੇ ਵੀ ਸੀਨੀਅਰ ਆਗੂਆਂ ਦੀ ਸਹਿਮਤੀ ਨਾਲ ਮਿਲੇ ਅਧਿਕਾਰਾਂ ਦੇ ਆਧਾਰ 'ਤੇ ਪ੍ਰਧਾਨ ਦਾ ਫ਼ੈਸਲਾ ਹੁੰਦਾ ਹੈ। ਇਸ ਨੂੰ ਕੁਝ ਲੋਕਾਂ ਨੇ 'ਪਰਚੀ' ਦਾ ਨਾਂਅ ਦੇ ਦਿੱਤਾ ਹੈ। ਜਦੋਂ ਪ੍ਰਧਾਨ ਬਣ ਗਏ, ਉਨ੍ਹਾਂ ਆਪਣਾ ਕੰਮਕਾਜ ਚਲਾਉਣਾ ਹੁੰਦਾ ਹੈ, ਜਿਸ ਵਿੱਚ ਸਾਡਾ ਕੋਈ ਦਖ਼ਲ ਨਹੀਂ।"*

### ਮੁੱਖ ਮੰਤਰੀ ਵੱਲੋਂ ਆਰਥਿਕ ਸਹਾਇਤਾ ਦਾ ਐਲਾਨ :

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਹੀਦ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੇ ਵਾਰਸਾਂ ਨੂੰ 12 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸ਼ਹੀਦ ਪਰਮਜੀਤ ਸਿੰਘ ਦੀ ਪਤਨੀ ਅਤੇ ਬੱਚਿਆਂ ਨੂੰ 5 ਲੱਖ ਰੁਪਏ ਨਗਦ ਅਤੇ ਏਨੀ ਹੀ ਕੀਮਤ ਦਾ ਪਲਾਟ ਦਿੱਤਾ ਜਾਵੇਗਾ ਜਦਕਿ ਸ਼ਹੀਦ ਦੇ ਮਾਪਿਆਂ ਨੂੰ 2 ਲੱਖ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸ਼ਹੀਦ ਦੇ ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਅਤੇ ਉਸ ਦੇ ਬੱਚਿਆਂ ਨੂੰ ਸੂਬੇ ਦੇ ਨੌਂ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਚੋਂ ਇੱਕ ਵਿਚ ਡਿਗਰੀ ਕੋਰਸਾਂ ਤੱਕ ਮੁਫ਼ਤ ਸਿੱਖਿਆ ਦੇਣ ਦਾ ਐਲਾਨ ਵੀ ਕੀਤਾ। ਮੁੱਖ ਮੰਤਰੀ ਨੇ ਸਥਾਨਕ ਸਰਕਾਰੀ ਰੈਸਟ ਹਾਊਸ ਦਾ ਨਾਂਅ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੇ ਨਾਂਅ 'ਤੇ ਰੱਖਣ ਲਈ ਰੈੱਡ ਕਰਾਸ ਰਾਹੀਂ ਇੱਕ ਲੱਖ ਰੁਪਏ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਸ਼ਹੀਦ ਪਰਮਜੀਤ ਸਿੰਘ ਦੀ ਸ਼ਹਾਦਤ 'ਤੇ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦੁੱਖ ਸਾਂਝਾ ਕਰਨ ਲਈ ਪੰਜਾਬ ਦੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ, ਵਿਧਾਇਕ ਐਚ. ਐਸ. ਫੂਲਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਪੁੱਜੇ।

## ਪਰਮਜੀਤ ਸਿੰਘ ਦੀ ਵੱਢੀ ਟੁੱਕੀ ਮ੍ਰਿਤਕ ਦੇਹ ਦੇਖ ਰੋਹ 'ਚ ਆਏ ਲੋਕ

ਵੇਈਂਪੂੰਈ : ਜੰਮੂ-ਕਸ਼ਮੀਰ ਦੇ ਪੁਣਛ ਖੇਤਰ ਵਿਚ ਅੱਤਵਾਦੀਆਂ ਵੱਲੋਂ ਪਾਕਿਸਤਾਨੀ ਫੌਜ ਦੀ ਮਦਦ ਨਾਲ ਸ਼ਹੀਦ ਕੀਤੇ ਭਾਰਤੀ ਫੌਜ ਦੇ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੀ ਮ੍ਰਿਤਕ ਦੇਹ ਦਾ ਉਨ੍ਹਾਂ ਦੇ ਜੱਦੀ ਪਿੰਡ ਵੇਈਂਪੂੰਈ ਵਿਖੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸ਼ਹੀਦ ਪਰਮਜੀਤ ਸਿੰਘ ਦੀ ਮ੍ਰਿਤਕ ਦੇਹ ਫੌਜ ਦੇ ਹੈਲੀਕਾਪਟਰ ਰਾਹੀ ਪਿੰਡ ਪੁੱਜੀ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਆਸ ਪਾਸ ਇਲਾਕੇ ਤੋਂ ਪਹੁੰਚੇ ਲੋਕਾਂ ਨੇ ਜਿਥੇ ਸ਼ਹੀਦ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ, ਉਥੇ ਅੰਤਿਮ ਸੰਸਕਾਰ ਮੌਕੇ ਪਾਕਿਸਤਾਨ ਦੀ ਇਸ ਕਰੂਰਤਾ ਭਰੀ ਕਾਰਵਾਈ ਦੀ ਰੱਜ ਕੇ ਵਿਰੋਧਤਾ ਦੇਖਣ ਨੂੰ ਮਿਲੀ। ਜਦ ਅੰਤਿਮ ਸੰਸਕਾਰ ਦੀ ਰਸਮ ਸ਼ੁਰੂ ਹੋਣ ਲੱਗੀ ਤਾਂ ਉਥੇ ਮੌਜੂਦ ਵੱਡੀ ਗਿਣਤੀ ਵਿਚ ਲੋਕਾਂ ਨੇ ਪਾਕਿਸਤਾਨ ਮੁਰਦਾਬਾਦ, ਸ਼ਹੀਦ ਪਰਮਜੀਤ ਸਿੰਘ ਅਮਰ ਰਹੇ, ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾਏ। ਅੰਤਿਮ ਸੰਸਕਾਰ ਮੌਕੇ 23 ਇੰਡੀਪੈਂਡੇਂਟ ਆਰਮਜ਼ ਬ੍ਰਿਗੇਡ ਦੀ ਫੌਜੀ ਟੁਕੜੀ ਜਿਸ ਦੀ ਅਗਵਾਈ ਮੇਜਰ ਮਾਨਵ ਖੁੱਲਰ ਕਰ ਰਹੇ ਸੀ, ਨੇ ਸ਼ਹੀਦ ਪਰਮਜੀਤ ਸਿੰਘ ਨੂੰ ਅੰਤਿਮ ਸ਼ਰਧਾਂਜਲੀ ਦੇ ਕੇ ਹਵਾ ਵਿਚ ਫਾਇਰ ਕੀਤੇ। ਸ਼ਹੀਦ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ 12 ਸਾਲ ਦੇ ਲੜਕੇ ਸਾਹਿਲਦੀਪ ਸਿੰਘ ਨੇ ਦਿਖਾਈ। ਜਦ ਸ਼ਹੀਦ ਦੇ ਅੰਤਿਮ ਸੰਸਕਾਰ ਲਈ ਉਨ੍ਹਾਂ ਦੀ ਮ੍ਰਿਤਕ ਦੇਹ ਜੋ ਕਿ ਤਾਬੂਤ ਵਿਚ ਪਈ ਸੀ, ਨੂੰ ਭਾਰਤੀ ਫੌਜ ਦੇ ਜਵਾਨ ਚੁੱਕਣ ਲੱਗੇ ਤਾਂ ਪਰਿਵਾਰਕ ਮੈਂਬਰਾਂ ਨੇ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ ਅਤੇ ਉਹ ਇਸ ਗੱਲ 'ਤੇ ਅੜੇ ਰਹੇ। ਅੰਤਿਮ ਸੰਸਕਾਰ ਤੋਂ ਕੁਝ ਪਲ ਪਹਿਲਾਂ ਜਦ ਤਾਬੂਤ ਨੂੰ ਤੋੜ ਕੇ ਖੋਲਿਆ ਗਿਆ ਤਾਂ ਬਿਨਾਂ ਸਿਰ ਅਤੇ ਲੱਤਾਂ ਬਾਹਾਂ ਸਮੇਤ ਸਰੀਰ ਨੂੰ ਬੁਰੀ ਤਰ੍ਹਾਂ ਵੱਢੇ ਟੁੱਕੇ ਦੇਖ ਕੇ ਸ਼ਹੀਦ ਦੇ ਪਰਿਵਾਰਕ ਮੈਂਬਰ ਅਤੇ ਉਥੇ ਹਾਜ਼ਰ ਰਿਸ਼ਤੇਦਾਰਾਂ ਅਤੇ ਲੋਕਾਂ ਵਿਚ ਚੀਖ ਚਿਹਾੜਾ ਪੈ ਗਿਆ। ਇਸ ਮੌਕੇ ਹਲਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ, ਹਲਕਾ ਤਰਨ ਤਾਰਨ ਤੋਂ ਵਿਧਾਇਕ ਡਾ. ਧਰਮਬੀਰ ਅਗਨੀਹੋਤਰੀ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਤੋਂ ਇਲਾਵਾ ਫੌਜ ਦੇ ਉੱਚ ਅਧਿਕਾਰੀਆਂ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਸ਼ਹੀਦ ਪਰਮਜੀਤ ਸਿੰਘ ਦੀ ਪਤਨੀ ਪਰਮਜੀਤ ਕੌਰ ਨੇ ਕਿਹਾ ਕਿ ਉਸ ਦੇ ਪਤੀ ਨੇ ਜੋ ਸ਼ਹਾਦਤ ਦੇਸ਼ ਲਈ ਦਿੱਤੀ ਹੈ, ਉਸ ਉਪਰ ਉਸ ਨੂੰ ਪੂਰਾ ਫਖਰ ਹੈ, ਪਰ ਦੁਸ਼ਮਣਾਂ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਨਾਲ ਜੋ ਕਰੂਰਤਾ ਕੀਤੀ ਹੈ, ਉਸ ਨਾਲ ਉਨ੍ਹਾਂ ਦੇ ਮਨ ਨੂੰ ਭਾਰੀ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਖਾਤਰ ਰੋਜ਼ਾਨਾ ਹੀ ਭਾਰਤੀ ਫੌਜ ਦੇ ਜਵਾਨ ਆਪਣੀਆਂ ਜਾਨਾਂ ਵਾਰ ਰਹੇ ਹਨ, ਪਰ ਦੁਸ਼ਮਣ ਵੱਲੋਂ ਉਨ੍ਹਾਂ ਦੇ ਪਤੀ ਦਾ ਸਿਰ ਆਪਣੇ ਨਾਲ ਲੈ ਜਾਣਾ ਅਤੇ ਉਸ ਦੇ ਸਰੀਰ ਉਪਰ ਕੱਟ ਵੱਢ ਕਰਨ ਦਾ ਕਾਰਾ ਇਨਸਾਨੀਅਤ ਤੋਂ ਪਰ੍ਹੇ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਮਨ ਨੂੰ ਤਾਂ ਹੀ ਸ਼ਾਂਤੀ ਮਿਲੇਗੀ ਜਦ ਭਾਰਤੀ ਫੌਜ ਦੇ ਜਵਾਨ ਆਪਣੇ ਜਵਾਨ ਦੇ ਇਕ ਸਿਰ ਬਦਲੇ ਦੁਸ਼ਮਣ ਦੇ 50 ਸਿਰ ਕਲਮ ਕਰਨ ਤਾਂ ਜੋ ਉਨ੍ਹਾਂ ਨੂੰ ਇਸ ਕਰੂਰਤਾ ਦਾ ਸਬਕ ਮਿਲ ਸਕੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਕਮਜ਼ੋਰ ਨੀਤੀ ਕਾਰਨ ਦੇਸ਼ ਵਾਸੀਆਂ ਦੀ ਰੱਖਿਆ ਕਰਦੇ ਹੋਏ ਭਾਰਤੀ ਫੌਜ ਦੇ ਜਵਾਨ ਰੋਜ਼ਾਨਾ ਹੀ ਸ਼ਹੀਦੀ ਦਾ ਜਾਮ ਪੀ ਰਹੇ ਹਨ।

# ਪਿੰਡ ਦੀ 'ਚੌਧਰ' ਨੂੰ ਲੈ ਕੇ ਕਾਂਗਰਸੀਆਂ ਵਲੋਂ ਅਕਾਲੀ ਪਿਉ-ਪੁੱਤ ਦੀ ਗੋਲੀ ਮਾਰ ਕੇ ਹੱਤਿਆ

**ਫ਼ਿਰੋਜ਼ਪੁਰ/ਬਿਊਰੋ ਨਿਊਜ਼**, ਇਥੇ ਦਿਹਾਤੀ ਹਲਕੇ ਵਿੱਚ ਪੈਂਦੇ ਪਿੰਡ ਰੁਕਨ ਸ਼ਾਹ ਵਾਲਾ ਵਿੱਚ ਅੱਜ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇਕ ਧਿਰ ਵੱਲੋਂ ਜਬਰੀ ਘਰ ਵਿੱਚ ਦਾਖ਼ਲ ਹੋ ਕੇ ਕੀਤੀ ਫਾਇਰਿੰਗ ਦੌਰਾਨ ਪਿਉ-ਪੁੱਤ ਹਲਾਕ ਹੋ ਗਏ ਜਦਕਿ ਪੀੜਤ ਪਰਿਵਾਰ ਦਾ ਇੱਕ ਹੋਰ ਜੀਅ ਜ਼ਖ਼ਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਬਜ਼ੁਰਗ ਹਰਨਾਮ ਸਿੰਘ (80) ਅਤੇ ਉਸ ਦੇ ਪੁੱਤਰ ਜੋਗਿੰਦਰ ਸਿੰਘ ਬੱਬੀ (45) ਜਦਕਿ ਜ਼ਖ਼ਮੀ ਦੀ ਹਰਨਾਮ ਸਿੰਘ ਦੇ ਦੂਜੇ ਲੜਕੇ ਬਲਵਿੰਦਰ ਸਿੰਘ ਵਜੋਂ ਹੋਈ ਹੈ, ਜੋ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਥਾਨਕ ਇਕਾਈ ਦਾ ਮੀਤ ਪ੍ਰਧਾਨ ਅਤੇ ਪਿੰਡ ਦਾ ਸਾਬਕਾ ਸਰਪੰਚ ਹੈ। ਵਾਰਦਾਤ ਦਾ ਮੁੱਖ ਮੁਲਜ਼ਮ ਲਖਵਿੰਦਰ ਸਿੰਘ ਉਰਫ਼ ਲੱਖਾ ਢਿੱਲੋਂ ਦੱਸਿਆ ਜਾਂਦਾ ਹੈ, ਜੋ ਇਸੇ ਪਿੰਡ ਦਾ ਵਸਨੀਕ ਹੈ। ਮੁਲਜ਼ਮ ਕਾਂਗਰਸੀ ਧੜੇ ਨਾਲ ਜਦਕਿ ਪੀੜਤ ਪਰਿਵਾਰ ਅਕਾਲੀ ਦਲ ਨਾਲ ਸਬੰਧ ਰੱਖਦਾ ਹੈ। ਦੂਹਰੇ ਕਤਲ ਕਾਂਡ ਦੀ ਇਹ ਘਟਨਾ ਥਾਣਾ ਕੁਲਗੜ੍ਹੀ ਅਧੀਨ ਪੈਂਦੇ ਇਸ ਪਿੰਡ ਵਿੱਚ ਵਾਪਰੀ। ਦੱਸਿਆ ਜਾਂਦਾ ਹੈ ਕਿ ਪਿੰਡ ਦੀ ਅਨੁਸੂਚਿਤ ਜਾਤੀ ਦੀ ਮਹਿਲਾ ਸਰਪੰਚ ਅਕਾਲੀ ਦਲ ਨਾਲ ਸਬੰਧ ਰੱਖਦੀ ਹੈ। ਪਿੰਡ ਦੇ ਹਰ ਮਸਲੇ ਸਬੰਧੀ ਉਹ ਬਲਵਿੰਦਰ ਸਿੰਘ ਨਾਲ ਸਲਾਹ ਮਸ਼ਵਰਾ ਕਰਦੀ ਸੀ, ਪਰ ਪੰਜਾਬ ਵਿੱਚ ਵਜ਼ਾਰਤ ਬਦਲਣ ਉਪਰੰਤ ਲੱਖਾ ਚਾਹੁੰਦਾ ਸੀ ਕਿ ਪਿੰਡ ਦਾ ਹਰ ਕੰਮ ਉਸ ਦੀ ਸਲਾਹ ਨਾਲ ਹੋਵੇ। ਇਸ ਗੱਲ ਨੂੰ ਲੈ ਕੇ ਬਲਵਿੰਦਰ ਸਿੰਘ ਅਤੇ ਲੱਖਾ ਦਰਮਿਆਨ ਖਿੱਚੋਤਾਣ ਚੱਲ ਰਹੀ ਸੀ। ਲੰਘੀ 28 ਅਪਰੈਲ ਨੂੰ ਉਸ ਨੇ ਆਪਣੇ ਫ਼ੇਸਬੁੱਕ ਪੇਜ ਉੱਤੇ ਬਲਵਿੰਦਰ ਨਾਲ ਅਸਿੱਧੇ ਤੌਰ ਉੱਤੇ ਨਜਿੱਠਣ ਦੀ ਧਮਕੀ ਦਿੱਤੀ ਸੀ। ਬਲਵਿੰਦਰ ਦੇ ਪਰਿਵਾਰ ਵੱਲੋਂ ਇਸ ਸਬੰਧੀ ਕਈ ਸ਼ਿਕਾਇਤਾਂ ਪੁਲੀਸ ਅਧਿਕਾਰੀਆਂ ਨੂੰ ਕੀਤੀਆਂ ਗਈਆਂ, ਪਰ ਕੋਈ ਕਾਰਵਾਈ ਨਹੀਂ ਹੋਈ। ਲੱਖਾ ਅਤੇ ਉਸ ਦੇ ਕੁਝ ਹੋਰ ਸਾਥੀਆਂ ਨੇ ਦਿਨ ਦਿਹਾੜੇ ਸਾਬਕਾ ਸਰਪੰਚ ਦੇ ਘਰ ਆ ਕੇ ਫਾਇਰਿੰਗ ਕੀਤੀ ਜਿਸ ਵਿੱਚ ਪਿਓ-ਪੁੱਤ ਦੀ ਮੌਤ ਹੋ ਗਈ। ਬਲਵਿੰਦਰ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਸ਼ਹਿਰ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਉਧਰ ਐਸਪੀ (ਡੀ) ਧਰਮਵੀਰ ਨੇ ਕਿਹਾ ਕਿ ਮੁਦਈ ਬਲਵਿੰਦਰ ਸਿੰਘ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਸਾਰੇ ਮਾਮਲੇ ਦੀ ਪੜਤਾਲ ਦੌਰਾਨ ਜੋ ਵੀ ਦੋਸ਼ੀ ਪਾਇਆ ਗਿਆ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਫ਼ਿਰੋਜ਼ਪੁਰ ਦਿਹਾਤੀ ਹਲਕੇ ਤੋਂ ਸਾਬਕਾ ਅਕਾਲੀ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਨੇ ਇਸ ਦੋਹਰੇ ਕਤਲ ਕਾਂਡ ਲਈ ਸਿੱਧੇ ਤੌਰ ਉੱਤੇ ਕੁਲਗੜ੍ਹੀ ਥਾਣਾ ਮੁਖੀ ਸੁਨੀਲ ਕੁਮਾਰ ਅਤੇ ਚੌਂਕੀ ਇੰਚਾਰਜ ਕੁਲਦੀਪ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਫ਼ਿਰੋਜ਼ਪੁਰ ਦਿਹਾਤੀ ਹਲਕੇ ਦੀ ਕਾਂਗਰਸੀ ਵਿਧਾਇਕ ਸਤਕਾਰ ਕੌਰ ਗਹਿਰੀ ਦੀ ਕਥਿਤ ਸ਼ਹਿ ਕਾਰਨ ਪੁਲੀਸ ਨੇ ਪੀੜਤ ਪਰਿਵਾਰ ਵੱਲੋਂ ਦਿੱਤੀਆਂ ਦਰਖ਼ਾਸਤਾਂ ਉੱਤੇ ਕੋਈ ਕਾਰਵਾਈ ਨਹੀਂ ਕੀਤੀ।

# ਗਿਆਨੀ ਗੁਰਮੁਖ ਸਿੰਘ ਨੇ ਜੀਂਦ ਵਿੱਚ ਹੈੱਡ ਗ੍ਰੰਥੀ ਵਜੋਂ ਸੰਭਾਲਿਆ ਅਹੁਦਾ

**ਬਠਿੰਡਾ/ਬਿਊਰੋ ਨਿਊਜ਼ :** ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਹਰਿਆਣਾ ਵਿੱਚ ਗੁਰਦੁਆਰਾ ਨੌਵੀਂ ਪਾਤਸ਼ਾਹੀ (ਜੀਂਦ) ਵਿੱਚ ਬਤੌਰ ਹੈੱਡ ਗ੍ਰੰਥੀ ਅਹੁਦਾ ਸੰਭਾਲ ਲਿਆ ਹੈ, ਜੋ ਸਾਬਕਾ ਜਥੇਦਾਰ ਦਾ ਬਾਗ਼ੀ ਰੁਖ ਠੰਢਾ ਹੋਣ ਦਾ ਸੰਕੇਤ ਹੈ। ਪਹਿਲਾਂ ਕਿਆਸਅਰਾਈਆਂ ਸਨ ਕਿ ਸਾਬਕਾ ਜਥੇਦਾਰ ਖੁੱਲ੍ਹ ਕੇ ਮੈਦਾਨ ਵਿੱਚ ਆਉਣਗੇ ਤੇ ਨਵਾਂ ਅਹੁਦਾ ਨਾ ਸੰਭਾਲਣ ਦੇ ਵੀ ਚਰਚੇ ਸਨ। ਸੂਤਰਾਂ ਅਨੁਸਾਰ ਗਿਆਨੀ ਗੁਰਮੁਖ ਸਿੰਘ ਨੂੰ ਦਮਦਮਾ ਸਾਹਿਬ ਵਾਲੀ ਸਰਕਾਰੀ ਰਿਹਾਇਸ਼ ਖਾਲੀ ਕਰਨ ਵਾਸਤੇ ਆਖ ਦਿੱਤਾ ਹੈ, ਜੋ ਅਜੇ ਤੱਕ ਉਨ੍ਹਾਂ ਨੇ ਖਾਲੀ ਨਹੀਂ ਕੀਤੀ ਹੈ। ਜਾਣਕਾਰੀ ਅਨੁਸਾਰ ਗਿਆਨੀ ਗੁਰਮੁਖ ਸਿੰਘ ਨੇ ਹਰਿਆਣਾ ਵਿੱਚ ਬਤੌਰ ਹੈੱਡ ਗ੍ਰੰਥੀ ਸੇਵਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। ਸਾਬਕਾ ਜਥੇਦਾਰ ਨੇ ਅਕਾਲੀ ਲੀਡਰਸ਼ਿਪ ਤੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਸਿੱਧਾ ਮੋਰਚਾ ਖੋਲ੍ਹਿਆ ਸੀ। ਸ਼੍ਰੋਮਣੀ ਕਮੇਟੀ ਦੀ 21 ਅਪ੍ਰੈਲ ਨੂੰ ਫਤਹਿਗੜ੍ਹ ਸਾਹਿਬ ਵਿੱਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਗਿਆਨੀ ਗੁਰਮੁਖ ਸਿੰਘ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਲਾਹ ਦਿੱਤਾ ਸੀ ਤੇ ਉਨ੍ਹਾਂ ਦਾ ਜੀਂਦ ਵਿੱਚ ਹੈੱਡ ਗ੍ਰੰਥੀ ਵਜੋਂ ਤਬਾਦਲਾ ਕਰ ਦਿੱਤਾ ਸੀ। ਸੂਤਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਮੁਖ ਸਿੰਘ ਨੂੰ ਦਮਦਮਾ ਸਾਹਿਬ ਵਾਲੀ ਸਰਕਾਰੀ ਰਿਹਾਇਸ਼ ਖਾਲੀ ਕਰਨ ਵਾਸਤੇ ਆਖ ਦਿੱਤਾ ਹੈ ਜੋ ਹਾਲੇ ਤੱਕ ਉਨ੍ਹਾਂ ਨੇ ਖਾਲੀ ਨਹੀਂ ਕੀਤੀ ਹੈ। ਦਮਦਮਾ ਸਾਹਿਬ ਦੇ ਮੈਨੇਜਰ ਜਗਜੀਤ ਸਿੰਘ ਨੇ ਆਖਿਆ ਕਿ ਸਾਬਕਾ ਜਥੇਦਾਰ ਤੋਂ ਸ਼੍ਰੋਮਣੀ ਕਮੇਟੀ ਦੀ ਗੱਡੀ ਵਾਪਸ ਲੈ ਲਈ ਹੈ ਪਰ ਉਨ੍ਹਾਂ ਘਰ ਅਜੇ ਖਾਲੀ ਨਹੀਂ ਕੀਤਾ ਹੈ। ਐਸਐਸਪੀ ਬਠਿੰਡਾ ਨਵੀਨ ਸਿੰਗਲਾ ਦਾ ਕਹਿਣਾ ਹੈ ਕਿ ਦਮਦਮਾ ਸਾਹਿਬ ਵਿਖੇ ਜਥੇਦਾਰ ਦੀ ਰਿਹਾਇਸ਼ 'ਤੇ ਪੁਲੀਸ ਗਾਰਦ ਤਾਇਨਾਤ ਰਹੇਗੀ ਤੇ ਬਾਕੀ ਸੁਰੱਖਿਆ ਵਾਪਸੀ ਬਾਰੇ ਉਹ ਚੈੱਕ ਕਰਕੇ ਦੱਸਣਗੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਪੁਸ਼ਟੀ ਕੀਤੀ ਕਿ ਗਿਆਨੀ ਗੁਰਮੁਖ ਸਿੰਘ ਨੇ ਜੀਂਦ ਵਿੱਚ ਬਤੌਰ ਹੈੱਡ ਗ੍ਰੰਥੀ ਆਪਣਾ ਅਹੁਦਾ ਸੰਭਾਲ ਲਿਆ ਹੈ ਤੇ ਅਹੁਦਾ ਸੰਭਾਲਣ ਮਗਰੋਂ ਸੂਚਨਾ ਵੀ ਦਿੱਤੀ ਹੈ। ਉਨ੍ਹਾਂ ਆਖਿਆ ਕਿ ਰਿਹਾਇਸ਼ ਅਜੇ ਖਾਲੀ ਨਹੀਂ ਕੀਤੀ ਹੈ।ਦਮਦਮਾ ਸਾਹਿਬ ਦੇ ਨਵੇਂ ਲਾਏ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 4 ਮਈ ਨੂੰ ਦਮਦਮਾ ਸਾਹਿਬ ਵਿਖੇ ਪੁੱਜ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਮੋਹਨ ਸਿੰਘ ਬੰਗੀ ਨੇ ਦੱਸਿਆ ਕਿ ਨਵੇਂ ਜਥੇਦਾਰ ਦੀ 4 ਮਈ ਨੂੰ ਦਸਤਾਰਬੰਦੀ ਹੋਵੇਗੀ। ਗਿਆਨੀ ਹਰਪ੍ਰੀਤ ਸਿੰਘ ਇਸ ਤੋਂ ਪਹਿਲਾਂ ਮੁਕਤਸਰ ਸਾਹਿਬ ਦੇ ਗੁਰਦੁਆਰੇ ਵਿਖੇ ਹੈੱਡ ਗ੍ਰੰਥੀ ਸਨ।

# HYDERABAD PAVILION

# VEGETABLES

## FRESHLY MADE EVERYDAY!

39030 Argonaut Way, Fremont, CA 94538


BHINDI MASALA


PALAK PANEER


PANEER MAKHANI


MALAI KOFTA


DAL MAKHANI


ALOO GOBI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:
510.713.0183

# ਭਾਰਤੀ ਸਫ਼ਾਰਤੀ ਸੂਹਜ ਦੀ ਅਜ਼ਮਾਇਸ਼ ਦਾ ਵੇਲਾ

**ਭਾਰਤ-ਇਰਾਨ ਸਬੰਧਾਂ ਵਿੱਚ ਤਲਖ਼ੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਦਿਨਾਂ ਵਿੱਚ ਇਸਰਾਈਲ ਯਾਤਰਾ ਇਰਾਨ ਦੀਆਂ ਚਿੰਤਾਵਾਂ ਵਧਾਏਗੀ। ਕੁਲਭੂਸ਼ਨ ਜਾਧਵ ਮਾਮਲੇ 'ਤੇ ਇਰਾਨ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਹਾਲਾਂਕਿ ਉਹ ਜ਼ਰੂਰ ਜਾਣਦਾ ਹੋਵੇਗਾ ਕਿ ਜਾਧਵ ਨੂੰ ਇਰਾਨ ਵਿੱਚੋਂ ਅਗਵਾ ਕਰਕੇ ਲਿਜਾਇਆ ਗਿਆ ਜਿਵੇਂ ਭਾਰਤ ਦਾਅਵਾ ਕਰ ਰਿਹਾ ਹੈ। ਚਾਹਬਹਾਰ ਪ੍ਰਾਜੈਕਟ ਲਮਕ ਗਿਆ ਹੈ ਕਿਉਂਕਿ ਇਰਾਨ ਇਸ ਨੂੰ 'ਸੀਪੀਈਸੀ' ਨਾਲ ਜੋੜਨ ਉੱਪਰ ਮੁੜ ਵਿਚਾਰ ਕਰ ਰਿਹਾ ਹੈ। ਜੇ ਇਹ ਨੇਪਰੇ ਨਹੀਂ ਚੜ੍ਹਦਾ ਤਾਂ ਪਾਕਿਸਤਾਨ ਦੀ ਗਵਾਦਰ ਬੰਦਰਗਾਹ ਉੱਪਰ ਚੀਨ ਦੇ ਪ੍ਰਭਾਵ ਨਾਲ ਸੰਤੁਲਨ ਬਣਾਉਣ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ ਨੂੰ ਧੱਕਾ ਪਹੁੰਚੇਗਾ।**

**ਕੇ.ਸੀ. ਸਿੰਘ**

ਫਰਾਂਸ ਵਿੱਚ 23 ਅਪ੍ਰੈਲ ਨੂੰ ਜਿਵੇਂ ਹੀ ਰਾਸ਼ਟਰਪਤੀ ਚੋਣਾਂ ਦਾ ਪਹਿਲਾ ਪੜਾਅ ਆਇਆ, ਯੂਰੋਪ ਦੇ ਸਾਹ ਹੀ ਸੂਤੇ ਗਏ। ਇਨ੍ਹਾਂ ਚੋਣਾਂ ਵਿੱਚ ਯੂਰੋਪੀਅਨ ਯੂਨੀਅਨ (ਈ.ਯੂ.) ਪੱਖੀ ਉਮੀਦਵਾਰਾਂ ਦੀ ਹਾਰ ਦਾ ਭਾਵ ਹੈ ਯੂਰੋਪੀਅਨ ਯੂਨੀਅਨ ਦੇ ਖਾਤਮੇ ਦਾ ਖਦਸ਼ਾ। ਈ.ਯੂ. ਨੂੰ ਦੂਜਾ ਵੱਡਾ ਝਟਕਾ ਬਰਤਾਨੀਆ ਵੱਲੋਂ ਧਾਰਾ-50 ਤਹਿਤ ਅਲਹਿਦਗੀ ਲਈ ਅਰਜ਼ੀ ਦਾਖਲ ਕਰਨ ਨਾਲ ਲੱਗਿਆ। ਭਾਵੇਂ ਫਰਾਂਸ ਵਿੱਚ ਰਾਸ਼ਟਰਪਤੀ ਚੋਣਾਂ ਦੇ ਪਹਿਲੇ ਪੜਾਅ ਵਿੱਚ ਸੱਜੇ-ਪੱਖੀ ਨੇਤਾ ਮੇਰੀਨ ਲੀ ਪੈਨ ਉਮੀਦਾਂ ਨਾਲੋਂ ਵੱਧ ਵੋਟਾਂ ਲੈ ਗਈ, ਪਰ ਉਸ ਦੇ ਵਿਰੋਧੀ ਪਾਰਟੀਆਂ ਵੱਲੋਂ ਇਮੈਨੁਏਲ ਮੈਕਰੌਨ ਦੀ ਪਿੱਠ ਉੱਪਰ ਆ ਜਾਣ ਨਾਲ 7 ਮਈ ਨੂੰ ਹੋਣ ਵਾਲੀਆਂ ਦੂਜੇ ਤੇ ਆਖਰੀ ਪੜਾਅ ਦੀਆਂ ਚੋਣਾਂ ਵਿੱਚ ਮੈਕਰੌਨ ਦੀ ਜਿੱਤ ਯਕੀਨੀ ਜਾਪਣ ਲੱਗੀ ਹੈ, ਜਿਸ ਸਦਕਾ ਯੂਰੋਪੀਅਨ ਮਾਰਕੀਟ ਵਿੱਚ ਜਾਨ ਪੈ ਗਈ ਹੈ। ਹੁਣ ਕੁਝ ਦਿਨਾਂ ਬਾਅਦ ਇਰਾਨ ਵਿੱਚ ਰਾਸ਼ਟਰਪਤੀ ਦੀ ਚੋਣ ਲਈ ਦੋ ਪੜਾਵਾਂ ਵਿੱਚ ਵੋਟਾਂ ਪੈਣੀਆਂ ਹਨ। ਫਿਰ ਇੱਕ ਮਹੀਨੇ ਬਾਅਦ ਬਰਤਾਨੀਆ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਉੱਥੋਂ ਦੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਜੂਨ ਵਿੱਚ ਚੋਣਾਂ ਕਰਾਉਣ ਦਾ ਐਲਾਨ ਕੀਤਾ ਸੀ। ਇੱਕ ਦੂਜੇ ਨਾਲ ਜੁੜੇ ਸੰਸਾਰ ਦੀਆਂ ਉਪਰੋਕਤ ਘਟਨਾਵਾਂ ਦਾ ਪ੍ਰਭਾਵ ਭਾਰਤ ਉੱਪਰ ਜ਼ਰੂਰ ਪਏਗਾ। ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਜਿੱਤ ਤੋਂ ਬਾਅਦ ਦੇਸ਼ ਪਹਿਲਾਂ ਹੀ ਗਊ ਰੱਖਿਆ ਚੌਕਸੀਵਾਦ, ਕਸ਼ਮੀਰ ਦੇ ਵਿਗੜੇ ਹਾਲਾਤ, ਨਕਸਲੀਆਂ ਦੇ ਸੀਆਰਪੀਐਫ ਉੱਪਰ ਵੱਡੇ ਹਮਲੇ ਤੇ ਦਿੱਲੀ ਨਗਰ ਨਿਗਮਾਂ ਦੇ ਚੋਣ ਨਤੀਜਿਆਂ ਵਰਗੀਆਂ ਚਰਚਾਵਾਂ ਵਿੱਚ ਘਿਰਿਆ ਹੋਇਆ ਹੈ। ਨੇਪਾਲ ਦੇ ਰਾਸ਼ਟਰਪਤੀ ਅਤੇ ਮਲੇਸ਼ੀਆ, ਬੰਗਲਾਦੇਸ਼ ਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਭਾਰਤ ਦੀ ਫੇਰੀ 'ਤੇ ਆਏ, ਪਰ ਇਨ੍ਹਾਂ ਵਿੱਚੋਂ ਕੁਝ ਵੀ ਖ਼ਾਸ ਨਿਕਲ ਕੇ ਸਾਹਮਣੇ ਨਹੀਂ ਆਇਆ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਤਰ੍ਹਾਂ ਹੁਣ ਭਾਰਤੀ ਵੀ ਕਹਿਣ ਲੱਗ ਪਏ ਹਨ- 'ਭਾਰਤ ਪਹਿਲਾਂ'।

ਭਾਰਤੀ ਟੈਲੀਵਿਜ਼ਨ ਉੱਪਰ ਬਰਤਾਨੀਆ ਵਿੱਚ ਵਿਜੈ ਮਾਲਿਆ ਦੀ ਹਵਾਲਗੀ ਸਬੰਧੀ ਚੱਲ ਰਹੀ ਕਾਨੂੰਨੀ ਪ੍ਰਕਿਰਿਆ ਅਤੇ ਸਾਫਟਵੇਅਰ ਇੰਜਨੀਅਰਾਂ ਉੱਪਰ ਅਮਰੀਕਾ ਤੇ ਆਸਟਰੇਲੀਆ ਵੱਲੋਂ ਲਾਈਆਂ ਜਾ ਰਹੀਆਂ ਰੋਕਾਂ ਚਰਚਾ ਦਾ ਵਿਸ਼ਾ ਰਹੀਆਂ। ਅਮਰੀਕਾ ਦੇ ਦੌਰੇ ਉੱਪਰ ਗਏ ਭਾਰਤ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਉੱਥੋਂ ਦੇ ਵਣਜ ਮੰਤਰੀ



ਨਾਲ ਐਚ-1ਬੀ ਵੀਜ਼ੇ ਦਾ ਮੁੱਦਾ ਉਠਾਇਆ। ਇਨ੍ਹਾਂ ਦੋਵਾਂ ਮੁੱਦਿਆਂ ਤੋਂ ਇਲਾਵਾ ਯੂਰੋਪ ਤੇ ਇਰਾਨ ਦੀਆਂ ਚੋਣਾਂ ਉੱਪਰ ਤਿੱਖੀ ਨਜ਼ਰ ਰੱਖਣ ਦੀ ਲੋੜ ਹੈ। ਮਾਲਿਆ ਦੀ ਹਵਾਲਗੀ ਲਈ ਚੱਲ ਰਹੀ ਪ੍ਰਕਿਰਿਆ ਉੱਪਰ ਫ਼ੈਸਲੇ ਤੋਂ ਪਹਿਲਾਂ ਹੀ ਸਰਕਾਰ ਆਪਣੀ ਜਿੱਤ ਦਾ ਦਾਅਵਾ ਕਰ ਰਹੀ ਹੈ ਜਦੋਂਕਿ ਵਿਰੋਧੀ ਉਸ ਦੇ ਭਾਰਤ ਵਿੱਚੋਂ ਭੱਜ ਜਾਣ ਦੇਣ ਉੱਪਰ ਸਵਾਲ ਉਠਾ ਰਹੇ ਹਨ। ਭਾਰਤ ਨੂੰ ਹੁਣ ਤਕ ਆਪਣੇ ਭਗੌੜਿਆਂ ਦੀ ਬਰਤਾਨੀਆ ਵਿੱਚੋਂ ਹਵਾਲਗੀ ਲਈ ਸਫ਼ਲਤਾ ਨਹੀਂ ਮਿਲੀ ਜਦੋਂਕਿ ਆਸਾਂ ਅਜੇ ਵੀ ਬਹੁਤ ਹਨ। ਉਦਾਹਰਣ ਵਜੋਂ ਜਲ ਸੈਨਾ 'ਵਾਰ ਰੂਮ' ਦੀਆਂ ਜਾਣਕਾਰੀਆਂ ਲੀਕ ਕਰਨ ਦੇ ਮੁਲਜ਼ਮ ਰਵੀ ਸ਼ੰਕਰਨ ਇਹ ਦਲੀਲ ਮਨਾਉਣ ਵਿੱਚ ਸਫ਼ਲ ਹੋ ਗਏ ਕਿ ਭਾਰਤ ਦੀ ਨਿਆਂ ਪ੍ਰਕਿਰਿਆ ਵਲ-ਵਲੇਵਿਆਂ ਵਾਲੀ ਅਤੇ ਬਹੁਤ ਸੁਸਤ ਹੈ। ਉਨ੍ਹਾਂ ਦੀ 2014 ਦੌਰਾਨ ਬਰਤਾਨੀਆ ਵਿੱਚੋਂ ਹਵਾਲਗੀ ਮੰਗੀ ਗਈ ਸੀ ਜਦੋਂਕਿ 2006 ਤੋਂ ਮੁਕੱਦਮਾ ਚੱਲ ਹੀ ਨਹੀਂ ਰਿਹਾ ਸੀ। ਇਟਲੀ ਦੀ ਇੱਕ ਅਰਜ਼ੀ ਨੂੰ ਬਰਤਾਨਵੀ ਮੈਜਿਸਟਰੇਟ ਨੇ ਇਸ ਦਲੀਲ ਨਾਲ ਰੱਦ ਕਰ ਦਿੱਤਾ ਸੀ ਕਿ ਉੱਥੋਂ ਦੀਆਂ ਜੇਲ੍ਹਾਂ ਕੈਦੀਆਂ ਨਾਲ ਤੁੰਨੀਆਂ ਹੋਈਆਂ ਹਨ। ਸ਼ਾਇਦ ਸਭ ਤੋਂ ਵੱਧ ਨੁਕਸਾਨਦੇਹ ਸੁਪਰੀਮ ਕੋਰਟ ਵੱਲੋਂ 'ਸਹਾਰਾ ਗਰੁੱਪ' ਦੇ ਸੁਬ੍ਰੋਤੋ ਰਾਇ ਨੂੰ ਦੀਵਾਨੀ ਮਾਮਲੇ ਵਿੱਚ ਮਾਣਹਾਨੀ ਦੇ ਦੋਸ਼ ਹੇਠ ਜੇਲ੍ਹ ਵਿੱਚ ਰੱਖਣਾ ਹੈ।

ਖ਼ੈਰ, ਵਧਾਈ ਦੇਣਾ ਬਹੁਤ ਅਗਾਊਂ ਗੱਲ ਹੋਵੇਗੀ। ਭਾਰਤੀ ਏਜੰਸੀਆਂ ਨੂੰ ਕਾਲੇ ਧਨ ਨੂੰ ਚਿੱਟਾ ਬਣਾਉਣ ਤੇ ਧੋਖਾਧੜੀ ਦੇ ਦੋਸ਼ ਸਾਬਤ ਕਰਨੇ ਪੈਣਗੇ। ਮਾੜੇ ਕਾਰੋਬਾਰੀ ਫ਼ੈਸਲੇ ਲੈਣੇ ਅਤੇ ਜ਼ੋਖਿਮ ਵਾਲੇ ਕਰਜ਼ੇ ਜ਼ਰੂਰੀ ਨਹੀਂ ਕਿ ਧੋਖਾਧੜੀ ਦੇ ਮਾਮਲੇ ਬਣਦੇ ਹੋਣ। ਮਾਲਿਆ ਦੇ ਵਕੀਲ ਬਿਨਾਂ ਸ਼ੱਕ ਇਸ ਉੱਪਰ ਸਵਾਲ ਉਠਾਉਣਗੇ। ਲੱਗਦਾ ਹੈ ਕਿ ਸਰਕਾਰ ਲੋਕਾਂ ਨੂੰ ਖ਼ੁਸ਼ ਕਰਨ ਲਈ ਕਾਲੇ ਧਨ ਦੀ ਤਰਜ਼ ਉੱਪਰ ਮਾਲਿਆ ਖ਼ਿਲਾਫ ਚੱਲੇ ਅਜਿਹੀ ਪਹੁੰਚ ਹਵਾਲਗੀ ਲਈ ਬੇਨਤੀ ਨੂੰ ਮਹੱਤਵਹੀਣ ਬਣਾ ਦੇਵੇਗੀ।

ਫਰਾਂਸ ਦੀਆਂ ਚੋਣਾਂ ਦੇ ਨਤੀਜੇ ਮਹੱਤਵਪੂਰਨ ਹਨ ਕਿਉਂਕਿ ਵਰ੍ਹਿਆਂ ਤੋਂ ਇਹ ਭਾਰਤ ਲਈ ਰੱਖਿਆ ਸਾਜ਼ੋ-ਸਾਮਾਨ ਦਾ ਵੱਡਾ ਸਪਲਾਇਰ ਬਣਿਆ ਹੋਇਆ ਹੈ, ਜਿਸ ਕਾਰਨ ਬੀਤੇ ਸਮੇਂ ਵਿੱਚ ਰੂਸ ਤੇ ਹੁਣ ਅਮਰੀਕਾ ਉੱਪਰ ਵਧ ਰਹੀ ਬੇਲੋੜੀ ਨਿਰਭਰਤਾ ਘਟੇਗੀ ਤੇ ਸੰਤੁਲਨ ਬਣਿਆ ਰਹੇਗਾ। ਯੂਰੋਪੀਅਨ ਯੂਨੀਅਨ ਵਿੱਚ ਫਰਾਂਸ ਤੇ ਬਰਤਾਨੀਆ ਬਹੁਤ ਅਹਿਮ ਹਨ। ਇਹ ਭਵਿੱਖ ਦੀ ਦੁਨੀਆ ਦੇ ਇੱਕ ਧੁਰੇ ਵਜੋਂ ਉੱਭਰ ਸਕਦੇ ਹਨ ਬਸ਼ਰਤੇ ਕਿ ਇਹ ਇਕੱਠੇ ਰਹਿਣ। ਭਾਰਤ ਨਹੀਂ ਚਾਹੁੰਦਾ ਕਿ ਦੁਨੀਆ ਦੋ-ਧਰੁਵੀ ਬਣੇ, ਜਿਸ ਵਿੱਚ ਅਮਰੀਕਾ ਤੇ ਚੀਨ ਛਾਏ ਹੋਣ। ਮੇਰੀਨ ਲੀ ਪੈੱਨ ਯੂਰਪੀਨ ਯੂਨੀਅਨ ਦੀ ਹੋਂਦ ਖ਼ਿਲਾਫ ਅਤੇ ਟਰੰਪ ਦੀ ਤਰਜ਼ 'ਤੇ ਸੁਧਾਰ ਚਾਹੁੰਦੀ ਹੈ ਜਦੋਂਕਿ ਇਮੈਨੁਏਲ ਮੈਕਰੌਨ ਮੌਜੂਦਾ ਸੰਸਥਾਵਾਂ ਅਤੇ ਯੂਰੋਪੀਅਨ ਯੂਨੀਅਨ ਨਾਲ ਮਿਲ ਕੇ ਚੱਲੇਗਾ।

ਇਰਾਨ ਵਿੱਚੋਂ ਰਾਸ਼ਟਰਪਤੀ ਚੋਣ ਲਈ ਗਾਰਡੀਅਨ'ਜ਼ ਕੌਂਸਲ ਇਛੁੱਕ ਉਮੀਦਵਾਰਾਂ ਦੀ ਛਾਂਟੀ ਕਰਦੀ ਹੈ। ਲੋਕਾਂ ਨੂੰ ਇਨ੍ਹਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਦਾ ਹੱਕ ਹੈ। ਸਾਬਕਾ ਰਾਸ਼ਟਰਪਤੀ ਤੇ ਕਿਸੇ ਸਮੇਂ ਸੁਪਰੀਮ ਆਗੂ ਦੇ ਚਹੇਤਾ ਰਹੇ ਅਹਿਮਦੀਨੇਜਾਦ ਬਗ਼ੈਰ ਹੋ ਰਹੀ ਇਹ ਚੋਣ ਦਰਸਾਉਂਦੀ ਹੈ ਕਿ ਇਰਾਨ ਨਹੀਂ ਚਾਹੁੰਦਾ ਕਿ ਉਸ ਸਮੇਂ ਦੇਸ਼ ਦੀ ਅਗਵਾਈ ਕੋਈ ਬੇਮੁਹਾਰਾ ਆਗੂ ਕਰੇ ਜਦੋਂ ਅਮਰੀਕਾ ਦਾ ਰਾਸ਼ਟਰਪਤੀ ਪਰਮਾਣੂ ਸੰਧੀ ਰੱਦ ਕਰਨ ਦੀ ਧਮਕੀ ਦੇ ਰਿਹਾ ਹੈ। ਮੌਜੂਦਾ ਰਾਸ਼ਟਰਪਤੀ ਹਸਨ ਰੂਹਾਨੀ ਦੀ ਲੋਕਪ੍ਰਿਅਤਾ ਦੀ ਪਰਖ਼, ਤਹਿਰਾਨ ਦੇ ਮੌਜੂਦਾ ਮੇਅਰ ਤੇ ਲੋਕਪ੍ਰਿਆ ਰੂੜੀਵਾਦੀ ਮੁਹੰਮਦ ਬਗਹਰ ਗ਼ਲੀਬਾਫ ਨਾਲ ਹੋਵੇਗੀ। ਉਹ ਲੋਕਾਂ ਦੇ ਰੋਸ ਪ੍ਰਦਰਸ਼ਨਾਂ ਨੂੰ ਕਾਬੂ ਕਰਨ ਅਤੇ ਫਤਵੇ ਲਾਗੂ ਕਰਵਾਉਣ ਵਾਲੇ ਨੀਮ ਫ਼ੌਜੀ ਬਲਾਂ 'ਬਾਸਿਜ' ਦਾ ਉਪ ਕਮਾਂਡਰ ਅਤੇ ਆਈਆਰਜੀਸੀ ਹਵਾਈ ਫ਼ੌਜ ਦਾ ਮੁਖੀ ਹੈ। ਜਦੋਂ ਤਕ ਟਰੰਪ ਵਿਰਾਮ ਰਾਗ ਦੀ ਸੁਰ ਮੱਧਮ ਨਹੀਂ ਕਰਦੇ, ਉਦੋਂ ਤਕ ਇਰਾਨੀ ਰੂੜੀਵਾਦੀ ਤਾਕਤਾਂ ਗ਼ਲੀਬਾਫ਼ ਦੀ ਪਿੱਠ ਉੱਪਰ ਖੜ੍ਹੀਆਂ ਰਹਿਣਗੀਆਂ।

ਭਾਰਤ-ਇਰਾਨ ਸਬੰਧਾਂ ਵਿੱਚ ਤਲਖ਼ੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਦਿਨਾਂ ਵਿੱਚ ਇਸਰਾਈਲ ਯਾਤਰਾ ਇਰਾਨ ਦੀਆਂ ਚਿੰਤਾਵਾਂ ਵਧਾਏਗੀ। ਕੁਲਭੂਸ਼ਨ ਜਾਧਵ ਮਾਮਲੇ 'ਤੇ ਇਰਾਨ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਹਾਲਾਂਕਿ ਉਹ ਜ਼ਰੂਰ ਜਾਣਦਾ ਹੋਵੇਗਾ ਕਿ ਜਾਧਵ ਨੂੰ ਇਰਾਨ ਵਿੱਚੋਂ ਅਗਵਾ ਕਰਕੇ ਲਿਜਾਇਆ ਗਿਆ ਜਿਵੇਂ ਭਾਰਤ ਦਾਅਵਾ ਕਰ ਰਿਹਾ ਹੈ। ਚਾਹਬਹਾਰ ਪ੍ਰਾਜੈਕਟ ਲਮਕ ਗਿਆ ਹੈ ਕਿਉਂਕਿ ਇਰਾਨ ਇਸ ਨੂੰ 'ਸੀਪੀਈਸੀ' ਨਾਲ ਜੋੜਨ ਉੱਪਰ ਮੁੜ ਵਿਚਾਰ ਕਰ ਰਿਹਾ ਹੈ। ਜੇ ਇਹ ਨੇਪਰੇ ਨਹੀਂ ਚੜ੍ਹਦਾ ਤਾਂ ਪਾਕਿਸਤਾਨ ਦੀ ਗਵਾਦਰ ਬੰਦਰਗਾਹ ਉੱਪਰ ਚੀਨ ਦੇ ਪ੍ਰਭਾਵ ਨਾਲ ਸੰਤੁਲਨ ਬਣਾਉਣ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ ਨੂੰ ਧੱਕਾ ਪਹੁੰਚੇਗਾ।

ਰੂਹਾਨੀ ਦੇ ਬਣੇ ਰਹਿਣ ਨਾਲ ਅਮਰੀਕਾ ਤੇ ਇਰਾਨ ਦੇ ਸਬੰਧਾਂ ਵਿੱਚ ਸਥਿਰਤਾ ਰਹਿਣ ਦੇ ਆਸਾਰ ਹਨ। ਜਦੋਂਕਿ ਗ਼ਲੀਬਾਫ ਟਕਰਾਅ ਦਾ ਰੁਖ਼ ਅਖ਼ਤਿਆਰ ਕਰ ਸਕਦਾ ਹੈ।

ਸਾਰੀ ਕੂਟਨੀਤੀ ਘਰੇਲੂ ਰਾਜਨੀਤੀ ਦੀ ਘਟਕ ਹੈ। ਹਿੰਦੂਤਵ ਏਜੰਡੇ ਦਾ ਉਭਾਰ, ਕਸ਼ਮੀਰ ਪ੍ਰਤੀ ਟਕਰਾਅ ਵਾਲੀ ਪਹੁੰਚ ਅਤੇ ਚੀਨ ਦੀ ਤਿਆਰੀ ਦੀ ਪਰਖ, ਜਪਾਨ ਦੀ ਹਰਮਨਪਿਆਰੀ ਵੀਡੀਓ ਗੇਮਜ਼ ਸੀਰੀਜ਼ 'ਅਨਚਾਰਟਡ ਵਾਟਰਜ਼' ਵਰਗੀ ਕੂਟਨੀਤੀ ਦਾ ਪ੍ਰਭਾਵ ਛੱਡਦੀ ਹੈ। ਪੰਕਜ ਮਿਸ਼ਰਾ ਨੇ ਮੋਦੀ ਨੂੰ ਸ਼ਕਤੀਸ਼ਾਲੀ ਵਿਅਕਤੀ ਦੀ ਸਫ਼ਲਤਾ ਤੇ ਉਭਾਰ ਦਾ ਕਲਪਿਤ ਚਿੱਤਰ ਸਿਰਜਿਆ ਹੈ ਜਿਹੜਾ ਪੁਰਾਣੇ ਜ਼ਖ਼ਮਾਂ ਉਪਰ ਮੱਲ੍ਹਮ ਲਾਏਗਾ ਅਤੇ ਦੁਨੀਆ ਨੂੰ ਭਾਰਤ ਦੀ ਤਾਕਤ ਮਨਾਏਗਾ। ਇਹ ਦਰਸਾਉਣ ਲਈ 'ਏਜ ਆਫ ਐਂਗਰ' ਰਾਹੀਂ ਉਨ੍ਹਾਂ ਇਤਿਹਾਸ ਯਾਦ ਕਰਾਇਆ ਹੈ, ਭਾਰਤ ਦੀ ਮਹਾਨਤਾ ਨੂੰ ਇੱਕ ਭਗੌੜੇ ਦੀ ਹਵਾਲਗੀ ਜਾਂ ਐਚ-1ਬੀ ਵੀਜ਼ਾ ਬਾਰੇ ਕੁਝ ਰਾਹਤ ਨਾਲੋਂ ਕਾਫ਼ੀ ਕੁਝ ਵੱਧ ਦੀ ਲੋੜ ਹੈ। ਗਾਂਧੀ ਤੇ ਸਾਵਰਕਰ ਵਿਚਕਾਰ ਵਿਚਾਰਾਂ ਦੀ ਜੰਗ ਦੇ ਢੁੱਕਵੇਂ ਸਮਾਧਾਨ ਦੀ ਲੋੜ ਹੈ। ਕੀ ਮੋਦੀ ਇਹ ਕਰ ਪਾਏਗਾ, ਨਾਲ ਇਤਿਹਾਸ ਵਿੱਚ ਉਨ੍ਹਾਂ ਅਤੇ ਭਾਰਤ ਦਾ ਸਥਾਨ ਨਿਸ਼ਚਿਤ ਹੋਵੇਗਾ।

**(ਲੇਖਕ ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।)**

## ਯੂਪੀ 'ਚ ਸਕੂਲੀ ਬੱਚਿਆਂ ਨੂੰ 'ਯੋਗੀ ਹੇਅਰ ਕੱਟ' ਦਾ ਚਾੜ੍ਹਿਆ ਫ਼ਰਮਾਨ

**ਲਖਨਊ/ਬਿਊਰੋ ਨਿਊਜ਼ :** ਉੱਤਰ ਪ੍ਰਦੇਸ਼ ਦੇ ਮੇਰਠ ਸ਼ਹਿਰ ਵਿਚ ਪੈਂਦੇ ਰਿਸ਼ਭ ਅਕੈਡਮੀ ਸਕੂਲ ਨੇ ਬੱਚਿਆਂ ਨੂੰ 'ਯੋਗੀ ਹੇਅਰ ਕੱਟ' ਕਰਾਉਣ ਦਾ ਫਰਮਾਨ ਚਾੜ੍ਹ ਦਿੱਤਾ ਜਿਸ ਤੋਂ ਖ਼ਫ਼ਾ ਮਾਪਿਆਂ ਨੇ ਇਸ ਦਾ ਵਿਰੋਧ ਕੀਤਾ। ਮਾਪਿਆਂ ਦਾ ਕਹਿਣਾ ਹੈ ਕਿ ਸਕੂਲ ਨੇ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਸਿਰ ਦੇ ਵਾਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ



ਆਦਿੱਤਿਆਨਾਥ ਵਾਂਗ ਛੋਟੇ ਨਾ ਕਰਵਾ ਕੇ ਆਏ ਤਾਂ ਉਨ੍ਹਾਂ ਨੂੰ ਸਕੂਲ ਵਿਚ ਬੈਠਣ ਨਹੀਂ ਦਿੱਤਾ ਜਾਵੇਗਾ। ਜਿਵੇਂ ਹੀ ਇਹ ਖ਼ਬਰ ਫੈਲੀ ਤਾਂ ਗੁੱਸੇ ਵਿਚ ਆਏ ਦਰਜਨਾਂ ਮਾਪੇ ਸਕੂਲ ਪਹੁੰਚ ਗਏ ਅਤੇ ਇਸ ਦਾ ਵਿਰੋਧ ਕਰਨ ਲੱਗ ਪਏ। ਪੁਲੀਸ ਦੇ ਦਖ਼ਲ ਨਾਲ ਗੁੱਸੇ ਵਿਚ ਆਏ ਮਾਪਿਆਂ ਨੂੰ ਸ਼ਾਂਤ ਕੀਤਾ ਗਿਆ ਅਤੇ ਬੱਚਿਆਂ ਨੂੰ ਸਕੂਲ ਅੰਦਰ ਦਾਖ਼ਲ ਹੋਣ ਦੀ ਇਜਾਜ਼ਤ ਮਿਲੀ। ਵਿਦਿਆਰਥੀਆਂ ਨੇ ਸਕੂਲ ਪ੍ਰਬੰਧਕਾਂ 'ਤੇ ਇਹ ਵੀ ਦੋਸ਼ ਲਾਇਆ ਕਿ ਉਨ੍ਹਾਂ ਅੱਧੀ ਛੁੱਟੀ ਸਮੇਂ ਮਾਸਾਹਾਰੀ ਭੋਜਨ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਪ੍ਰਬੰਧਕਾਂ ਨੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਸਕੱਤਰ ਰਣਜੀਤ ਜੈਨ ਨੇ ਵਿਦਿਆਰਥੀਆਂ ਨੂੰ ਸਿਰਫ਼ ਏਨਾ ਕਿਹਾ ਸੀ ਕਿ ਉਹ ਸਕੂਲ ਵਿਚ ਪੂਰੀ ਵਰਦੀ ਅਤੇ ਢੁੱਕਵਾਂ ਹੇਅਰ ਕੱਟ ਕਰਵਾ ਕੇ ਆਉਣ। ਪ੍ਰਬੰਧਕਾਂ ਨੇ ਕਿਹਾ ਕਿ ਬੱਚਿਆਂ ਵਿਚ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨ ਲਈ ਇਹ ਵਿਚਾਰ ਦਿੱਤੇ ਗਏ ਸਨ। ਮਾਸਾਹਾਰੀ ਭੋਜਨ 'ਤੇ ਪਾਬੰਦੀ ਬਾਰੇ ਉਨ੍ਹਾਂ ਕਿਹਾ ਕਿ ਸਕੂਲ ਜ਼ਰੂਰ ਇਸ ਦੀ ਹਮਾਇਤ ਕਰਦਾ ਹੈ ਪਰ ਮੰਦਭਾਗੀ ਗੱਲ ਹੈ ਕਿ ਮਾਮੂਲੀ ਜਿਹੇ ਮੁੱਦੇ ਨੂੰ ਫਿਰਕੂ ਰੰਗਤ ਦਿੱਤੀ ਜਾ ਰਹੀ ਹੈ।

## ਦਰਿਆਈ ਪਾਣੀ ਦੇ ਮਸਲੇ 'ਤੇ ਮੋਦੀ ਸਰਕਾਰ ਨੇ ਹਰਿਆਣਾ ਦਾ ਸਾਥ ਦੇਣ ਦੇ ਦਿੱਤੇ ਸੰਕੇਤ

### ਕੇਂਦਰੀ ਮੰਤਰੀ ਵੈਂਕਈਆ ਨਾਇਡੂ ਨੇ ਪਾਣੀ ਨੂੰ ਦੱਸਿਆ ਸਭ ਦੀ ਲੋੜ

**ਚੰਡੀਗੜ੍ਹ/ਬਿਊਰੋ ਨਿਊਜ਼ :**

ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਸ਼ਹਿਰੀ ਵਿਕਾਸ ਮੰਤਰੀ ਵੈਂਕਈਆ ਨਾਇਡੂ ਨੇ ਕਿਹਾ ਹੈ ਕਿ ਸਤਲੁਜ ਯੁਮਨਾ ਲਿੰਕ ਨਹਿਰ ਦੋ ਰਾਜਾਂ ਦਾ ਆਪਸੀ ਮਾਮਲਾ ਹੈ ਅਤੇ ਇਸ ਨੂੰ ਸਿਆਸੀ ਤੌਰ 'ਤੇ ਹੱਲ ਨਹੀਂ ਕੀਤਾ ਜਾ ਸਕਦਾ ਹੈ। ਉਨਾਂ ਕਿਹਾ ਕਿ ਹਰਿਆਣਾ ਨੂੰ ਪਾਣੀ ਦਿਵਾਉਣ ਵਿਚ ਮਦਦ ਜ਼ਰੂਰ ਕੀਤੀ ਜਾਵੇਗੀ। ਉਹ ਹਰਿਆਣਾ ਦੇ ਵਿਕਾਸ ਲਈ ਸ਼ੁਰੂ ਕੀਤੀਆਂ ਜਾਣ ਵਾਲੀਆਂ ਨਵੀਆਂ ਸਕੀਮਾਂ ਬਾਰੇ ਮੁੱਖ ਮੰਤਰੀ ਸਮੇਤ ਦੂਜੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਇੱਥੇ ਆਏ ਸਨ। ਮੀਡੀਆ ਨਾਲ ਗੱਲਬਾਤ ਕਰਨ ਤੋਂ ਬਾਅਦ ਉਨਾਂ ਵੱਖਰੇ ਤੌਰ 'ਤੇ ਐਸਵਾਈਐਲ ਬਾਰੇ ਖੁਲ ਕੇ ਗੱਲ ਕਰਨ ਤੋਂ ਸੰਕੋਚ ਕੀਤਾ ਪਰ ਉਹ ਸੰਖੇਪ ਵਿੱਚ ਹੀ ਪਾਣੀਆਂ ਦੇ ਮੁੱਦੇ 'ਤੇ ਹਰਿਆਣਾ ਦੀ ਪਿੱਠ 'ਤੇ ਖੜਨ ਦਾ ਇਸ਼ਾਰਾ ਕਰ ਗਏ। ਉਨਾਂ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨਵਾਂ ਭਾਰਤ ਸਿਰਜਣ ਲਈ ਉਲੀਕੇ ਜਾ ਰਹੇ ਪ੍ਰੋਗਰਾਮਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਵਿਰੋਧੀ ਧਿਰ ਨੂੰ ਹਾਂ-ਪੱਖੀ ਪਹੁੰਚ ਅਪਨਾਉਣ ਦੀ ਸਲਾਹ ਦਿੱਤੀ। ਉਨਾਂ ਗਿਲਾ ਕੀਤਾ ਕਿ ਵਿਰੋਧੀ ਧਿਰ ਜੰਮੂ-ਕਸ਼ਮੀਰ ਜਿਹੇ ਨਾਜ਼ੁਕ



ਮਾਮਲੇ 'ਤੇ ਵੀ ਸਿਆਸੀ ਲਾਹਾ ਲੈਣ ਦੀ ਤਾਕ ਵਿੱਚ ਹੈ। ਸ੍ਰੀ ਨਾਇਡੂ ਦਾ ਮੰਨਣਾ ਹੈ ਕਿ ਜੰਮੂ ਕਸ਼ਮੀਰ ਦੀ ਲੜਾਈ ਜਨਤਾ ਅਤੇ ਵਿਰੋਧੀ ਧਿਰ ਨਾਲ ਰਲ ਕੇ ਹੀ ਸਫ਼ਲਤਾਪੂਰਬਕ ਤਰੀਕੇ ਨਾਲ ਲੜੀ ਜਾ ਸਕਦੀ ਹੈ। ਉਨਾਂ ਦਾਅਵਾ ਕੀਤਾ ਕਿ ਮੋਦੀ ਸਰਕਾਰ ਬਗੈਰ ਕਿਸੇ ਭੇਦ-ਭਾਵ ਦੇ ਸਾਰੇ ਸੂਬਿਆਂ ਦੀ ਦਿਲ ਖੋਲ ਕੇ ਵਿੱਤੀ ਮਦਦ ਕਰੇਗੀ। ਉਨਾਂ ਦੱਸਿਆ ਕਿ ਅਗਲੇ ਮਹੀਨੇ ਉਹ ਪੰਜਾਬ ਨੂੰ ਦਿੱਤੇ ਜਾਣ ਵਾਲੇ ਵਿਕਾਸ ਪ੍ਰਾਜੈਕਟਾਂ ਦਾ ਐਲਾਨ ਕਰਨ ਲਈ ਇਥੇ ਦੁਬਾਰਾ ਆਉਣਗੇ। ਉਨਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਬਿਹਤਰ ਕਾਰਗੁਜ਼ਾਰੀ ਵਾਲੇ ਰਾਜਾਂ ਵਾਸਤੇ 20 ਫ਼ੀਸਦ ਰਕਮ ਅੱਡ ਰੱਖੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਹਰਿਆਣਾ ਨੇ 8.97 ਲੱਖ ਘਰ ਬਣਾਉਣ ਦੀ ਮੰਗ ਰੱਖੀ ਹੈ ਪਰ ਉਨਾਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਦੁਬਾਰਾ ਤੋਂ ਸੋਧੀ ਅਤੇ ਵਧਾ ਕੇ ਸੂਚੀ ਦੇਣ ਦੀ ਪੇਸ਼ਕਸ਼ ਕੀਤੀ ਹੈ। ਕੇਂਦਰ ਸਰਕਾਰ ਹਰਿਆਣਾ ਵਿੱਚ ਰੀਅਲ ਅਸਟੇਟ ਰੈਗੂਲੇਸ਼ਨਜ਼ ਐਕਟ ਨੂੰ ਅੰਤਿਮ ਰੂਪ ਦੇਣ ਦੇ ਨੇੜੇ ਪੁੱਜ ਗਈ ਹੈ। ਉਨਾਂ 44448 ਕਰੋੜ ਰੁਪਏ ਨਾਲ ਰਾਜ ਵਿਚ ਸ਼ੁਰੂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਦਾ ਐਲਾਨ ਵੀ ਕੀਤਾ। ਕੇਂਦਰ ਸਰਕਾਰ ਨੇ ਸਵੱਛ ਭਾਰਤ ਮਿਸ਼ਨ ਤਹਿਤ ਹਰਿਆਣਾ ਦੇ 11 ਸ਼ਹਿਰਾਂ ਨੂੰ ਚੁਣਿਆ ਹੈ ਅਤੇ ਸਮਾਰਟ ਸਿਟੀ ਵਾਸਤੇ ਵੀ ਦਿਲ ਖੋਲ ਕੇ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਸਥਾਨਕ ਸਰਕਾਰਾਂ ਬਾਰੇ ਮੰਤਰੀ ਕਵਿਤਾ ਜੈਨ ਵੀ ਹਾਜ਼ਰ ਸਨ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। ।ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

## ਜਿੰਨੇ ਕੰਕਰ ਉੱਨੇ ਥੱਪੜ

**ਲਹੌਰ -**

ਮਲਕਾ ਵਿਕਟੋਰੀਆ ਦੇ ਬੁੱਤ ਕੋਲ ਰਹਿੰਦੇ ਹਾਂ ਅਸੀਂ - ਸਰਕਾਰੀ ਘਰਾਂ ਵਿਚ (ਵੰਡ ਤੋਂ ਪਹਿਲਾਂ)। ਨੀਵੀਂ ਜਿਹੀ ਥਾਂ ਹੈ ਇਹ - ਲਗਦਾ ਹੈ ਜਿਵੇਂ ਬਹੁਤ ਪਹਿਲਾਂ ਕਿਤੇ ਇੱਥੇ - ਇੱਟਾਂ ਦਾ ਭੱਠਾ ਹੋਵੇ।

ਸਰਦੀਆਂ ਸਰਦੀਆਂ - ਇੱਥੇ ਗਰਮੀਆਂ ਸ਼ੁਰੂ ਹੁੰਦੇ ਹੀ ਸ਼ਿਮਲੇ (ਗਰਮੀਆਂ ਦੀ ਰਾਜਧਾਨੀ) ਚਲੇ ਜਾਂਦੇ ਹਾਂ ਅਸੀਂ - ਮਨਿਸਟਰੀ ਦੇ ਨਾਲ - ਇੰਨ੍ਹੀ ਦਿਨੀਂ ਭਾਪਾ ਜੀ ਆਨਰੇਬਲ ਬਲਦੇਵ ਸਿੰਘ ਜੀ ਹੋਰਾਂ ਨਾਲ ਕੰਮ ਕਰਦੇ ਹਨ।

ਇੱਥੇ ਸਾਡੇ ਘਰਾਂ ਦੀਆਂ ਦੋ ਲਾਈਨਾਂ ਹਨ - ਬਰਾਬਰ ਬਰਾਬਰ। ਸਾਡੀ ਲਾਈਨ ਵਿਚ ਸਾਡੇ ਨਾਲ ਵਾਲਾ ਘਰ ਸਰਦਾਰ ਦਲੀਪ ਸਿੰਘ ਦਾ ਹੈ ਜੋ ਭਾਪਾ ਜੀ ਨਾਲ ਹੀ ਕੰਮ ਕਰਦੇ ਹਨ - ਗੰਗਾ ਨਗਰ ਵਾਲੇ ਪਾਸੇ ਦੇ - 'ਡੱਬਆਲੀ' ਪਿੰਡ ਦੇ - ਇਨ੍ਹਾਂ ਦਾ ਕੋਈ ਬੱਚਾ ਨਹੀਂ ਹੈ।

ਪਰ੍ਹਾਂ ਨਾਲ ਨੱਥੂ ਰਾਮ (ਪਹਾੜੀਆ) ਰਹਿੰਦਾ ਹੈ। ਉਨ੍ਹਾਂ ਦੀ ਇਕ ਧੀ ਹੈ - ਮੈਥੋਂ ਛੋਟੀ, ਸਿੰਦਰ ਮੋਹਣ ਦੇ ਹਾਣ ਦੀ - ਨਿੱਕੀ ਜਿਹੀ ਗੀਂਢੀ ਜਿਹੀ - ਗੋਰੀ ਚਿੱਟੀ - ਚਾਪੜ ਜਿਹੇ ਮੂੰਹ ਵਾਲੀ - ਨਿਰੀ 'ਸ਼ਿਕਾਇਤੀ-ਟੱਟੂ'। ਪਿਤਾ ਨੇ ਜ਼ਰਾ ਝਿੜਕਿਆ ਨਹੀਂ ਮਾਂ ਕੋਲ ਸ਼ਿਕਾਇਤ "ਮਾਤਾ...ਪਿਤਾ ਮਾਰਦਾ ਆ..." ਮਾਂ ਨੇ ਕੁਝ ਕਿਹਾ ਨਹੀਂ "ਪਿਤਾ ਮਾਤਾ ਮਾਰਦੀ ਆ..." ਖੇਡਦੇ ਖੇਡਦੇ ਜ਼ਰਾ ਕੁ ਕਿਸੇ ਨੇ ਕੁਝ ਕਿਹਾ ਨੀ ਨੱਠ ਜਾਂਦੀ ਰੋਂਦੀ ਰੋਂਦੀ ਘਰੇ। ਤੇ ਅਸੀਂ ਉਹਦੀ ਸਾਂਗ ਲਾ ਲਾ ਹੱਸਦੇ ਰਹਿੰਦੇ ਸਾਰੇ ਨਿਆਣੇ - ਉਹਦੇ ਬੋਲ ਗਾ ਗਾ, ਦੂਹਰਾ - ਦੂਹਰਾ - ਉਹਨੂੰ ਖਿਝਾਉਂਦੇ ਵੀ ਹਾਂ ਤੇ ਖੁਸ਼ ਤਾਂ ਕੀ - ਖਲੋਲ ਵੀ ਹੁੰਦੇ ਹਾਂ ਸਦਾ।



ਬਰਾਬਰ ਵਾਲੀ ਦੂਸਰੀ ਲਾਈਨ ਵਿਚ ਰਹਿੰਦੀਆਂ ਹਨ - ਰਜ਼ੀਆ, ਮੁਨਫ਼ੀਆ ਦੋ - ਭੈਣਾਂ - ਰਜ਼ੀਆ ਵੱਡੀ ਹੈ ਤੇ ਮੁਨਫ਼ੀਆ ਮੇਰੀ ਹਾਨਣ - 'ਗੁੱਡੀ ਪਟੋਲੇ' ਤੇ 'ਘਰ ਘਰ' ਅਸੀਂ ਰਲ ਕੇ ਖੇਡਦੀਆਂ ਹਾਂ ਰਜ਼ੀਆ ਦੇ ਅੱਬਾ ਇਨ੍ਹੀਂ ਦਿਨੀਂ ਐਜੂਕੇਸ਼ਨ ਮਨਿਸਟਰ ਆਨਰੇਬਲ ਮੁਹੰਮਦ ਮੀਆਂ ਅਬਦੁਲ ਹੀਂ ਨਾਲ ਕੰਮ ਕਰਦੇ ਹਨ।

ਇੱਥੇ ਸਾਡੇ ਘਰ ਬਹੁਤ ਵੱਡੇ ਨਹੀਂ ਹਨ - ਇਕੋ ਵੱਡਾ ਸਾਰਾ ਕਮਰਾ ਹੈ ਮੂਹਰੇ ਇਕ ਵਰਾਂਡਾ ਨੁਮਾ ਰਸੋਈ - ਵਿਹੜਾ - ਤੇ ਵਿਹੜੇ ਦੀ ਨੁੱਕਰ ਵਿਚ ਹੀ ਇਕ ਪਾਸੇ ਹੈ ਇਕ ਗੁਸਲਖ਼ਾਨਾ। ਘਰ ਦਾ ਗੰਦਾ ਪਾਣੀ ਬਾਹਰ ਗਲੀ ਵਿਚ ਦੋ ਦੋ ਘਰਾਂ ਦੀ ਬਣੀ ਸਾਂਝੀ 'ਹੌਦੀ' ਵਿਚ ਡਿੱਗਦਾ ਹੈ ਜੋ ਅਕਸਰ ਆਪ ਹੀ ਬਾਹਰ ਪਾਣੀ ਖਿਡਾ ਖਿਡਾ ਕੇ ਸਾਫ਼ ਕਰਨੀ ਪੈਂਦੀ ਹੈ। ਉਂਜ ਗਲੀ ਵਿਚਕਾਰ ਤੋਂ ਇੱਟਾਂ ਦੀ ਪੱਕੀ ਬਣੀ ਹੋਈ ਹੈ ਤੇ ਆਸ ਪਾਸ ਤੋਂ ਕੱਚੀ।

ਗਲੀ ਸਾਫ਼ ਕਰਨ ਲਈ ਇਕ ਸਰਕਾਰੀ ਜਮਾਂਦਾਰ ਵੀ ਆਉਂਦਾ ਹੈ ਤੇ ਕਦੀ ਕਦੀ ਇਕ 'ਮਾਛਕੀ' ਵੀ - ਜੋ ਸਰਕਾਰੀ ਨਲਕੇ ਤੋਂ ਪਾਣੀ ਭਰ ਛਿੜਕਾਅ ਕਰਦਾ ਹੈ। ਉਸ ਨੂੰ ਛਿੜਕਾਅ ਕਰਦੇ ਨੂੰ ਵੇਖਣ ਲਈ ਅਸੀਂ ਨਿਆਣੇ ਮੂਕ ਦਰਸ਼ਕ ਬਣ ਇਕ ਪਾਸੇ ਖਲੋ ਜਾਂਦੇ ਹਾਂ - ਸਭ ਕੁਝ ਭੁੱਲ ਕੇ - ਆਪਣੀਆਂ ਖੇਡਾਂ ਵਿਚੇ ਛੱਡ ਵਿਹਲੜਾਂ ਵਾਂਗ ਮੂਹਰੇ ਹੋ ਹੋ ਦੇਖਦੇ ਹਾਂ -



**ਨਾਨਾ ਜੀ, ਭਾਪਾ ਜੀ, ਨਾਨੀ ਜੀ ਤੇ ਦਿਆਲੋ ਮਾਸੀ**

ਇਹ ਨਜ਼ਾਰਾ - ਖਾਸ ਕਰ ਉਹਦੀ ਉੱਚੀ ਟੁੰਗੀ ਸਲਵਾਰ, ਅੱਧੀ ਕੁ ਭਿੱਜੀ ਕਮੀਜ਼ ਉਪਰ ਨੂੰ ਬਾਹਾਂ ਮੋੜ ਕੇ ਟੇਢਾ ਟੇਢਾ ਹੋ ਉਸ ਦਾ ਮੱਛਕ ਦੇ ਮੂੰਹ ਨੂੰ ਹੱਥ ਨਾਲ ਘੁੱਟ ਘੁੱਟ ਫੁਆਰਾ ਬਣਾ ਬਣਾ ਛਿੜਕਾਅ ਕਰਨਾ - ਇਕ ਸਿਰੇ ਤੋਂ ਦੂਜੇ ਸਿਰੇ ਤੱਕ।

ਸਾਡੇ ਘਰਾਂ ਦੇ ਸਾਹਮਣੇ ਇਕ ਵੱਡੀ ਵਸੋਂ ਹੈ। ਉੱਚੀ ਜਿਹੀ ਥਾਂ 'ਤੇ - ਸੰਘਣੀ - ਵਿਚ ਵਿਚ ਚੁਬਾਰਿਆਂ ਵਾਲੇ ਘਰ ਵੀ ਹਨ ਦੋ ਦੋ ਮੰਜ਼ਲੇ ਪਰ ਉਨ੍ਹਾਂ ਸਾਰੇ ਘਰਾਂ ਦੀ ਸਾਡੇ ਘਰਾਂ ਵੱਲ ਪਿੱਠ ਹੈ, ਜਿਸ ਕਰਕੇ ਇਹ ਵਸੋਂ ਮੂਲੋਂ ਵੱਖਰੀ ਹੋ ਜਾਂਦੀ ਹੈ ਤੇ ਇਸ ਤੋਂ ਕਾਫ਼ੀ ਦੂਰ ਪਰ੍ਹਾਂ ਹੈ ਕ੍ਰਿਸ਼ਨਾ ਨਗਰ - ਹਿੰਦੂਆਂ ਦੀ ਆਬਾਦੀ ਦਾ ਇਕ ਵੱਡਾ ਗੜ੍ਹ ਤੇ ਸਿਵਲ ਸੈਕਟਰੀਏਟ ਵੀ ਇਸੇ ਪਾਸੇ ਹੈ।

ਸਾਡੇ ਘਰਾਂ ਦੇ ਪਿਛਲੇ ਪਾਸੇ ਇਕ ਬਹੁਤ ਵੱਡੀ ਗਰਾਊਂਡ ਹੈ - ਗਰਾਊਂਡ ਦੇ ਵਿਚੋਂ ਵਿਚ ਇਕ ਕੱਚਾ ਰਾਹ ਜਾਂਦਾ ਹੈ ਜੋ ਅੱਗੇ ਵੱਡੀ ਪੱਕੀ ਸੜਕ 'ਮਾਲ ਰੋਡ' ਨਾਲ ਜਾ ਮਿਲਦਾ ਹੈ।

ਇਕ ਦਿਨ ਇਸੇ ਗਰਾਊਂਡ ਵਿਚ ਖੇਡ ਰਹੇ ਹਾਂ ਅਸੀਂ ਸਾਰੇ ਨਿਆਣੇ ਇਕੱਠੇ ਹੋਈ - ਰੋਜ਼ ਵਾਂਗ! ਇਕ ਟਾਂਗਾ ਆਉਂਦਾ ਹੈ - ਸਵਾਰੀਆਂ ਛੱਡਣ - ਸਵਾਰੀਆਂ ਲਾਹ - ਟਾਂਗਾ ਇਕ ਪਾਸੇ ਖੜ੍ਹਾ ਕਰ ਚਾਲਕ ਪਤਾ ਨਹੀਂ ਕਿੱਥੇ ਚਲਾ ਜਾਂਦਾ ਹੈ - ਤੇ ਅਸੀਂ ਨਿਆਣੇ ਖ਼ਬਰਨੀ ਕਿਵੇਂ ਸਾਰੇ ਹੀ ਟਾਂਗੇ 'ਤੇ ਖੜ੍ਹ ਜਾਂਦੇ ਹਾਂ - ਫੇਰ ਪਤਾ ਨਹੀਂ ਕੀ ਹੁੰਦਾ ਹੈ - ਟਾਂਗਾ ਤਾਂ ਹੁਣ ਸਰਪਟ ਦੌੜ ਰਿਹਾ ਹੈ ਗਰਾਊਂਡ ਵਿਚ ਚਾਰੇ ਪਾਸੇ - ਸਭ ਨੇ ਚੀਖ - ਚਿਹਾੜਾ ਪਾ ਦਿੱਤਾ ਹੈ - ਨਿਆਣੇ ਤਾਂ ਕੜਾਹੀ ਵਿਚ ਭੁੱਜਦੇ ਦਾਣਿਆਂ ਦੀਆਂ ਖਿੱਲਾਂ ਵਾਂਗ ਉੱਲਰ ਉੱਲਰ ਪੈ ਰਹੇ ਹਨ - ਬਾਹਰ ਨੂੰ ਡਿੰਗੂ ਡਿੰਗੂ ਕਰਦੇ - ਮਸਾਂ ਕਿਤੇ ਨੱਠਿਆ ਨੱਠਿਆ ਆਉਂਦਾ ਹੈ ਟਾਗੇ ਵਾਲਾ - ਟਾਂਗਾ ਰੁਕਦਾ ਹੈ - ਤਾਂ ਕਿਤੇ ਆਉਂਦਾ ਹੈ ਸਾਡੇ ਸਾਹ ਵਿਚ ਸਾਹ ਪਰ ਇਸ ਤੋਂ ਬਾਅਦ ਜਦ ਵੀ ਕਦੀ ਕਿਤੇ ਟਾਂਗੇ 'ਤੇ ਜਾਣਾ ਹੁੰਦਾ ਮੇਰੀ ਤਾਂ ਜਾਨ ਹੀ ਨਿਕਲ ਜਾਂਦੀ ਤੇ ਉਦੋਂ ਵੀ ਜਦੋਂ ਹੁਣ ਕੋਈ ਟਾਂਗੇ ਦਾ ਨਾਮ ਹੀ ਲੈਂਦਾ ਹੈ।

ਇਸ ਗਰਾਊਂਡ ਦੇ ਇਕ ਪਾਸੇ ਕਰਕੇ - ਇਕ ਸਿਰੇ ਤੋਂ ਦੂਜੇ ਸਿਰੇ ਤੱਕ ਤਾਰਾਂ ਲੱਗੀਆਂ ਹੋਈਆਂ ਹਨ - ਜਿਨ੍ਹਾਂ ਦੇ ਨਾਲ ਨਾਲ ਪਰਲੇ ਪਾਸੇ ਜੰਗਲੀ ਕਿੱਕਰਾਂ ਤੇ ਸਰੀਂਹ ਦੇ ਰੁੱਖ ਲੱਗੇ ਹੋਏ ਹਨ - ਮੋਟੀਆਂ ਮੋਟੀਆਂ ਸਖ਼ਤ ਤੇ ਬੀਜਦਾਰ ਫਲੀਆਂ ਵਾਲੇ - ਤਾਰਾਂ ਤੋੜ - ਵਿਚੋਂ ਦੀ ਇਕ ਰਾਹ ਵੀ ਬਣਿਆ ਹੋਇਆ ਹੈ - ਪਰਲੇ ਪਾਸੇ ਜਾਣ ਲਈ ਦੂਸਰੀ ਵਸੋਂ ਵੱਲ - ਜਿੱਧਰ ਇੱਕਾ ਦੁੱਕਾ ਸਬਜ਼ੀ ਭਾਜੀ ਦੇ ਖੋਖੇ - ਕੱਚੀਆਂ ਦੁਕਾਨਾਂ ਤੇ ਰੇੜ੍ਹਆਂ ਲੱਗੀਆਂ ਰਹਿੰਦੀਆਂ ਹਨ।

ਮਾਲ ਰੋਡ ਵਾਲੇ ਪਾਸੇ ਵੀ ਗਰਾਊਂਡ ਦੇ ਨਾਲ ਨਾਲ ਜੰਗਲੀ ਕਿੱਕਰਾਂ ਤੇ ਹੋਰ ਝਾੜ ਫੂਸ ਉੱਗਿਆ ਹੋਇਆ ਹੈ ਕਈ ਤਰ੍ਹਾਂ ਦੀਆਂ ਜੰਗਲੀ ਬੂਟੀਆਂ ਸਣੇ ਤੇ ਕਈ ਇੱਟਾਂ ਰੋੜਿਆਂ ਦੇ ਨਿੱਕੇ ਨਿੱਕੇ ਢੇਰ ਵੀ ਹਨ ਇਸ ਪਾਸੇ।

ਇੱਥੇ ਹੀ ਆ ਅਸੀਂ 'ਘਰ ਘਰ' ਖੇਡਦੀਆਂ ਹਾਂ - ਖੇਡਣ ਲਈ ਸਾਨੂੰ ਹੋਰ ਵੀ ਬਹੁਤ ਸਾਰਾ ਸਾਮਾਨ ਮਿਲ ਜਾਂਦਾ ਹੈ ਇੱਥੋਂ - ਮੋਟੇ ਮੋਟੇ ਫੁੱਲ-ਦਾਰ ਚੀਨੀ ਦੇ ਟੁੱਟੇ ਭੱਜੇ ਬਰਤਨ - ਕੱਪ ਪਲੇਟਾਂ, ਪਿਆਲੇ ਤੇ ਕੱਚ ਦੇ ਗਲਾਸ ਵੀ ਪਤਾ ਨਹੀਂ ਇਹ ਸਭ ਇੱਥੋਂ ਕਿੱਥੋਂ ਆਇਆ ਹੈ - ਪਰ ਸਾਡੇ ਖੇਡਣ ਲਈ - ਘਰ ਬਣਾਉਣ ਸਜਾਉਣ ਲਈ ਇਹ ਸਭ ਤੋਂ ਵੱਧੀਆਂ ਥਾਂ ਹੈ - ਛਾਂ ਵਾਲੀ - ਤੇ ਇੱਧਰ ਹੀ ਹੈ ਇਕ ਧੋਬੀਘਾਟ। ਪਰ੍ਹਾਂ ਗਰਾਊਂਡ ਵਿਚ ਰੋਜ਼ ਅੰਤਾਂ ਦੇ ਚਿੱਟੇ ਚਿੱਟੇ ਕੱਪੜੇ ਸੁਕਣੇ ਪਏ ਹੁੰਦੇ ਹਨ - ਵੱਡੇ ਛੋਟੇ ਭਾਂਤ ਸੁਭਾਂਤੇ - ਜਿਵੇਂ ਅੰਬਰ ਤੋਂ ਬਗਲਿਆਂ ਜਾਂ ਚੀਨੇ ਕਬੂਤਰਾਂ ਦੀਆਂ ਡਾਰਾਂ ਉਤਰੀਆਂ ਹੋਣ। ਇੱਥੇ ਇਨ੍ਹਾਂ ਵਿਚ ਨਿੱਕੇ ਨਿੱਕੇ ਕੱਪੜੇ - ਜੁਰਾਬਾਂ ਰੁਮਾਲ ਸਾਡੇ ਬਹੁਤ ਕੰਮ ਦੇ ਹੁੰਦੇ - ਸਾਡੇ ਘਰ ਸਜਾਉਣ ਲਈ। ਖੇਡਣ ਤੋਂ ਬਾਅਦ ਜਿਨ੍ਹਾਂ ਨੂੰ ਅਸੀਂ ਉੱਥੇ ਹੀ ਸੁੱਟ - ਘਰ ਆ ਜਾਂਦੀਆਂ।

ਉਂਜ ਆਮ ਤੌਰ 'ਤੇ ਗੁੱਡੀ ਪਟੋਲੇ ਤਾਂ ਅਸੀਂ ਰਜ਼ੀਆ ਹੋਰਾਂ ਦੇ ਘਰ ਹੀ ਖੇਡਦੀਆਂ ਹਾਂ - ਉਨ੍ਹਾਂ ਦੇ ਵਿਹੜੇ ਵਿਚ - ਨਿੰਮ ਦੀ ਛਾਂਵੇਂ - ਇੱਥੇ ਇਕ ਤਖਤ ਪੋਸ਼ 'ਤੇ ਬੈਠ। ਰਜ਼ੀਆ ਕੋਲ ਗੁੱਡੀ ਪਟੋਲਿਆਂ ਦੀ ਇਕ ਨਿੱਕੀ ਜਿਹੀ ਸੰਦੂਕੜੀ ਹੈ - ਸ਼ੀਸ਼ਿਆਂ ਵਾਲੀ ਤੇ ਹੋਰ ਖਿਡੌਣੇ ਵੀ ਪਰ ਮੈਨੂੰ ਸਭ ਕਾਸੇ ਨਾਲੋਂ ਵੱਧ ਇਹ ਸੰਦੂਕੜੀ ਬਹੁਤ ਪਿਆਰੀ ਲਗਦੀ।

ਖੇਡਦੇ ਖੇਡਦੇ ਰਜ਼ੀਆ ਲੜ ਪੈਂਦੀ ਹੈ ਇਕ ਦਿਨ ਮੇਰੇ ਨਾਲ - ਹੁਣ ਉਹ ਆਪਣੀ ਗੁੱਡੀ ਵੀ ਨਹੀਂ ਦਿੰਦੀ ਖੇਡਣ ਲਈ ਮੈਨੂੰ - ਮੈਂ ਰੋਂਦੀ ਰੋਂਦੀ ਘਰ ਆ ਜਾਂਦੀ ਹਾਂ

ਤੇ ਹੁਣ ਭਾਪਾ ਜੀ ਸਾਨੂੰ ਇਕ ਬਹੁਤ ਵਧੀਆ ਗੁੱਡੀ ਬਣਾ ਕੇ ਦੇ ਦਿੰਦੇ ਹਨ - ਮਸ਼ੀਨ 'ਤੇ - ਬਟਨਾਂ ਦੀਆਂ ਅੱਖਾਂ ਵਾਲੀ - ਵੱਡੀ ਸਾਰੀ ਬਹੁਤ ਸੁਹਣੀ - ਹੱਥਾਂ ਪੈਰਾਂ ਵਾਲੀ - ਸੁਹਣੀ ਧਾਰੀਦਾਰ ਸਲਵਾਰ ਕਮੀਜ਼ ਪਾ - ਰਜ਼ੀਆ ਦੀ ਗੁੱਡੀ ਤੋਂ ਕਿਤੇ ਵੱਧ ਸੁਹਣੀ ਫੱਬਤ ਵਾਲੀ - ਜਿਹਾ ਮੈਂ ਸੋਚਦੀ ਹਾਂ। ਐਡੀ ਸੁਹਣੀ ਗੁੱਡੀ ਤਾਂ ਉਨ੍ਹਾਂ ਨੂੰ ਕਿਤੋਂ ਮਿਲ ਹੀ ਨਹੀਂ ਸਕਦੀ - ਐਡੀ ਸੋਹਣੀ ਗੁੱਡੀ ਹੋਰ ਕਿਤੇ ਹੋ ਹੀ ਨਹੀਂ ਸਕਦੀ - ਹੁਣ ਅਸੀਂ ਦੋਵੇਂ ਭੈਣਾਂ ਬਹੁਤ ਖੁਸ਼ ਹਾਂ ਹੁਣ ਅਸੀਂ ਦੋਵੇਂ ਬਾਹਰ ਗਲੀ ਵਿਚ ਉਨ੍ਹਾਂ ਨੂੰ ਦਿਖਾ ਦਿਖਾ ਕੇ ਖੇਡਦੀਆਂ ਹਾਂ ਹੋਰ ਬੱਚਿਆਂ ਸਣੇ। ਪਰ ਹੁਣ ਤਾਂ ਖੇਡਣ ਵਾਸਤੇ ਰਜ਼ੀਆ ਆਪ ਆ - ਸਾਨੂੰ ਬੁਲਾ ਕੇ ਮਨਾ ਕੇ ਲੈ ਜਾਂਦੀ ਹੈ - ਆਪਣੇ ਘਰ।

ਰਜ਼ੀਆ ਹੋਰਾਂ ਦੇ ਘਰ ਖੇਡਣਾ ਸਾਨੂੰ ਆਪ ਨੂੰ ਵੀ ਬਹੁਤ ਚੰਗਾ ਲਗਦਾ ਹੈ - ਉਸ ਦੀ ਅੰਮੀ ਸਾਨੂੰ ਬਹੁਤ ਪਿਆਰ ਕਰਦੀ ਹੈ - ਬਹੁਤ ਕੁਝ ਖਾਣ ਨੂੰ ਵੀ ਦੇਂਦੀ ਹੈ - ਸ਼ੀਰਨੀ ਸਣੇ - ਪਰ ਫੇਰ ਵੀ ਸਾਨੂੰ ਸਾਰਿਆਂ ਨੂੰ ਉਸ ਦੀ ਅੰਮੀ ਤੋਂ ਬਹੁਤ ਡਰ ਲਗਦਾ ਹੈ।

ਬਹੁਤ ਮੋਟੀ ਔਰਤ ਹੈ ਉਹ - ਮੋਟੀਆਂ ਮੋਟੀਆਂ ਬਿੱਲੀਆਂ ਅੱਖਾਂ ਵਾਲੀ, ਉਹਦੇ ਤਾਂ ਹੱਥ ਪੈਰ ਵੀ ਬਹੁਤ ਮੋਟੇ ਮੋਟੇ ਹਨ।

ਕਦੀ ਕਦੀ ਉਹ ਸਾਨੂੰ ਖੇਡ ਲੱਗੇ ਨਿਆਣਿਆਂ ਨੂੰ ਵਰਾਂਡੇ ਦੇ ਫਰਸ਼ 'ਤੇ ਕਣਕ ਦੀਆਂ ਢੇਰੀਆਂ ਲਾ ਕੇ ਦੇ ਦਿੰਦੀ ਹੈ - ਨਿੱਕੀਆਂ ਨਿੱਕੀਆਂ - ਸਾਫ ਕਰਨ ਲਈ ਤੇ ਨਾਲ ਤਾਕੀਦ ਵੀ ਕਰਦੀ ਹੈ - "ਜੀਹਦੀ ਢੇਰੀ 'ਚੋਂ (ਸਾਫ਼ ਕਰਨ ਮਗਰੋਂ) ਜਿੰਨੇ ਕੰਕਰ ਨਿਕਲੇ ਉਨੇ ਹੀ ਥੱਪੜ ਪੈਣਗੇ।" ਉਹ ਕਹਿੰਦੀ ਹੀ ਨਹੀਂ ਮਾਰ ਵੀ ਦਿੰਦੀ ਹੈ ਤੇ ਇਕ ਦਿਨ ਮੈਨੂੰ ਵੀ ਪਿਆ ਕਰਾਰਾ ਜਿਹਾ ਥੱਪੜ ਉਸ ਤੋਂ - ਉਹਦੇ ਮੋਟੇ ਜਿਹੇ ਹੱਥ ਦਾ।

ਸਾਡੀਆਂ ਸਾਰੀਆਂ ਖੇਡਾਂ, ਖੁਸ਼ੀਆਂ ਢਹਿ ਢੇਰੀ ਹੋ ਜਾਂਦੀਆਂ ਹਨ - ਥਾਂਏ ਹੀ ਬਾਕੀ -ਸਾਰਿਆਂ ਦੇ ਮੂੰਹ ਵਿਚਾਰੇ ਜਿਹੇ ਹੋ ਜਾਂਦੇ - ਬੈਠੇ ਦੇਖਦੇ ਸੁਣਦੇ ਤੇ ਕਣਕ ਸਾਫ਼ ਕਰਦਿਆਂ ਦੇ।

ਥੱਪੜ ਖਾਹ ਅਸੀਂ ਰੋਂਦੇ ਵੀ ਨਹੀਂ ਤੇ ਘਰ ਆ ਕੇ ਦਸਦੇ ਵੀ ਨਹੀਂ ਹਾਂ ਡਰਦੇ ਮਾਰੇ - ਜੇ ਇੰਜ ਹੋ ਗਿਆ ਕਿਤੇ ਬੀਜੀ ਨੂੰ ਪਤਾ ਲੱਗ ਗਿਆ - ਉਹ ਸਾਨੂੰ ਅੱਗੋਂ ਖੇਡਣ ਨਹੀਂ ਜਾਣ ਦੇਣਗੇ ਉਨ੍ਹਾਂ ਦੇ ਘਰ - ਫੇਰ - ਫੇਰ ਕੀ ਹੋਵੇਗਾ - ਬੱਸ - ਇਹੋ ਸੋਚ ਕੇ ਅਸੀਂ ਚੁੱਪ ਰਹਿੰਦੇ ਹਾਂ ਸਾਰੇ - ਤੇ ਅਸੀਂ ਸਦਾ ਰਜ਼ੀਆ ਦੇ ਘਰ ਖੇਡਣ ਵੀ ਜਾਂਦੇ ਰਹਿੰਦੇ ਹਾਂ - ਉਹ ਨਾ ਭੁੱਲਣ ਵਾਲੀ ਗੱਲ ਭੁੱਲ ਕੇ ਵੀ ਪਰ ਉਹ ਕਣਕ ਚੁੱਗਣ ਵਾਲਾ ਡਰ, ਤੌਖਲਾ ਵੀ ਬਣਿਆ ਰਹਿੰਦਾ ਹੈ ਸਾਡੇ ਮਨਾਂ ਵਿਚ ਕਿਤੇ।

ਪਰ ਉਹ ਰਜ਼ੀਆ ਦੀ ਸ਼ੀਸ਼ਿਆਂ ਵਾਲੀ - ਗੁੱਡੀ ਪਟੋਲਿਆਂ ਦੀ ਸੰਦੂਕੜੀ - ਸਦਾ ਮੇਰੀਆਂ ਅੱਖਾਂ ਮੂਹਰੇ ਘੁੰਮਦੀ ਰਹਿੰਦੀ ਹੈ।

ਬਹੁਤ ਦੇਰ ਬਾਅਦ ਪਿੰਡ ਆ ਕੇ - ਕਿਤੇ ਮੇਰੀ ਇਹ ਸੱਧਰ ਪੂਰੀ ਹੁੰਦੀ ਹੈ -

ਹੁਣ ਮੇਰੇ ਕੋਲ ਵੀ ਇਕ ਟਰੰਕੀ ਹੈ ਲੋਹੇ ਦੀ - ਰੰਗ ਬਰੰਗੇ ਫੁੱਲਾਂ ਵਾਲੀ - ਪਤਾ ਨਹੀਂ ਇਹ ਮੈਨੂੰ ਕਿੱਥੋਂ ਮਿਲ ਜਾਂਦੀ ਹੈ - ਜਿਸ ਨੂੰ ਹੁਣ ਮੈਂ ਇਕ ਨਿੱਕੀ ਜਿਹੀ ਤਾਲੀ ਵੀ ਲਾ ਰੱਖੀ ਹੈ ਆਪਣੇ ਗੁੱਡੀ ਪਟੋਲੇ ਸਾਂਭ ਕੇ।

ਇਹ ਟਰੰਕੀ ਮੈਨੂੰ ਸਦਾ ਉਸ ਸ਼ੀਸ਼ਿਆਂ ਵਾਲੀ ਸੰਦੂਕੜੀ ਨਾਲ ਜੋੜੀ ਰੱਖਦੀ ਸ਼ਾਇਦ ਅੱਜ ਵੀ ਕਿਤੇ - ਜੀਹਨੂੰ ਕਦੇ ਵੀ ਨਹੀਂ ਭੁੱਲੀ ਹਾਂ ਮੈਂ - ਅੱਜ ਵੀ ਨਹੀਂ।

**(ਬਾਕੀ ਅਗਲੇ ਅੰਕ 'ਚ)**



**ਖਰੜ, ਮਿੰਦਰ ਬਾਈ ਦੇ ਵਿਆਹ ਵੇਲੇ ਹੇਠਾਂ ਜੀਤ, ਜਿੰਦਰ, ਉਪਰ ਜਸਵੰਤ, ਕੁਲਵੰਤ**

# ਦੱਖਣ ਕੋਰਿਆਈ ਸਰਕਾਰ ਯੁੱਧ ਦੀ ਤਿਆਰੀ 'ਚ ਰੁੱਝੀ, ਲੋਕ ਆਪਣੇ ਕੰਮਾਂ ਵਿਚ

**ਦੱਖਣੀ ਕੋਰੀਆ ਵਿਚ ਸਰਕਾਰੀ ਦਫ਼ਤਰਾਂ, ਸਕੂਲਾਂ ਤੇ ਸੰਸਥਾਵਾਂ ਵਿਚ ਲੋਕਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ ਕਿ ਯੁੱਧ ਹੋਣ ਦੀ ਸੂਰਤ ਵਿਚ ਉਨ੍ਹਾਂ ਨੇ ਕੀ ਕਰਨਾ ਹੈ। ਇਹ ਅਜਿਹੇ ਦੇਸ਼ ਦੀ ਗੱਲ ਹੈ, ਜਿੱਥੇ ਕਾਰਜਕਾਰੀ ਸਰਕਾਰ ਹੈ। ਦੂਸਰੇ ਪਾਸੇ, ਆਮ ਲੋਕ ਘਬਰਾਏ ਹੋਏ ਜ਼ਰੂਰ ਹਨ, ਪਰ ਉਹ ਆਪਣੇ ਕੰਮ-ਕਾਜ ਵਿਚ ਰੁੱਝੇ ਹੈ। ਢਾਈ ਕਰੋੜ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਜੇਕਰ ਹਮਲਾ ਹੋਇਆ ਤਾਂ ਸਭ ਤੋਂ ਪਹਿਲਾਂ ਉਹ ਸ਼ਿਕਾਰ ਹੋਣਗੇ। ਅਜਿਹੀ ਸਥਿਤੀ ਵਿਚ ਇਹ ਦੇਖਣਾ ਹੋਵੇਗਾ ਕਿ ਜੇਕਰ ਉਤਰ ਕੋਰੀਆ ਨੇ ਹਮਲਾ ਕੀਤਾ, ਤਾਂ ਇਹ ਦੇਸ਼ ਉਸ ਦਾ ਕਿਵੇਂ ਸਾਮ੍ਹਣਾ ਕਰੇਗਾ। ਆਓ, ਜਾਣਦੇ ਹਾਂ।**

**ਮੋਤੋਕੋ ਰਿਚ, ਕੋਰੀਆ ਮਹਾਂਦੀਪ ਦੀ ਮਾਹਰ**

ਅਮਰੀਕੀ ਜਨਤਾ ਨੂੰ ਖ਼ਦਸ਼ਾ ਹੈ ਕਿ ਉਨ੍ਹਾਂ ਅਤੇ ਉਤਰੀ ਕੋਰੀਆ ਵਿਚਾਲੇ ਕਦੇ ਵੀ ਯੁੱਧ ਦੀ ਸਥਿਤੀ ਬਣ ਸਕਦੀ ਹੈ। ਵਾਤਾਵਰਣ ਗਰਮ ਹੈ ਤੇ ਉਥੇ ਇਕ ਦੇਸ਼ ਉਤਰ ਕੋਰੀਆ ਸਾਹਮਣੇ ਦੋ ਦੁਸ਼ਮਣ ਹਨ। ਜੇਕਰ ਯੁੱਧ ਹੋਇਆ ਤਾਂ ਉਹ ਉਤਰ ਕੋਰੀਆ ਤੇ ਅਮਰੀਕਾ ਦਾ ਹੋਵੇਗਾ ਜਾਂ ਇਸ ਵਿਚ ਦੱਖਣੀ ਕੋਰੀਆ ਵੀ ਸ਼ਾਮਲ ਹੋਵੇਗਾ। ਇਹ ਸਵਾਲ ਉਠ ਰਹੇ ਹਨ ਪਰ ਅਮਰੀਕਾ ਅਤੇ ਏਸ਼ੀਆ ਮਹਾਂਦੀਪ ਦੀ ਅਰਥਵਿਵਸਥਾ 'ਤੇ ਕਿੰਨਾ ਅਸਰ ਹੋਵੇਗਾ, ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਉਤਰ ਕੋਰੀਆ ਨੂੰ ਸਭ ਤੋਂ ਵੱਡੀ ਚੁਣੌਤੀ ਜੇਕਰ ਮਿਲ ਸਕਦੀ ਹੈ, ਤਾਂ ਉਹ ਹੋਵੇਗੀ ਦੱਖਣੀ ਕੋਰੀਆ ਤੋਂ। ਬਾਹਰੀ ਦੁਨੀਆ ਬਿਲਕੁਲ ਨਹੀਂ ਜਾਣਦੀ ਕਿ ਉਥੇ ਆਖ਼ਰ ਚੱਲ ਕੀ ਰਿਹਾ ਹੈ। ਦੱਖਣੀ ਕੋਰੀਆ ਦੇ ਸਕੂਲਾਂ ਵਿਚ ਬੱਚਿਆਂ ਨੂੰ ਪੀਲੇ ਰੰਗ ਦੇ ਗੈਸ ਮਾਸਕ ਪਹਿਨਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਐਮਰਜੈਂਸੀ ਹਾਲਤ ਵਿਚ ਉਨ੍ਹਾਂ ਨੇ ਕੀ ਕਰਨਾ ਹੈ ਤੇ ਕਿੱਥੇ ਲੁਕਣਾ ਹੈ। ਇਸ ਦਾ ਵੀ ਖ਼ਦਸ਼ਾ ਹੈ ਕਿ ਉਤਰ ਕੋਰੀਆ ਉਥੇ ਕੈਮੀਕਲ ਜਾਂ ਬਾਇਲਾਜੀਕਲ ਹਮਲੇ ਕਰ ਸਕਦਾ ਹੈ, ਇਸ ਲਈ ਖ਼ਾਸ ਤੌਰ 'ਤੇ ਸਕੂਲੀ ਬੱਚਿਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਮੈਟਰੋ ਸਟੇਸ਼ਨਾਂ ਵੱਲ ਜਾਣ ਵਾਲੇ ਮਾਰਗ, ਭੀੜ ਭਰੇ ਬਾਜ਼ਾਰ ਤੇ ਸ਼ਾਪਿੰਗ ਮੌਲ ਵਿਚ ਸੰਕੇਤਕ ਲਗਾਏ ਗਏ ਹਨ ਕਿ ਐਮਰਜੈਂਸੀ ਦੀ ਹਾਲਤ ਵਿਚ ਉਨ੍ਹਾਂ ਨੇ ਕਿੱਥੇ ਜਾ ਕੇ ਲੁਕਣਾ ਹੈ। 67 ਸਾਲ ਪਹਿਲਾਂ ਜਦੋਂ ਦੋਵੇਂ ਕੋਰੀਆ ਵਿਚਾਲੇ ਯੁੱਧ ਹੋਇਆ ਸੀ, ਉਦੋਂ ਉਹ ਤਿੰਨ ਸਾਲ ਚੱਲਿਆ ਸੀ। ਉਸ ਵਿਚ ਉਤਰ ਕੋਰੀਆ ਵੱਲ ਚੀਨ ਤੇ ਸੋਵੀਅਤ ਸੰਘ ਵੀ ਸਨ, ਜਦਕਿ ਦੱਖਣੀ ਕੋਰੀਆ ਵੱਲ 16 ਦੇਸ਼ ਸਨ। 307 ਲੱਖ ਲੋਕ ਉਤਰ ਕੋਰੀਆ ਵੱਲ ਮਾਰੇ ਗਏ ਸਨ, ਜਦਕਿ ਦੱਖਣ ਕੋਰੀਆ ਵੱਲ ਕਰੀਬ 2 ਲੱਖ। ਹਾਲਾਂਕਿ, ਹੁਣ ਹਾਲਾਤ ਬਿਲਕੁਲ ਵੱਖਰੇ ਹਨ। ਰੂਸ ਨੂੰ ਦੇਖ ਕੇ ਨਹੀਂ ਲਗਦਾ ਕਿ ਉਹ ਯੁੱਧ ਹੋਣ ਦੀ ਸਥਿਤੀ ਵਿਚ ਉਸ ਵਿਚ ਕੁੱਦੇਗਾ। ਚੀਨ ਵੀ ਅੰਦਰੂਨੀ ਹਿਤਾਂ ਕਾਰਨ ਸ਼ਾਇਦ ਹੀ ਉਸ ਦਾ ਹਿੱਸਾ ਬਣੇ। ਦੱਖਣੀ ਕੋਰੀਆ ਵਿਚ ਅਕਸਰ ਸਕੂਲੀ ਬੱਚਿਆਂ ਨੂੰ ਵਾਰ ਮੈਮੋਰੀਅਲ ਲਿਜਾਇਆ ਜਾਂਦਾ ਹੈ, ਉਨ੍ਹਾਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਉਨ੍ਹਾਂ ਦਾ ਦੇਸ਼ ਕਿਵੇਂ ਹੋਂਦ ਵਿਚ ਆਇਆ ਤੇ ਉਨ੍ਹਾਂ ਨੂੰ ਕਿਨ੍ਹਾਂ ਚੀਜ਼ਾਂ ਦਾ ਹਮੇਸ਼ਾ ਧਿਆਨ ਰੱਖਣਾ ਚਾਹੀਦਾ ਹੈ। ਦੱਖਣੀ ਕੋਰਿਆਈ ਲੋਕਾਂ ਵਿਚ ਘਬਰਾਹਟ ਸਾਫ਼ ਦੇਖੀ ਜਾ ਸਕਦੀ ਹੈ। ਉਹ ਯੁੱਧ ਦੀ ਸਥਿਤੀ ਵਿਚ ਐਮਰਜੈਂਸੀ ਸਥਿਤੀ ਦਾ ਸਾਹਮਣਾ ਕਰਨ ਦੀ ਸਿਖਲਾਈ ਦੀ ਬਜਾਏ ਆਪਣਾ ਧਿਆਨ ਹੋਰਨਾਂ ਕੰਮਾਂ ਵਿਚ ਲਗਾ ਰਹੇ ਹਨ।



**ਰਾਜਧਾਨੀ ਸੋਲ ਦੇ ਇਕ ਸਕੂਲ 'ਚ ਬੱਚਿਆਂ ਨੂੰ ਗੈਸ ਮਾਸਕ ਪਾਉਣ ਦੀ ਟ੍ਰੇਨਿੰਗ ਦਿੰਦੇ ਹੋਏ ਅਧਿਆਪਕ**

ਦੱਖਣੀ ਕੋਰੀਆ ਵਿਚ ਕਰੀਬ 2.5 ਕਰੋੜ ਲੋਕ ਉਤਰ ਕੋਰਿਆਈ ਸਰਹੱਦ ਤੋਂ 80 ਕਿਲੋਮੀਟਰ ਦੇ ਦਾਇਰੇ ਵਿਚ ਰਹਿੰਦੇ ਹਨ, ਜਿਸ ਵਿਚ ਰਾਜਧਾਨੀ ਸੋਲ ਦੇ ਲੋਕ ਵੀ ਹਨ। ਉਹ ਇਸ ਅਸਲੀਅਤ ਤੋਂ ਬਾਖ਼ੂਬੀ ਜਾਣੂ ਹਨ ਕਿ ਜੇਕਰ ਉਤਰ ਕੋਰੀਆ ਤੋਂ ਕੋਈ ਵੀ ਹਮਲਾ ਹੁੰਦਾ ਹੈ, ਤਾਂ ਉਹ ਸਭ ਤੋਂ ਪਹਿਲਾਂ ਉਸ ਦੀ ਲਪੇਟ ਵਿਚ ਆ ਜਾਣਗੇ। ਇਹ ਅਜਿਹੇ ਮੁਲਕਾਂ ਦੀ ਗੱਲ ਹੈ, ਜੋ ਕਈ ਦਹਾਕਿਆਂ ਤੋਂ ਤਕਨੀਕੀ ਯੁੱਧ ਲੜ ਰਹੇ ਹਨ।

ਦੱਖਣ ਕੋਰਿਆਈ ਲੋਕ ਵੈਸੇ ਤਾਂ ਪੂਰਾ ਸਾਲ ਖ਼ਤਰਾ ਮਹਿਸੂਸ ਕਰਦੇ ਹਨ ਪਰ ਹਾਲ ਦੇ ਹਫ਼ਤਿਆਂ ਵਿਚ ਇਹ ਕਈ ਗੁਣਾ ਵੱਧ ਗਿਆ ਹੈ। ਅਜਿਹਾ ਉਦੋਂ ਹੋਇਆ, ਜਦੋਂ ਅਮਰੀਕੀ ਸਰਕਾਰ ਨੇ ਕਿਹਾ ਕਿ ਉਹ ਉਤਰ ਕੋਰੀਆ ਦੀ ਪਰਮਾਣੂ ਇੱਛਾ ਰੋਕਣ ਲਈ ਫ਼ੌਜੀ ਹਮਲੇ ਸਮੇਤ ਕਈ ਬਦਲਾਂ 'ਤੇ ਵਿਚਾਰ ਕਰ ਸਕਦਾ ਹੈ। ਉਧਰ ਉਤਰ ਕੋਰੀਆ ਨੇ ਵੀ ਕਈ ਤਰ੍ਹਾਂ ਦੀਆਂ ਤਿਆਰੀਆਂ ਕੀਤੀਆਂ ਹਨ-ਉਸ ਨੇ ਮਿਜ਼ਾਈਲ ਹਮਲੇ ਕੀਤੇ, ਆਰਟੀਲਰੀ ਡਰਿਲ ਦੀ ਫਾਇਰਿੰਗ ਦਾ ਅਭਿਆਸ ਕੀਤਾ। ਮਾਹਰਾਂ ਦਾ ਅਨੁਮਾਨ ਹੈ ਕਿ ਉਤਰ ਕੋਰੀਆ ਨੇ ਆਪਣੇ ਪਰਮਾਣੂ ਹਥਿਆਰ ਦੇ 6ਵੇਂ ਪਰੀਖਣ ਦੀ ਤਿਆਰੀ ਪੂਰੀ ਕਰ ਲਈ ਹੈ। ਬੱਚਿਆਂ ਨੂੰ ਵਾਰ ਮੈਮੋਰੀਅਲ ਲੈ ਕੇ ਪੁੱਜੇ ਅਧਿਆਪਕਾਂ ਵਿਚੋਂ ਇਕ ਅਹਾਨ ਜੀ-ਗਿਊਨ ਯੁੱਧ ਬਾਰੇ ਚੰਗੀ ਤਰ੍ਹਾਂ ਜਾਣਦਾ-ਸਮਝਦਾ ਹੈ ਤੇ ਪਹਿਲਾਂ ਤੋਂ ਤਿਆਰੀ ਕਰ ਲੈਣ ਨੂੰ ਤਰਜੀਹ ਦਿੰਦਾ ਹੈ। ਉਨ੍ਹਾਂ ਕਿਹਾ, ਇਸ ਮੁੱਦੇ ਨੂੰ ਟੀਚਰ ਵਰਗ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ ਤੇ ਅਸੀਂ ਚਾਹੁੰਦੇ ਹਾਂ ਕਿ ਬੱਚੇ ਵੀ ਉਸ ਤੋਂ ਜਾਣੂ ਹੋਣ। ਦੱਖਣ ਕੋਰੀਆ ਵਿਚ ਸਰਕਾਰ ਤੇ ਸੰਸਥਾਵਾਂ ਵਲੋਂ ਪੂਰੀ ਤਿਆਰੀ ਹੈ ਪਰ ਆਮ ਲੋਕ ਜੋ ਪ੍ਰਤੀਕਿਰਿਆ ਦੇ ਰਹੇ ਹਨ, ਉਸ ਤੋਂ ਲਗਦਾ ਹੈ ਕਿ ਇਹ ਵੀ ਉਨ੍ਹਾਂ ਦੀ ਸਿਖਲਾਈ ਦਾ ਹਿੱਸਾ ਹੈ। ਰਾਜਧਾਨੀ ਸੋਲ ਵਿਚ ਕੰਮ ਕਰਨ ਵਾਲੇ ਕੰਸਟਰਕਸ਼ਨ ਮੈਨੇਜਰ ਚੁਨ ਹੋ-ਪਿਲ (30 ਸਾਲ) ਨੇ ਬੜੇ ਉਦਾਸੀਨ ਰਵੱਈਏ ਨਾਲ ਕਿਹਾ ਕਿ ਉਨ੍ਹਾਂ ਨੂੰ ਬਿਲਕੁਲ ਡਰ ਨਹੀਂ ਲਗਦਾ। ਉਨ੍ਹਾਂ ਕਿਹਾ ਕਿ ਉਹ ਆਪਣੇ ਕੰਮਕਾਜ ਵਿਚ ਹੀ ਬਹੁਤ ਰੁੱਝੇ ਹੋਏ ਹਨ ਤੇ ਰੋਜ਼ਮਰਾ ਨੂੰ ਇਸ ਤਰ੍ਹਾਂ ਰੁਝਿਆ ਬਣਾਏ ਰੱਖਣਾ ਚਾਹੁੰਦੇ ਹਨ। ਹਾਲਾਂਕਿ ਉਹ ਘਬਰਾਏ ਹੋਏ ਜ਼ਰੂਰ ਹਨ ਕਿਉਂਕਿ ਉਨ੍ਹਾਂ ਦੇ ਘਰ ਵਿਚ ਪਾਣੀ ਤੇ ਖ਼ੁਰਾਕ ਸਮੱਗਰੀ ਦਾ ਸਟਾਕ ਨਹੀਂ ਹੈ। ਨਾ ਹੀ ਉਨ੍ਹਾਂ ਨੇ ਹੁਣ ਤਕ ਗੈਸ ਮਾਸਕ ਖ਼ਰੀਦਿਆ ਹੈ ਤੇ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਹਮਲੇ ਦੀ ਸਥਿਤੀ ਵਿਚ ਕਿੱਥੇ ਪਨਾਹ ਲੈਣੀ ਹੈ।

ਇਕ ਕਰੋੜ ਤੋਂ ਵੱਧ ਆਬਾਦੀ ਵਾਲੀ ਰਾਜਧਾਨੀ ਸੋਲ ਦੀਆਂ ਸੜਕਾਂ 'ਤੇ ਆਮ ਦਿਨ੍ਹ ਵਰਗਾ ਟਰੈਫ਼ਿਕ ਹੈ। ਲੋਕਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਲਈ ਕਿੱਥੇ ਬੰਕਰ ਬਣਾਏ ਗਏ ਹਨ। ਰੇਸਤਰਾਂ 'ਤੇ ਪਹਿਲਾਂ ਵਾਂਗ ਭੀੜ ਨਜ਼ਰ ਆਉਂਦੀ ਹੈ। ਸੰਭਵ ਹੈ ਕਿ ਉਹ ਉਸ ਸਥਿਤੀ ਲਈ ਪਹਿਲਾਂ ਤੋਂ ਤਿਆਰ ਹਨ। ਕੁਝ ਦਿਨ ਪਹਿਲਾਂ ਹੀ ਇਸ ਦੇਸ਼ ਵਿਚ ਰਾਸ਼ਟਰਪਤੀ ਪਾਰਕ ਗਿਉਨ ਹੇ 'ਤੇ ਕਾਰਵਾਈ ਹੋਈ, ਤੇ ਅਗਲੇ ਮਹੀਨੇ ਨਵੇਂ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਸਭ ਤੋਂ ਅੱਗੇ ਚੱਲਣ ਵਾਲੇ ਉਮੀਦਵਾਰ ਮੂਨ-ਜਾਏ-ਇਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਉਤਰ ਕੋਰੀਆ ਨਾਲ ਟਕਰਾਅ ਸਬੰਧੀ ਦ੍ਰਿਸ਼ਟੀਕੋਣ ਜ਼ਿਆਦਾ ਨਹੀਂ ਰੱਖਣਗੇ। ਪਰ ਸਿਆਸੀ ਸਰਵੇਖਣ ਦੱਸਦੇ ਹਨ ਕਿ ਲੋਕਾਂ ਨੂੰ ਰਾਸ਼ਟਰੀ ਸੁਰੱਖਿਆ ਨਾਲੋਂ ਜ਼ਿਆਦਾ ਰੁਚੀ ਆਪਣੀ ਆਰਥਿਕ ਨੀਤੀਆਂ ਬਿਹਤਰ ਬਣਾਉਣ ਵਿਚ ਹੈ। 45 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦਾ ਆਰਥਿਕ ਦ੍ਰਿਸ਼ਟੀਕੋਣ ਜ਼ਿਆਦਾ ਦੇਖਣਗੇ। ਸਿਰਫ਼ 9 ਫੀਸਦੀ ਨੇ ਕਿਹਾ ਕਿ ਉਹ ਉਮੀਦਵਾਰ ਵਿਚ ਉਤਰ ਕੋਰੀਆ ਦੇ ਪਰਮਾਣੂ ਖ਼ਤਰੇ ਨਾਲ ਨਜਿੱਠਣ ਦੀਆਂ ਨੀਤੀਆਂ ਦੇਖਣਗੇ।

**(ਨਿਊ ਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ)**

## ਉਮਰ ਘੱਟ ਹੈ, ਪਰ ਅਸ਼ਾਂਤੀ ਤਾਂ ਨਹੀਂ ਚਾਹੇਗਾ ਉਤਰ ਕੋਰੀਆ : ਟਰੰਪ

**ਮੇਰੀ ਮੁਲੇਨੀ, ਨੀਤੀ ਵਿਸ਼ਲੇਸ਼ਕ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਰਣਨੀਤੀ ਗ਼ਜ਼ਬ ਦੀ ਹੁੰਦੀ ਹੈ। ਉਹ ਆਪਣੇ ਵਿਰੋਧੀਆਂ ਨੂੰ ਆਪਣੇ ਪੱਖ ਵਿਚ ਕਰਨ ਵਿਚ ਮਾਹਰ ਹਨ ਤੇ ਇਸ ਦਾ ਅਸਰ ਉਨ੍ਹਾਂ ਦੀ ਪ੍ਰਸ਼ਾਸਨਿਕ ਟੀਮ ਵਿਚ ਵੀ ਦਿਖਾਈ ਦਿੰਦਾ ਹੈ। ਇਸ ਵਾਤਾਵਰਣ ਵਿਚ ਕੋਈ ਨਹੀਂ ਸੋਚ ਸਕਦਾ ਸੀ ਕਿ ਟਰੰਪ ਉਤਰ ਕੋਰਿਆਈ ਸ਼ਾਸਕ ਕਿਮ ਜੋਂਗ ਉਨ ਦਾ 'ਗੁਣਗਾਨ' ਵੀ ਕਰ ਸਕਦੇ ਹਨ। ਹਾਲ ਹੀ ਵਿਚ ਇਕ ਮੁਲਾਕਾਤ ਦੌਰਾਨ ਟਰੰਪ ਨੇ ਕਿਮ ਜੋਂਗ ਉਨ ਬਾਰੇ ਕਿਹਾ-

'ਉਨ੍ਹਾਂ ਦੀ ਉਮਰ ਸਿਰਫ਼ 27 ਸਾਲ ਹੈ, ਉਨ੍ਹਾਂ ਦੇ ਪਿਤਾ ਹੁਣ ਇਸ ਦੁਨੀਆ ਵਿਚ ਨਹੀਂ ਹਨ, ਅਜਿਹੀ ਸਥਿਤੀ ਵਿਚ ਉਨ੍ਹਾਂ ਨੇ ਸੱਤਾ ਸੰਭਾਲੀ ਹੈ। ਅਜਿਹੇ ਵਿਚ ਕੋਈ ਕੀ ਚਾਹੁੰਦਾ ਹੈ, ਇਹ ਕਹਿਣਾ ਮੁਸ਼ਕਲ ਹੈ, ਫਿਰ ਵੀ ਏਨੀ ਘੱਟ ਉਮਰ ਬਾਰੇ ਕੀ ਕਹੀਏ। ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਪੱਧਰ 'ਤੇ ਵੱਡੇ ਯਤਨ ਕਰ ਰਹੇ ਹੋਣਗੇ। ਨਿਸ਼ਚਿਤ ਤੌਰ 'ਤੇ ਉਹ ਅਸ਼ਾਂਤੀ ਤੇ ਹਜ਼ਾਰਾਂ-ਲੱਖਾਂ ਲੋਕਾਂ ਦੀ ਜਾਨ ਜਾਏ, ਅਸ਼ਾਂਤੀ ਹੋਵੇ, ਅਜਿਹਾ ਨਹੀਂ ਚਾਹੁੰਦੇ ਹੋਣਗੇ। ਉਹ ਅਜਿਹਾ ਦੇਖਣਾ ਵੀ ਨਹੀਂ ਚਾਹੁੰਦੇ ਹੋਣਗੇ।'

ਜਦਕਿ ਚੀਨੀ ਰਾਸ਼ਟਰਪਤੀ ਜਿਨਪਿੰਗ ਬਾਰੇ ਟਰੰਪ ਨੇ ਕਿਹਾ, 'ਮੇਰੀ ਪ੍ਰੇਸ਼ਾਨੀ ਇਹ ਹੈ ਕਿ ਉਨ੍ਹਾਂ ਨਾਲ ਮੇਰੇ ਬਹੁਤ ਚੰਗੇ ਸਬੰਧ ਹੋ ਗਏ ਹਨ, ਉਹ ਬਹੁਤ ਚੰਗੇ ਵਿਅਕਤੀ ਹਨ। ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣ ਲੱਗਾ ਹਾਂ। ਹਾਲਾਂਕਿ, ਅਜਿਹਾ ਨਹੀਂ ਹੈ ਕਿ ਉਤਰ ਕੋਰੀਆ ਨਾਲ ਯੁੱਧ ਦੀ ਸਥਿਤੀ ਨਹੀਂ ਹੈ। ਉਸ ਨਾਲ ਵੱਡਾ ਜਾਂ ਬਹੁਤ ਵੱਡਾ ਸੰਘਰਸ਼ ਛਿੜ ਸਕਦਾ ਹੈ। ਜਿੱਥੋਂ ਤਕ ਖ਼ਬਰਾਂ ਹਨ ਕਿ ਉਤਰ ਕੋਰੀਆ ਫਿਰ ਇਕ ਪਰਮਾਣੂ ਪਰੀਖਣ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ, ਇਸ 'ਤੇ ਮੈਂ ਚਾਹਾਂਗਾ ਕਿ ਪਹਿਲਾਂ ਡਿਪਲੋਮੈਟਿਕ ਯਤਨ ਪੂਰੇ ਹੋ ਜਾਣੇ ਚਾਹੀਦੇ ਹਨ।' ਹਾਲਾਂਕਿ, ਉਨ੍ਹਾਂ ਨੇ ਇਸ ਤੋਂ ਇਨਕਾਰ ਨਹੀਂ ਕੀਤਾ ਕਿ ਡਿਪਲੋਮੈਟਿਕ ਯਤਨ ਅਸਫਲ ਵੀ ਹੋ ਸਕਦੇ ਹਨ। ਜੇਕਰ ਗੱਲ ਅੱਗੇ ਵਧਦੀ ਹੈ ਤਾਂ ਸੰਭਵ ਹੈ ਕਿ ਉਤਰ ਕੋਰੀਆ ਨੂੰ ਹੁਣ ਤਕ ਦੀ ਸਭ ਤੋਂ ਵੱਡੀ ਕੀਮਤ ਚੁਕਾਉਣੀ ਪਏ ਜਾਂ ਉਸ ਕਾਰਨ ਅਸਕਰ ਦਿਖਾਈ ਦੇਣ ਵਾਲੇ ਸੰਕਟ ਹਮੇਸ਼ਾ ਲਈ ਖ਼ਤਮ ਹੋ ਜਾਣ। ਫਿਰ ਵੀ ਮੈਨੂੰ ਪੂਰੀ ਉਮੀਦ ਹੈ ਕਿ ਉਹ (ਕਿਮ ਜੋਂਗ ਉਨ) ਤਰਕ ਨਾਲ ਕੋਈ ਫ਼ੈਸਲਾ ਲੈਣਗੇ।

ਟਰੰਪ ਨੇ ਕਿਹਾ, 'ਅਜਿਹਾ ਬਿਲਕੁਲ ਨਹੀਂ ਹੈ ਕਿ ਅਮਰੀਕਾ ਡਿਪਲੋਮੈਟਿਕ ਯਤਨ ਨਹੀਂ ਕਰ ਰਿਹਾ ਹੈ। ਉਨ੍ਹਾਂ ਨੇ ਚੀਨੀ ਰਾਸ਼ਟਰਪਤੀ ਸ਼ੀ ਬਾਰੇ ਕਿਹਾ ਕਿ ਉਹ ਚੰਗਾ ਕੰਮ ਕਰ ਰਹੇ ਹਨ। ਹਾਲਾਂਕਿ, ਅੱਗੇ ਦੇਖਣਾ ਹੋਵੇਗਾ ਕਿ ਉਸ ਦਾ ਸਿੱਟਾ ਕੀ ਹੁੰਦਾ ਹੈ। ਉਨ੍ਹਾਂ ਨੇ ਫ਼ੌਜੀ ਗਤੀਵਿਧੀਆਂ ਦੇ ਆਧਾਰ 'ਤੇ ਜ਼ਿਆਦਾ ਤਾਂ ਨਹੀਂ ਕਿਹਾ, ਪਰ ਦੋਹਾਂ ਪਾਸਿਆਂ ਤੋਂ ਅਮਰੀਕੀ ਫ਼ੌਜ ਨੇ ਉਤਰ ਕੋਰੀਆ ਨੂੰ ਘੇਰਿਆ ਹੈ। ਇਕ ਪਾਸੇ ਟੌਮ ਹਾੱਕ ਕਰੂਜ਼ ਮਿਜ਼ਾਈਲ ਵਾਲੀ ਪਣਡੁੱਬੀ ਹੈ, ਤਾਂ ਦੂਜੇ ਪਾਸੇ ਜਹਾਜ਼ ਵਾਹਕ ਪੋਤ ਕਾਰਲ ਵਿਨਸਨ ਹੈ, ਜਿਸ ਨੂੰ ਜਪਾਨ ਦੇ ਸਮੁੰਦਰ ਵਿਚ ਤਾਇਨਾਤ ਕੀਤਾ ਗਿਆ ਹੈ। ਉਸ ਵਿਚ ਅਜਿਹਾ ਤਕਨੀਕੀ ਸਿਸਟਮ ਹੈ ਕਿ ਉਹ ਕੋਈ ਵੀ ਮਿਜ਼ਾਈਲ ਹਮਲਾ ਟਾਲ ਸਕਦਾ ਹੈ। ਇਸ ਤੋਂ ਇਲਾਵਾ ਅਮਰੀਕਾ ਨੇ ਦੱਖਣੀ ਕੋਰਿਆਈ ਸਰਹੱਦ 'ਤੇ 'ਟਰਮੀਨਲ ਹਾਈ ਐਲਟੀਚਿਊਡ ਏਰੀਆ ਡਿਫੈਂਸ ਸਿਸਟਮ' ਲਗਾਇਆ ਹੈ। ਉਸ ਦਾ ਚੀਨ ਨੇ ਜ਼ਬਰਦਸਤ ਵਿਰੋਧ ਕੀਤਾ ਹੈ। ਇਹ ਮਿਜ਼ਾਈਲ ਸਿਸਟਮ ਅਮਰੀਕੀ ਤੇ ਦੱਖਣੀ ਕੋਰਿਆਈ ਫ਼ੌਜ ਨੂੰ ਸੁਰੱਖਿਆ ਦੇਵੇਗਾ। ਆਪਣੇ ਰਾਸ਼ਟਰਪਤੀ ਕਾਰਜਕਾਲ ਦੇ 100 ਦਿਨ ਪੂਰੇ ਹੋਣ 'ਤੇ ਟਰੰਪ ਨੇ ਕਿਹਾ, 'ਮੈਂ ਆਪਣੀ ਪਿਛਲੀ ਜ਼ਿੰਦਗੀ ਵਿਚ ਏਨਾ ਕੰਮ ਕਦੇ ਨਹੀਂ ਕੀਤਾ, ਮੈਨੂੰ ਲੱਗਾ ਸੀ ਕਿ ਇਹ ਆਸਾਨ ਹੋਵੇਗਾ, ਪਰ ਅਜਿਹਾ ਨਹੀਂ ਹੈ।

(ਨਿਊ ਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ)

# ਪਾਕਿਸਤਾਨ : ਸਹਿਜਧਾਰੀ ਸਿੱਖ ਲੜਕੀ ਨੂੰ ਜਬਰੀ ਮੁਸਲਿਮ ਬਣਾ ਕੇ ਨਿਕਾਹ ਕਰਵਾਇਆ

**ਬੁਨੇਰ/ਬਿਊਰੋ ਨਿਊਜ਼** : ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖਵਾ ਦੇ ਜ਼ਿਲ੍ਹਾ ਬੁਨੇਰ ਦੇ ਪਿੰਡ ਗੁਰਗੁਸ਼ਤ ਦੇ ਸਹਿਜਧਾਰੀ ਸਿੱਖ ਪਰਿਵਾਰ ਦੀ ਲੜਕੀ ਪ੍ਰਿਆ (17) ਨੂੰ ਉਸ ਸਮੇਂ ਅਗਵਾ ਕੀਤਾ ਗਿਆ, ਜਦੋਂ ਉਹ ਸਕੂਲ ਵਿਚੋਂ ਛੁੱਟੀ ਹੋਣ 'ਤੇ ਆਪਣੇ ਘਰ ਜਾ ਰਹੀ ਸੀ। ਉਸ ਦੇ ਪਰਿਵਾਰ ਨੂੰ ਉਸ ਦੀ ਗੁੰਮਸ਼ੁਦਗੀ ਦੀ ਜਾਣਕਾਰੀ ਉਸ ਵਕਤ ਮਿਲੀ ਜਦੋਂ ਮੁਹੱਲੇ ਦੇ ਮੁਸਲਿਮ ਪਰਿਵਾਰਾਂ ਨੇ ਲੜਕੀ ਦੇ ਘਰ ਪਹੁੰਚ ਕੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਪੁੱਤਰੀ ਨੇ ਇਸਲਾਮ ਕਬੂਲ ਕਰਕੇ ਵਾਜਿਦ ਅਲੀ ਨਾਂਅ ਦੇ ਨੌਜਵਾਨ ਨਾਲ ਨਿਕਾਹ ਕਰ ਲਿਆ ਹੈ। ਇਸ 'ਤੇ ਜਦੋਂ ਪ੍ਰਿਆ ਦੇ ਚਾਚਾ ਮਹਿੰਦਰ ਲਾਲ ਨੇ ਸਥਾਨਕ ਪੁਲੀਸ ਸਟੇਸ਼ਨ ਵਿਚ ਆਪਣੀ ਭਤੀਜੀ ਦੀ ਗੁੰਮਸ਼ੁਦਗੀ ਦਾ ਮਾਮਲਾ ਦਰਜ ਕਰਾਉਣਾ ਚਾਹਿਆ ਤਾਂ ਪੁਲੀਸ ਨੇ ਇਹ ਕਹਿ ਕੇ ਮਾਮਲਾ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਹ ਇਕ ਧਾਰਮਿਕ ਮਾਮਲਾ ਹੈ ਤੇ ਪ੍ਰਿਆ ਦੇ ਮੁਸਲਿਮ ਬਣਨ ਮਗਰੋਂ ਉਸ ਦਾ ਆਪਣੇ ਗੈਰ-ਮੁਸਲਿਮ ਪਰਿਵਾਰ ਨਾਲ ਕੋਈ ਸਬੰਧ ਨਹੀਂ ਰਿਹਾ ਹੈ। ਜ਼ਬਰਦਸਤੀ ਕਰਵਾਏ ਗਏ ਧਰਮ ਪਰਿਵਰਤਨ ਦੇ ਉਪਰੋਕਤ ਮਾਮਲੇ ਸਬੰਧੀ ਰਾਜਨੀਤਕ ਦਬਾਅ ਪੈਣ 'ਤੇ ਪੁਲੀਸ ਨੇ ਕਾਰਵਾਈ ਕਰਕੇ ਅਗਵਾਕਰਤਾ ਵਾਜਿਦ ਅਲੀ ਨੂੰ ਪ੍ਰਿਆ ਸਮੇਤ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਪੀੜਤਾ ਤੋਂ ਉਸ ਦੇ ਪਰਿਵਾਰ ਦੇ ਲੋਕਾਂ ਨੂੰ ਦੂਰ ਰੱਖਣ ਦਾ ਆਦੇਸ਼ ਜਾਰੀ ਕਰਦਿਆਂ 15 ਦਿਨਾਂ ਲਈ ਉਸ ਨੂੰ ਮਹਿਲਾ ਪ੍ਰੋਟੈਕਸ਼ਨ ਸੈਂਟਰ ਭੇਜ ਦਿੱਤਾ ਹੈ, ਜਿਥੇ ਉਸ ਪਾਸੋਂ ਸਖ਼ਤੀ ਨਾਲ ਧਰਮ ਪਰਿਵਰਤਨ ਕਰਾਏ ਜਾਣ ਸਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੰਸਥਾ ਦੇ ਕਾਰਕੁਨ ਤੇ ਸਥਾਨਕ ਸਿੱਖ ਆਗੂ ਬਾਬਾ ਗੁਰਪਾਲ ਸਿੰਘ ਨੇ ਦੱਸਿਆ ਕਿ ਜਦੋਂ ਉਹ ਸਥਾਨਕ ਸਿੱਖਾਂ ਨਾਲ ਸਬੰਧਤ ਪੁਲੀਸ ਥਾਣੇ ਵਿਚ ਇਸ ਮਾਮਲੇ ਸਬੰਧੀ ਜਾਣਕਾਰੀ ਲੈਣ ਪਹੁੰਚਿਆ ਤਾਂ ਉਥੇ ਵੱਡੀ ਗਿਣਤੀ ਵਿਚ ਸ਼ਹਿਰ ਦੇ ਮੌਲਵੀ ਮੌਜੂਦ ਸਨ ਅਤੇ ਪੁਲੀਸ 'ਤੇ ਇਸ ਸਬੰਧੀ ਦਰਜ ਕੀਤੇ ਅਗਵਾ ਤੇ ਧਰਮ ਪਰਿਵਰਤਨ ਦੇ ਮਾਮਲੇ ਨੂੰ ਖ਼ਾਰਜ ਕਰਕੇ ਇਸ ਨੂੰ ਪ੍ਰੇਮ ਵਿਆਹ ਦਾ ਮਾਮਲਾ ਸਾਬਤ ਕਰਨ ਲਈ ਦਬਾਅ ਬਣਾ ਰਹੇ ਸਨ। ਗੁਰਪਾਲ ਸਿੰਘ ਨੇ ਦੱਸਿਆ ਕਿ ਪ੍ਰਿਆ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਇਆ ਗਿਆ ਹੈ ਅਤੇ ਇਸ ਸਬੰਧ ਵਿਚ ਸ਼ਹਿਰ ਦੇ ਹਿੰਦੂ-ਸਿੱਖ ਪਰਿਵਾਰਾਂ ਨੇ ਇਨਸਾਫ਼ ਨਾ ਮਿਲਣ 'ਤੇ ਵਿਰੋਧ ਵੱਜੋਂ ਕਾਰੋਬਾਰ ਬੰਦ ਰੱਖ ਕੇ ਪੁਲੀਸ ਪ੍ਰਸ਼ਾਸਨ ਵਿਰੁੱਧ ਪ੍ਰਦਰਸ਼ਨ ਕੀਤਾ। ਉਧਰ ਇਲਾਕੇ ਦੇ ਮੁਸਲਮਾਨਾਂ ਨੇ ਵੀ ਜਨਤਕ ਤੌਰ 'ਤੇ ਚਿਤਾਵਨੀ ਦਿੱਤੀ ਕਿ ਜੇਕਰ ਮੁਸਲਿਮ ਬਣ ਚੁੱਕੀ ਪ੍ਰਿਆ ਨੂੰ ਮੁੜ ਕਾਫ਼ਰ ਬਣਾਇਆ ਗਿਆ ਤਾਂ ਉਹ ਉਸ ਦੇ ਪਰਿਵਾਰ ਅਤੇ ਹੋਰਨਾਂ ਦਾ ਬੁਨੇਰ ਵਿਚ ਰਹਿਣਾ ਮੁਸ਼ਕਿਲ ਕਰ ਦੇਣਗੇ।



**ਡੇਢ ਲੱਖ ਦੇ ਕਰੀਬ ਹਿੰਦੂਆਂ ਦਾ ਧਰਮ ਪਰਿਵਰਤਨ :**

ਸੂਬਾ ਸਿੰਧ ਦੀ ਤਹਿਸੀਲ ਮੇਤਲੀ ਦੇ ਮੁਲਾਣਾ ਦੀਨ ਮੁਹੰਮਦ ਸ਼ੇਖ਼ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਸੰਗਠਨ ਵੱਲੋਂ 1,19,017 ਸਿੰਧੀ ਹਿੰਦੂਆਂ ਦਾ ਧਰਮ ਪਰਿਵਰਤਨ ਕਰਵਾਇਆ ਗਿਆ, ਜਦੋਂ ਕਿ ਦੇਵਬੰਦ ਸੈਮੀਨਰੀ ਦੇ ਮਦਰਸਾ ਬੇਤੁਲ ਇਸਲਾਮ 437 ਹਿੰਦੂਆਂ ਨੂੰ, ਕਰਾਚੀ ਦੇਜਾਮੀਆ ਬਿਨੋਰੀਆ ਮਦਰਸੇ ਵੱਲੋਂ 161 ਇਸਾਈ, 149 ਹਿੰਦੂ, ਦੋ ਬੋਧੀ, 9 ਅਹਿਮਦੀਆ ਅਤੇ ਦੋ ਹੋਰਨਾਂ ਦਾ ਧਰਮ ਪਰਿਵਰਤਨ ਕਰਵਾਇਆ ਗਿਆ। ਇਸ ਤਰ੍ਹਾਂ ਬਰੁਚਬੰਦੀ ਸ਼ਰੀਫ਼ ਦਰਗਾਹ ਦੇ ਪੀਰ ਅਬਦੁਲ ਹੱਕ ਉਰਫ਼ ਮੀਆਂ ਮਿੱਠੂ ਦਾ ਦਾਅਵਾ ਹੈ ਕਿ ਉਸ ਦੀ ਦਰਗਾਹ 'ਤੇ ਅਜੇ ਤੱਕ 2000 ਤੋਂ ਵਧੇਰੇ ਹਿੰਦੂ ਆਪਣੀ ਇੱਛਾ ਨਾਲ ਇਸਲਾਮ ਕਬੂਲ ਕਰ ਚੁੱਕੇ ਹਨ।

# ਦਿੱਲੀ ਵਿਧਾਨ ਸਭਾ ਚੋਣਾਂ 'ਚ ਹੀ ਬੀਜੇ ਗਏ ਸਨ ਹਾਰ ਦੇ ਬੀਜ

**'ਆਪ' ਵਿਰੋਧ ਨਾਲ ਜਨਮੀ ਸੀ। ਵਿਰੋਧ ਉਦੋਂ ਹੁੰਦਾ ਹੈ, ਜਦੋਂ ਕੰਮ ਕਰਨ ਵਾਲਾ ਪੱਖਪਾਤੀ ਹੋਵੇ। ਪ੍ਰੇਸ਼ਾਨ ਲੋਕਾਂ ਵਲੋਂ ਇਮਾਨਦਾਰੀ ਨਾਲ ਕੀਤੇ ਗਏ ਵਿਰੋਧ ਨੂੰ ਸਮਰਥਨ ਮਿਲਦਾ ਹੈ। ਪਰ ਜਦੋਂ 'ਆਪ' ਹੀ ਇੰਚਾਰਜ ਹੋਵੇ ਤਾਂ ਸ਼ਿਕਾਇਤ ਕਰਨਾ ਪਰ ਕੰਮ ਨਾ ਕਰਨਾ ਵਿਰੋਧ ਨਹੀਂ ਹੈ। ਇਹ ਤਾਂ ਰੋਂਦੇ ਰਹਿੰਦੇ ਹਨ। ਦਿੱਲੀ 'ਤੇ ਸ਼ਾਸਨ ਕਰਨ ਦੀ ਥਾਂ 'ਆਪ' ਨੇ ਇਹੀ ਕੀਤਾ।**

**ਚੇਤਨ ਭਗਤ**

ਦਿੱਲੀ ਨਗਰ ਨਿਗਮ ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਬੁਰੀ ਤਰ੍ਹਾਂ ਹਾਰ ਗਈ। ਪਿਛਲੇ ਵਿਧਾਨ ਸਭਾ ਚੋਣਾਂ 'ਚ 95 ਫ਼ੀਸਦੀ ਸੀਟਾਂ ਜਿੱਤਣ ਵਾਲੀ ਪਾਰਟੀ ਇਸ ਵਾਰ ਜਿਵੇਂ-ਤਿਵੇਂ 48 ਸੀਟਾਂ ਹੀ ਪ੍ਰਾਪਤ ਕਰ ਸਕੀ। ਅਜਿਹਾ ਕੀ ਹੋ ਗਿਆ? ਇਸ ਦਾ 'ਆਪ' ਲਈ ਕੀ ਮਤਲਬ ਹੈ?

'ਆਪ' ਹਾਲ ਹੀ 'ਚ ਗੋਆ ਅਤੇ ਪੰਜਾਬ 'ਚ ਵੀ ਹਾਰ ਗਈ, ਪਰ ਉਹ ਤਾਂ ਸੂਬਿਆਂ ਦੇ ਚੋਣ 'ਚ ਸ਼ੁਰੂਆਤੀ ਕੋਸ਼ਿਸ਼ ਸੀ। ਪਰ ਦਿੱਲੀ 'ਚ ਮਿਲੀ ਹਾਰ ਬਹੁਤ ਬੁਰੀ ਹੈ, ਕਿਉਂਕਿ ਦਿੱਲੀ ਨੇ ਹੀ 'ਆਪ' ਨੂੰ ਜਨਮ ਦੇ ਕੇ ਉਸ ਨੂੰ ਬਣਾਇਆ ਸੀ। ਹੁਣ ਜੇ ਦਿੱਲੀ ਵੀ ਇਸ ਨੂੰ ਨਹੀਂ ਚਾਹੁੰਦੀ ਤਾਂ ਇਹ ਆਧਾਰਹੀਣ, ਦਿਸ਼ਾਹੀਣ ਪਾਰਟੀ ਹੋ ਗਈ ਹੈ। ਹੁਣ ਵੀ ਪਾਰਟੀ ਕੋਲ ਕੁੱਝ ਸਾਲਾਂ ਦਾ ਕਾਰਜਕਾਲ ਬਾਕੀ ਹੈ। ਪਰ ਸ਼ਾਸਨ ਕਰਨ ਦਾ ਨੈਤਿਕ ਲੋਕ ਮਤ ਕੁੱਝ ਹੱਦ ਤੱਕ ਭੰਗ ਹੋ ਗਿਆ ਹੈ। ਹਾਲੇ ਤਾਂ ਅਜਿਹੀ ਹਾਲਤ ਹੈ ਕਿ ਪਾਰਟੀ ਦੇਸ਼ 'ਚ ਕਿਤੇ ਵੀ ਜਿੱਤ ਨਹੀਂ ਸਕਦੀ। ਉਸ ਨੂੰ ਬਹੁਤ ਡੂੰਘੀ ਖੱਡ 'ਚੋਂ ਬਾਹਰ ਆਉਣਾ ਹੋਵੇਗਾ। ਅਜਿਹੀ ਪਾਰਟੀ ਲਈ ਇਹ ਬਹੁਤ ਵੱਡਾ ਝਟਕਾ ਹੈ, ਜਿਸ ਦਾ ਨੇਤਾ 2019 'ਚ ਪ੍ਰਧਾਨ ਮੰਤਰੀ ਅਹੁਦੇ ਅਤੇ ਕੌਮੀ ਪਾਰਟੀ ਦੀ ਪਛਾਣ ਹਾਸਲ ਕਰਨ ਦੀ ਇੱਛਾ ਰੱਖਦਾ ਸੀ। ਇਸ ਵਿਨਾਸ਼ ਦੇ ਬੀਜ ਪਿਛਲੇ ਵਿਧਾਨ ਸਭਾ ਚੋਣਾਂ 'ਚ ਹੀ ਬੀਜ ਦਿੱਤੇ ਗਏ ਸਨ। ਇਸੇ ਲਈ 'ਆਪ' ਨੇ ਆਪਣਾ ਰੁਤਬਾ ਗੁਆ ਦਿੱਤਾ ਸੀ ਕਿ ਇਹ ਅਜਿਹੀ ਪਾਰਟੀ ਹੈ, ਜੋ ਚੰਗੇ ਲੋਕਾਂ ਨੂੰ ਚੋਣਾਂ 'ਚ ਜੇਤੂ ਬਣਾਉਂਦੀ ਹੈ। ਚੰਗੇ ਲੋਕ ਹਮੇਸ਼ਾ ਤੋਂ ਹੀ ਦੇਸ਼ 'ਚ ਰਹੇ ਹਨ, ਪਰ ਬਹੁਤ ਘੱਟ ਮੌਕਿਆਂ 'ਤੇ ਹੀ ਉਹ ਚੋਣ ਜਿੱਤ ਪਾਉਂਦੇ ਹਨ। 'ਆਪ' ਨੇ ਆਪਣੇ ਗਠਨ ਤੋਂ ਬਾਅਦ ਇਹ ਸੰਭਵ ਬਣਾਇਆ, ਜਦੋਂ ਇਸ ਨੇ ਦਿੱਲੀ ਦੀ 70 'ਚੋਂ 28 ਸੀਟਾਂ ਜਿੱਤਿਆਂ। ਉਸ ਤੋਂ ਬਾਅਦ ਨਾਟਕੀ ਤਰੀਕੇ ਨਾਲ ਅਸਤੀਫ਼ੇ ਅਤੇ ਰਹਿਮ ਅਪੀਲ ਹੋਈ। ਹਾਲਾਂਕਿ 2014 ਦਾ ਚੋਣ ਜਿੱਤਣ ਲਈ ਅਰਵਿੰਦ ਕੇਜਰੀਵਾਲ ਨੇ ਅਜਿਹੇ ਲੋਕਾਂ ਨੂੰ 'ਆਪ' ਵਿਚ ਸ਼ਾਮਲ ਕੀਤਾ, ਜੋ ਚੰਗੇ ਨਹੀਂ ਸਨ। ਕਈ ਤਾਂ ਦਾਗ਼ੀ ਪਛਾਣ ਵਾਲੇ ਸਾਬਕਾ ਨੇਤਾ ਸਨ। ਸ਼ਾਇਦ ਉਨ੍ਹਾਂ ਨੂੰ ਲੱਗਾ ਕਿ ਆਦਰਸ਼ਵਾਦ ਪਾਰਟੀ ਨੂੰ ਇੱਥੇ ਤੱਕ ਹੀ ਲਿਆ ਸਕਦਾ ਸੀ। ਇਸ ਲਈ ਉਨ੍ਹਾਂ ਨੇ ਪ੍ਰਸ਼ਾਂਤ ਭੂਸ਼ਨ ਅਤੇ ਯੋਗੇਂਦਰ ਯਾਦਵ ਜਿਹੇ 'ਆਪ' ਦੇ ਸਹਿ-ਸੰਸਥਾਪਕਾਂ ਨੂੰ ਵੀ ਬਾਹਰ ਕੱਢਣ 'ਤੇ ਮਜਬੂਰ ਕਰਨਾ




ਪਿਆ। ਅਰਵਿੰਦ ਜਿਸ ਤਰ੍ਹਾਂ ਚੋਣ ਜਿੱਤਣਾ ਚਾਹੁੰਦੇ ਸਨ, ਉਸ ਲਈ ਇਹ ਜ਼ਰੂਰਤ ਤੋਂ ਵੱਧ ਚੰਗੇ ਲੋਕ ਸਨ। 'ਆਪ' ਨੇ ਲੋਕਾਂ ਨਾਲ ਝੂਠੇ ਵਾਅਦੇ ਕੀਤੇ, ਇਹ ਅਜਿਹੀ ਗੱਲ ਹੈ, ਜੋ ਕੋਈ ਵੀ ਚੰਗੀ ਪਾਰਟੀ ਨਹੀਂ ਕਰੇਗੀ। ਪਰ ਤੁਹਾਨੂੰ ਤਾਂ ਉਹ ਸਭ ਕਰਨਾ ਪੈਂਦਾ ਹੈ, ਜੋ ਜਿੱਤਣ ਲਈ ਜ਼ਰੂਰੀ ਹੈ। ਉਨ੍ਹਾਂ ਨੂੰ ਵੱਡੀ ਜਿੱਤ ਮਿਲੀ, ਪਰ ਉਨ੍ਹਾਂ ਨੇ ਅਜਿਹਾ ਕੁੱਝ ਖੋਅ ਦਿੱਤਾ, ਜਿਸ ਤੋਂ 'ਆਪ' ਕਦੇ ਲੀਹ 'ਤੇ ਨਹੀਂ ਆ ਸਕੀ। ਚੰਗੇ ਲੋਕਾਂ ਦੀ ਪਾਰਟੀ ਹੋਣ ਦਾ ਰੁਤਬਾ ਗੁਆ ਕੇ 'ਆਪ' ਹੋਰਾਂ ਦੇ ਮੁਕਾਬਲੇ 'ਘੱਟ ਬੁਰੇ' ਲੋਕਾਂ ਦੀ ਪਾਰਟੀ ਬਣ ਗਈ। ਬੇਸ਼ੱਕ ਜਿੱਤ ਦੇ ਜਸ਼ਨ ਨੇ 'ਆਪ' ਦੇ ਨੈਤਿਕ ਤਾਣੇ-ਬਾਣੇ 'ਚ ਆਏ ਇਸ ਅੰਤਰ ਨੂੰ ਕੋਈ ਵੱਡੀ ਗੱਲ ਨਹੀਂ ਮੰਨੀ, ਪਰ 'ਆਪ' ਲਈ ਕੰਮ ਕਰਨ ਲਈ ਆਪਣਾ ਕਰੀਅਰ ਛੱਡਣ ਵਾਲੇ ਕਈ ਹੋਣਹਾਰ ਵਿਦਿਆਰਥੀ ਅਤੇ ਪ੍ਰਸਿੱਧ ਕੰਪਨੀਆਂ ਦੇ ਐਗਜ਼ੀਕਿਊਟਿਵ ਜਾ ਚੁੱਕੇ ਸਨ। ਸਮਾਜ ਦੇ ਚੰਗੇ ਲਈ 'ਆਪ' ਵਿਚ ਕੰਮ ਕਰਨ ਆਏ ਕਾਰਕੁਨਾਂ ਦੀ ਥਾਂ ਰਾਜਨੀਤੀ 'ਚ ਕਰੀਅਰ ਬਣਾਉਣ ਦੀ ਇੱਛਾ ਰੱਖਣ ਵਾਲੇ ਕਾਰਕੁਨ ਆ ਗਏ। ਦੂਜੇ ਸ਼ਬਦਾਂ 'ਚ 'ਆਪ' ਕਿਸੇ ਵੀ ਹੋਰ ਰਾਜਨੀਤਕ ਪਾਰਟੀ ਜਿਹੀ ਹੋ ਗਈ। ਇਸ ਦਾ ਟੀਚਾ ਸਿਰਫ਼ ਚੋਣ ਜਿੱਤਣਾ ਰਹਿ ਗਿਆ।

'ਆਪ' ਨੇ ਪੰਜਾਬ 'ਤੇ ਧਿਆਨ ਲਗਾਇਆ, ਜਿੱਥੇ ਇਸ ਨੂੰ ਕੁੱਝ ਹਿੱਸਿਆਂ 'ਚ ਸਮਰਥਨ ਮਿਲਿਆ ਸੀ। ਇਸ ਨੇ ਕਮਜ਼ੋਰ ਕਾਂਗਰਸ ਤੋਂ ਪੈਦਾ ਹੋਈ ਖ਼ਾਲੀ ਥਾਂ ਨੂੰ ਭਰ ਕੇ ਭਾਜਪਾ ਤੇ ਮੋਦੀ ਨੂੰ ਚੁਣੌਤੀ ਦੇਣ ਦੀ ਸੋਚੀ। ਨੈਤਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰਨ ਦੀ ਗੱਲ ਛੱਡ ਦਿੱਤੀ ਜਾਵੇ ਤਾਂ ਬਾਕੀ ਰਾਜਨੀਤਕ ਰਣਨੀਤੀ ਗ਼ਲਤ ਨਹੀਂ ਸੀ। ਹਾਲਾਂਕਿ ਇਨ੍ਹਾਂ ਸਾਰਿਆਂ 'ਚ 'ਆਪ' ਇਕ ਚੀਜ਼ ਭੁਲਾ ਬੈਠੀ। ਇਸ ਨੇ ਦਿੱਲੀ ਦੀ ਅਣਦੇਖੀ ਕਰ ਦਿੱਤੀ। ਇਸ ਨੇ ਉਨ੍ਹਾਂ ਲੋਕਾਂ ਦੀ ਅਣਦੇਖੀ ਕਰ ਦਿੱਤੀ, ਜੋ ਇਸ ਨੂੰ ਸੱਤਾ 'ਚ ਲੈ ਕੇ ਆਏ ਸਨ। ਨਵੀਂ ਪਾਰਟੀ ਹੋਣ ਕਾਰਨ ਸ਼ਾਸਨ ਦਾ ਇਸ ਦਾ ਕੋਈ ਇਤਿਹਾਸ ਨਹੀਂ ਸੀ। ਇਸ ਲਈ ਦਿੱਲੀ ਦਾ ਸ਼ਾਸਨ ਸਿਰਫ਼ ਦਿੱਲੀ ਵਾਲਿਆਂ ਲਈ ਨਹੀਂ ਸੀ, ਸਗੋਂ ਬਾਕੀ ਭਾਰਤ ਲਈ ਸੀ, ਜੋ ਆਂਕਣ ਕਰਨ ਵਾਲੇ ਸਨ ਕਿ 'ਆਪ' ਸ਼ਾਸਨ ਕਰ ਸਕਦੀ ਹੈ ਜਾਂ ਨਹੀਂ। ਪਰ 'ਆਪ' ਨੇ ਸ਼ਾਸਨ ਨਹੀਂ ਕੀਤਾ, ਇਹ ਸ਼ਿਕਾਇਤਾਂ ਕਰਦੀ ਰਹੀ। ਫਿਰ ਕੁੱਝ ਹੋਰ ਰੋਣਾ ਰੋਂਦੀ ਰਹੀ। ਉਹ ਰੋਜ਼ ਹੀ ਉਪ ਰਾਜਪਾਲ ਨੂੰ ਦੋਸ਼ੀ ਦੱਸਦੀ, ਪ੍ਰਧਾਨ ਮੰਤਰੀ ਨੂੰ ਹਰ ਹਫ਼ਤੇ, ਦਿੱਲੀ ਨਗਰ ਨਿਗਮ ਨੂੰ ਮਹੀਨੇ 'ਚ ਕਈ ਵਾਰ ਅਤੇ ਦਿੱਲੀ ਪੁਲੀਸ ਨੂੰ ਜਦੋਂ ਵੀ ਜੀਅ ਕਰਦਾ ਦੋਸ਼ ਲਗਾਉਂਦੀ ਰਹਿੰਦੀ।

'ਆਪ' ਵਿਰੋਧ ਨਾਲ ਜਨਮੀ ਸੀ। ਵਿਰੋਧ ਉਦੋਂ ਹੁੰਦਾ ਹੈ, ਜਦੋਂ ਕੰਮ ਕਰਨ ਵਾਲਾ ਪੱਖਪਾਤੀ ਹੋਵੇ। ਪ੍ਰੇਸ਼ਾਨ ਲੋਕਾਂ ਵਲੋਂ ਇਮਾਨਦਾਰੀ ਨਾਲ ਕੀਤੇ ਗਏ ਵਿਰੋਧ ਨੂੰ ਸਮਰਥਨ ਮਿਲਦਾ ਹੈ। ਪਰ ਜਦੋਂ 'ਆਪ' ਹੀ ਇੰਚਾਰਜ ਹੋਵੇ ਤਾਂ ਸ਼ਿਕਾਇਤ ਕਰਨਾ ਪਰ ਕੰਮ ਨਾ ਕਰਨਾ ਵਿਰੋਧ ਨਹੀਂ ਹੈ। ਇਹ ਤਾਂ ਰੋਂਦੇ ਰਹਿੰਦੇ ਹਨ। ਦਿੱਲੀ 'ਤੇ ਸ਼ਾਸਨ ਕਰਨ ਦੀ ਥਾਂ 'ਆਪ' ਨੇ ਇਹੀ ਕੀਤਾ। ਇਸ ਨੇ ਰੌਣਾ ਰੋਇਆ, ਵਿਰੋਧ ਕੀਤਾ, ਗੁਹਾਰ ਲਗਾਈ, ਸ਼ਿਕਾਇਤਾਂ ਕੀਤੀਆਂ ਤਾਂ ਕਿ ਖ਼ੁਦ ਨੂੰ ਛੱਡ ਕੇ ਕਿਸੇ 'ਤੇ ਵੀ ਜ਼ਿੰਮੇਵਾਰੀ ਪਾਈ ਜਾ ਸਕੇ। ਪਰ ਇਹ ਤਰਕੀਬ ਕੰਮ ਨਹੀਂ ਆਈ।

**ਬਾਕੀ ਸਫ਼ਾ 32 'ਤੇ**

# ਸੰਘ ਦੇ ਹਿੰਦੀ-ਹਿੰਦੂ-ਹਿੰਦੁਸਤਾਨ ਦੀ ਰਾਹ 'ਤੇ ਭਾਜਪਾ

**ਸਮਾਜਿਕ ਨਿਆਂ ਦੇ ਮਾਮਲੇ ਨੂੰ ਵੇਖੀਏ ਤਾਂ ਅੰਬੇਦਕਰ ਨੇ ਜਾਤੀ ਖ਼ਾਤਮੇ ਦੀ ਗੱਲ ਕਹੀ ਸੀ, ਜਿਸ 'ਚ ਭਾਰਤ ਦੇ ਆਧੁਨਿਕ ਤੇ ਸੰਵਿਧਾਨਿਕ ਲੋਕਤੰਤਰ ਨੂੰ ਆਜ਼ਾਦੀ, ਸਮਾਨਤਾ ਤੇ ਭਾਈਚਾਰੇ ਦੇ ਖੰਭ 'ਤੇ ਸਥਾਪਤ ਕਰਨ ਦੀ ਗੱਲ ਆਖੀ ਸੀ। ਪਰ ਇੰਨੇ ਸਾਲ ਬੀਤਣ ਤੋਂ ਬਾਅਦ ਅੰਬੇਦਕਰ ਦੀ ਸਮਾਜਿਕ ਨਿਆਂ ਦੀ ਗੱਲ ਜਾਤੀ ਆਧਾਰਤ ਸੋਸ਼ਲ ਇੰਜਨੀਅਰਿੰਗ 'ਚ ਤਬਦਲੀ ਹੋ ਚੁੱਕੀ ਹੈ। ਅੰਬੇਦਕਰ ਨੇ ਚਿਤਾਵਨੀ ਦਿੱਤੀ ਸੀ ਕਿ ਭਾਰਤ ਲਈ ਹਿੰਦੂ ਰਾਸ਼ਟਰ ਬਣਨਾ ਸਭ ਤੋਂ ਵੱਡਾ ਖਤਰਾ ਹੋਵੇਗਾ, ਪਰ ਉਨ੍ਹਾਂ ਦੀ ਚਿਤਾਵਨੀ ਨੂੰ ਅਣਗੋਲਿਆਂ ਕਰਦਿਆਂ ਮਾਇਆਵਤੀ ਨੇ 2002 'ਚ ਗੁਜਰਾਤ ਵਿੱਚ ਮੋਦੀ ਲਈ ਚੋਣ ਪ੍ਰਚਾਰ ਕੀਤਾ ਸੀ ਅਤੇ ਭਾਜਪਾ ਨਾਲ ਉੱਤਰ ਪ੍ਰਦੇਸ਼ 'ਚ ਹੱਥ ਵੀ ਮਿਲਾਇਆ ਸੀ।**

**ਦੀਪਕ ਭੱਟਾਚਾਰਿਆ**



2014 ਦੀਆਂ ਲੋਕ ਸਭਾ ਚੋਣਾਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਤੋਂ ਤਿੰਨ ਸਾਲ ਬਾਅਦ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਵੀ ਭਾਰਤੀ ਜਨਤਾ ਪਾਰਟੀ ਨੇ ਵਧੀਆ ਪ੍ਰਦਰਸ਼ਨ ਕੀਤਾ ਹੈ। ਮਈ, 2014 'ਚ ਉੱਤਰ ਪ੍ਰਦੇਸ਼ ਨੇ ਹੀ ਉਹ ਜ਼ਮੀਨ ਤਿਆਰ ਕੀਤੀ, ਜਿਸ ਦੇ ਆਧਾਰ 'ਤੇ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਮਾਰਚ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਨੇ ਭਾਰਤੀ ਜਨਤਾ ਪਾਰਟੀ ਨੂੰ ਉਹ ਤਾਕਤ ਦਿੱਤੀ ਕਿ ਉਹ ਦੇਸ਼ ਦੇ ਸਭ ਤੋਂ ਵੱਡੇ ਸੂਬੇ 'ਚ ਆਰ.ਐਸ.ਐਸ. ਅਤੇ ਭਾਜਪਾ ਦੇ ਫਾਸੀਵਾਦ ਏਜੰਡੇ ਨੂੰ ਪੂਰਾ ਕਰਨ ਲਈ ਯੋਗੀ ਆਦਿਤਿਯਾਨਾਥ ਨੂੰ ਮੁੱਖ ਮੰਤਰੀ ਬਣਾ ਸਕੇ।

ਦਰਅਸਲ, ਭਾਰਤ ਦੀ ਚੋਣ ਵਿਵਸਥਾ ਇਸ ਸਮੇਂ ਭਾਜਪਾ ਦੇ ਪੱਖ 'ਚ ਨਾਟਕੀ ਢੰਗ ਨਾਲ ਕੰਮ ਕਰ ਰਹੀ ਹੈ। ਸਿਰਫ 31 ਫ਼ੀਸਦੀ ਵੋਟਾਂ ਉਸ ਨੂੰ ਲੋਕ ਸਭਾ 'ਚ ਸਪਸ਼ਟ ਬਹੁਮਤ ਦਿਵਾਉਂਦੀ ਹੈ ਅਤੇ ਉੱਤਰ ਪ੍ਰਦੇਸ਼ 'ਚ 39 ਫ਼ੀਸਦੀ ਵੋਟਾਂ ਨਾਲ ਉਸ ਨੂੰ 80 ਫ਼ੀਸਦੀ ਸੀਟਾਂ ਮਿਲੀਆਂ ਹਨ। ਉਥੇ ਹੀ ਲੋਕ ਸਭਾ 'ਚ 20 ਫ਼ੀਸਦੀ ਵੋਟਾਂ ਹਾਸਲ ਕਰਨ ਦੇ ਬਾਵਜੂਦ ਬਹੁਜਨ ਸਮਾਜ ਪਾਰਟੀ ਨੂੰ ਕੋਈ ਸੀਟ ਨਹੀਂ ਮਿਲਦੀ ਅਤੇ ਵਿਧਾਨ ਸਭਾ 'ਚ 20 ਫ਼ੀਸਦੀ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਦੇ ਬਾਵਜੂਦ ਉਸ ਨੂੰ ਸਿਰਫ 5 ਫ਼ੀਸਦੀ ਸੀਟਾਂ ਮਿਲੀਆਂ ਹਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ ਈ.ਵੀ.ਐਮ. ਦੇ ਨਾਲ ਸੰਭਾਵੀ ਛੇੜਛਾੜ ਦਾ ਮਾਮਲਾ ਵੀ ਉਭਰਿਆ ਹੈ। ਕੁੱਝ ਲੋਕ ਬੈਲੇਟ ਪੇਪਰ ਰਾਹੀਂ ਚੋਣਾਂ ਕਰਵਾਉਣ ਦੀ ਮੰਗ ਕਰ ਰਹੇ ਹਨ। ਪਰ ਇਸ ਆਧਾਰ 'ਤੇ ਭਾਰਤੀ ਜਨਤਾ ਪਾਰਟੀ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕੀ, ਕਿਉਂਕਿ ਇਸੇ ਵਿਵਸਥਾ 'ਚ ਦੂਜੀਆਂ ਪਾਰਟੀਆਂ ਨੂੰ ਪਿਛੋਕੜ 'ਚ ਬਹੁਮਤ ਮਿਲਿਆ ਹੈ। ਭਾਜਪਾ ਦੇ ਖਤਰਨਾਕ ਏਜੰਡੇ ਅਤੇ ਤਾਨਾਸ਼ਾਹੀ ਸ਼ਾਸਨ ਵਿਰੁੱਧ ਵੱਡੇ ਪੱਧਰ ਅਤੇ ਰਾਜਨੀਤਕ ਤੌਰ 'ਤੇ ਲੋਕਾਂ ਨੂੰ ਜਾਗਰੂਕ ਤੇ ਇਕਜੁੱਟ ਕਰਨ ਦੀ ਲੋੜ ਹੈ। ਜ਼ਮੀਨੀ ਪੱਧਰ 'ਤੇ ਅਜਿਹਾ ਵਿਰੋਧ ਕਰਨ ਤੋਂ ਪਹਿਲਾਂ ਇਹ ਵੇਖਣਾ ਹੋਵੇਗਾ ਕਿ ਮੋਦੀ ਦੀ ਅਗਵਾਈ 'ਚ ਭਾਜਪਾ ਇੰਨਾ ਚੰਗਾ ਪ੍ਰਦਰਸ਼ਨ ਕਿਵੇਂ ਕਰ ਰਹੀ ਹੈ?

ਕੁੱਝ ਲੋਕਾਂ ਦਾ ਮੰਨਣਾ ਹੈ ਕਿ ਭਾਜਪਾ ਦੀ ਕਾਮਯਾਬੀ 'ਚ ਆਰ.ਐਸ.ਐਸ. ਦੀ ਅਹਿਮ ਭੂਮਿਕਾ ਹੈ ਅਤੇ ਮੀਡੀਆ 'ਚ ਅਚਾਨਕ ਆਰ.ਐਸ.ਐਸ. ਨੂੰ ਅਹਿਮਿਅਤ ਮਿਲਣ ਲੱਗੀ ਹੈ। ਇਹ ਗੱਲ ਆਪਣੀ ਥਾਂ ਸਹੀ ਹੈ ਕਿ ਆਰ.ਐਸ.ਐਸ. ਲਗਾਤਾਰ ਭਾਜਪਾ ਦੀ ਅਗਵਾਈ ਕਰਦੀ ਰਹੀ ਹੈ ਅਤੇ ਬੀਤੇ 9 ਦਹਾਕਿਆਂ ਤੋਂ ਇਸ ਦੇ ਸੰਗਠਨ ਲੋਕਾਂ ਵਿਚਕਾਰ ਰਾਜਨੀਤਕ ਨੈੱਟਵਰਕ ਤਿਆਰ ਕਰਨ ਲਈ ਮਦਦ ਕਰਦੇ ਰਹੇ ਹਨ। ਪਰ ਭਾਜਪਾ ਦੀ ਮੌਜੂਦਾ ਕਾਮਯਾਬੀ ਨਵੀਂ ਗੱਲ ਹੈ। ਭਾਜਪਾ ਦੀ ਮੌਜੂਦਾ ਕਾਮਯਾਬੀ ਬਾਰੇ ਇਹ ਕਹਿਣਾ ਸਹੀ ਨਹੀਂ ਹੈ ਕਿ ਆਰ.ਐਸ.ਐਸ. ਦੀ ਵਿਚਾਰਧਾਰਾ ਹਰਮਨਪਿਆਰੀ ਹੋ ਰਹੀ ਹੈ। ਆਰ.ਐਸ.ਐਸ. ਦੀ ਭੂਮਿਕਾ ਨੂੰ ਨਾ ਤਾਂ ਘੱਟ ਕਰਕੇ ਵੇਖੇ ਜਾਣ ਦੀ ਲੋੜ ਹੈ ਅਤੇ ਨਾ ਹੀ ਵਧਾ-ਚੜ੍ਹਾ ਕੇ ਅਨੁਮਾਨ ਲਗਾਉਣ ਦੀ ਲੋੜ ਹੈ। ਅਜਿਹੇ ਹਾਲਾਤ 'ਚ ਸਾਨੂੰ ਉਸ ਵਾਤਾਵਰਣ 'ਤੇ ਧਿਆਨ ਦੇਣਾ ਹੋਵੇਗਾ ਕਿ ਜਿਸ ਰਾਹੀਂ ਭਾਜਪਾ ਦੀ ਸਥਿਤੀ ਇੰਨੀ ਮਜ਼ਬੂਤ ਹੋਈ ਹੈ। ਨੀਤੀਗਤ ਆਧਾਰ 'ਤੇ ਸਾਰੀਆਂ ਸੱਤਾਧਾਰੀ ਪਾਰਟੀਆਂ ਦਾ ਏਜੰਡਾ ਇਕੋ ਜਿਹਾ ਹੈ। ਭਾਵੇਂ ਉਹ ਆਰਥਿਕ ਨੀਤੀਆਂ 'ਚ ਉਦਾਰੀਕਰਨ ਨੂੰ ਉਤਸ਼ਾਹਤ ਕਰਨਾ ਹੋਵੇ ਜਾਂ ਫਿਰ ਨਿੱਜੀਕਰਨ ਤੇ ਭੂਮੰਡਲੀਕਰਨ ਦੀ ਗੱਲ ਹੋਵੇ। ਇਸ ਤੋਂ ਇਲਾਵਾ ਵਿਦੇਸ਼ ਨੀਤੀ 'ਚ ਅਮਰੀਕਾ ਦੇ ਪੱਖ 'ਚ ਰਹਿਣਾ ਹੋਵੇ ਜਾਂ ਫਿਰ ਤਾਨਾਸ਼ਾਹੀ ਸ਼ਾਸਨ ਰਾਹੀਂ ਵਿਰੋਧ ਦਬਾਉਣ ਦੀ ਰਾਜਨੀਤੀ ਹੋਵੇ, ਜਿਸ ਲਈ ਅਫਸਪਾ, ਯੂ.ਏ.ਪੀ.ਏ. ਅਤੇ ਦੇਸ਼ਧ੍ਰੋਹ ਦੇ ਕਾਨੂੰਨ ਹਨ।

ਨਾਲ ਹੀ, ਆਧਾਰ ਕਾਰਡ ਰਾਹੀਂ ਲੋਕਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਮੋਦੀ ਅਤੇ ਮਨਮੋਹਨ ਸਿੰਘ ਦੀ ਸ਼ਖ਼ਸੀਅਸਤ 'ਚ ਭਾਵੇਂ ਕਾਫੀ ਫਰਕ ਹੋਵੇ, ਪਰ ਨੀਤੀਆਂ ਨੂੰ ਲਾਗੂ ਕਰਨ 'ਚ ਦੋਵੇਂ ਬਰਾਬਰ ਹਨ। ਫੈਸਲਿਆਂ 'ਚ ਬਰਾਬਰੀ ਤੋਂ ਇਲਾਵਾ ਰਾਜਨੀਤਕ ਵਿਚਾਰ ਤੇ ਧਾਰਨਾ ਦੇ ਮਤਲਬ ਵੀ ਬਦਲ ਰਹੇ ਹਨ। ਪਹਿਲਾਂ ਦੇ ਰਾਸ਼ਟਰਵਾਦ, ਵਿਦੇਸ਼ ਬਸਤੀਵਾਦ ਵਿਰੁੱਧ ਸੰਘਰਸ਼ ਨਾਲ ਆਇਆ ਸੀ, ਪਰ ਅੱਜ ਦਾ ਰਾਸ਼ਟਰਵਾਦ ਸਿਰਫ਼ ਪਾਕਿਸਤਾਨ ਤੇ ਚੀਨ ਜਿਹੇ ਗੁਆਂਢੀ ਦੇਸ਼ਾਂ ਦੇ ਵਿਰੋਧ ਤੱਕ ਸੀਮਤ ਰਹਿ ਗਿਆ ਹੈ। ਦੂਜੇ ਪਾਸੇ ਭਾਰਤ ਅਮਰੀਕਾ ਦਾ ਜੂਨੀਅਰ ਪਾਟਨਰ ਬਣਨ ਲਈ ਤਿਆਰ ਹੈ। ਨਸਲੀ ਤੇ ਤਾਨਾਸ਼ਾਹ ਉਪ-ਨਿਵੇਸ਼ੀ ਅਮਰੀਕੀ ਤਾਕਤ ਦੇ ਸਾਹਮਣੇ ਰਾਸ਼ਟਰਵਾਦ ਰੋੜਾ ਨਹੀਂ ਬਣਦਾ। ਧਰਮ-ਨਿਰਪੇਖ ਇਕ ਆਧੁਨਿਕ ਵਿਚਾਰ ਸੀ, ਜਿਸ 'ਚ ਧਰਮ ਤੇ ਰਾਜਨੀਤੀ ਨੂੰ ਵੱਖ-ਵੱਖ ਰੱਖਿਆ ਜਾਂਦਾ ਸੀ, ਪਰ ਹੁਣ ਧਰਮ ਦੇ ਨਾਂ 'ਤੇ ਰਾਜਨੀਤੀ ਹੋ ਰਹੀ ਹੈ। ਆਰ.ਐਸ.ਐਸ. ਪਰਿਵਾਰ ਹਿੰਦੁਤਵ ਦਾ ਝੰਡਾ ਬੁਲੰਦ ਕਰ ਰਿਹਾ ਹੈ। ਆਧੁਨਿਕ ਭਾਰਤ ਬਾਰੇ ਕਿਹਾ ਜਾਂਦਾ ਰਿਹਾ ਹੈ ਕਿ ਅਨੇਕਤਾ 'ਚ ਏਕਤਾ ਦਾ ਦੇਸ਼ ਹੈ।

ਪਰ ਹੁਣ ਭਿੰਨਤਾ ਨੂੰ ਸਨਮਾਨ ਨਾ ਦੇਣ ਅਤੇ ਉਸ ਦਾ ਜਸ਼ਨ ਨਾ ਮਨਾਉਣ ਲਈ ਕਿਹਾ ਜਾ ਰਿਹਾ ਹੈ। ਹੁਣ ਜ਼ੋਰ ਭਿੰਨਤਾ ਦੀ ਥਾਂ ਏਕਤਾ 'ਤੇ ਦਿੱਤਾ ਜਾ ਰਿਹਾ ਹੈ ਅਤੇ ਇਹ ਏਕਤਾ ਆਰ.ਐਸ.ਐਸ. ਦੇ ਹਿੰਦੀ-ਹਿੰਦੂ-ਹਿੰਦੁਤਾਨ ਦੇ ਰਸਤੇ 'ਚ ਅੱਗੇ ਵੱਧ ਰਹੀ ਹੈ। ਇਕ ਹੋਰ ਉਦਾਹਰਣ ਵੀ ਵੇਖ ਲਓ। ਸਮਾਜਿਕ ਨਿਆਂ ਦੇ ਮਾਮਲੇ ਨੂੰ ਵੇਖੀਏ ਤਾਂ ਅੰਬੇਦਕਰ ਨੇ ਜਾਤੀ ਖ਼ਾਤਮੇ ਦੀ ਗੱਲ ਕਹੀ ਸੀ, ਜਿਸ 'ਚ ਭਾਰਤ ਦੇ ਆਧੁਨਿਕ ਤੇ ਸੰਵਿਧਾਨਿਕ ਲੋਕਤੰਤਰ ਨੂੰ ਆਜ਼ਾਦੀ, ਸਮਾਨਤਾ ਤੇ ਭਾਈਚਾਰੇ ਦੇ ਖੰਭ 'ਤੇ ਸਥਾਪਤ ਕਰਨ ਦੀ ਗੱਲ ਆਖੀ ਸੀ। ਪਰ ਇੰਨੇ ਸਾਲ ਬੀਤਣ ਤੋਂ ਬਾਅਦ ਅੰਬੇਦਕਰ ਦੀ ਸਮਾਜਿਕ ਨਿਆਂ ਦੀ ਗੱਲ ਜਾਤੀ ਆਧਾਰਤ ਸੋਸ਼ਲ ਇੰਜਨੀਅਰਿੰਗ 'ਚ ਤਬਦਲੀ ਹੋ ਚੁੱਕੀ ਹੈ। ਅੰਬੇਦਕਰ ਨੇ ਚਿਤਾਵਨੀ ਦਿੱਤੀ ਸੀ ਕਿ ਭਾਰਤ ਲਈ ਹਿੰਦੂ ਰਾਸ਼ਟਰ ਬਣਨਾ ਸਭ ਤੋਂ ਵੱਡਾ ਖਤਰਾ ਹੋਵੇਗਾ, ਪਰ ਉਨ੍ਹਾਂ ਦੀ ਚਿਤਾਵਨੀ ਨੂੰ ਅਣਗੋਲਿਆਂ ਕਰਦਿਆਂ ਮਾਇਆਵਤੀ ਨੇ 2002 'ਚ ਗੁਜਰਾਤ ਵਿੱਚ ਮੋਦੀ ਲਈ ਚੋਣ ਪ੍ਰਚਾਰ ਕੀਤਾ ਸੀ ਅਤੇ ਭਾਜਪਾ ਨਾਲ ਉੱਤਰ ਪ੍ਰਦੇਸ਼ 'ਚ ਹੱਥ ਵੀ ਮਿਲਾਇਆ ਸੀ। ਨਿਤਿਸ਼ ਕੁਮਾਰ ਕੇਂਦਰ ਸਰਕਾਰ 'ਚ ਭਾਜਪਾ ਦੇ ਨਾਲ 7 ਸਾਲ ਤੱਕ ਰਹੇ ਅਤੇ ਉਸ ਤੋਂ ਬਾਅਦ ਬਿਹਾਰ ਸਰਕਾਰ 'ਚ 8 ਸਾਲ ਨਾਲ ਰਹੇ। ਇਸ ਲਈ ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੈ ਕਿ ਜਗੀਰੂ ਅਤੇ ਮੁਖੀਆ ਤਾਕਤਾਂ ਦੀ ਪਾਰਟੀ ਅੱਜ ਦਲਿਤਾਂ, ਹੋਰ ਪਿਛੜਾ ਵਰਗ ਅਤੇ ਔਰਤਾਂ 'ਚ ਆਪਣੀ ਥਾਂ ਬਣਾ ਚੁੱਕੀ ਹੈ। ਕਾਰਪੋਰੇਟ ਹਿਤਾਂ ਅਤੇ ਅਮਰੀਕੀ ਨੀਤੀਆਂ ਦੇ ਵਿਰੋਧ 'ਚ ਸਾਨੂੰ ਭਾਰਤ ਦੇ ਆਮ ਲੋਕਾਂ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਵਕਾਲਤ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਆਰ.ਐਸ.ਐਸ. ਦੇ ਪ੍ਰਭਾਵ ਅਤੇ ਉਨ੍ਹਾਂ ਦੀ ਨਫ਼ਰਤੀ ਅਤੇ ਅਫ਼ਵਾਹ ਫੈਲਾਉਣ ਵਾਲੇ ਨੈੱਟਵਰਕ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਇਸ ਰਾਹੀਂ ਹੀ ਕਮਿਊਨਿਸਟ ਅੰਦੋਲਨ ਨੂੰ ਵੱਡੇ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣਾ ਸੰਭਵ ਹੋਵੇਗਾ। ਖੱਬੇਪੱਖੀ ਅੰਦੋਲਨ ਦੇ ਇਤਿਹਾਸ ਦੇ ਸਭ ਤੋਂ ਨਾਜ਼ੁਕ ਦੌਰ 'ਚ ਸਾਨੂੰ ਦੋ ਅਹਿਮ ਨੀਤੀਆਂ 'ਤੇ ਚੱਲਣ ਦੀ ਲੋੜ ਹੈ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨ ਵਾਦੀ) ਇਸ ਗੱਲ ਨੂੰ ਲੈ ਕੇ ਦ੍ਰਿੜ੍ਹ ਹਨ ਕਿ ਆਮ ਲੋਕਾਂ ਨੂੰ ਵਿਚਾਰਕ ਤੌਰ 'ਤੇ ਅੰਦੋਲਨ ਲਈ ਤਿਆਰ ਕਰਨ ਦੀ ਲੋੜ ਹੈ।

ਨਾਲ ਹੀ ਹੁਣ ਖੱਬੇਪੱਖੀ ਅਤੇ ਪ੍ਰਗਤੀਸ਼ੀਲ ਤਾਕਤਾਂ ਨੂੰ ਇਕਜੁੱਟ ਹੋਣ ਦੀ ਲੋੜ ਹੈ, ਤਾਂ ਕਿ ਸਮਾਜ ਨੂੰ ਤਰਕ ਨਾਲ ਪ੍ਰਗਤੀਸ਼ੀਲ ਨਜ਼ਰੀਏ ਰਾਹੀਂ ਅੱਗੇ ਵਧਾਇਆ ਜਾ ਸਕੇ। ਹਿੰਸਾ ਤੇ ਡਰ ਦੀ ਰਾਜਨੀਤੀ ਦਾ ਜਵਾਬ ਦਿੱਤਾ ਜਾ ਸਕੇ। ਇਹ ਚੁਣੌਤੀਆਂ ਪਹਿਲਾਂ ਕਦੇ ਇੰਨੀਆਂ ਮਹੱਤਵਪੂਰਨ ਨਹੀਂ ਸਨ, ਜਿੰਨੀਆਂ ਮੌਜੂਦਾ ਸਮੇਂ 'ਚ ਹੋ ਗਈਆਂ ਹਨ। ਭਾਜਪਾ ਦੇ ਵਿਰੁੱਧ ਚੋਣ ਗਠਜੋੜ 'ਤੇ ਧਿਆਨ ਦੇਣ ਦੀ ਥਾਂ ਸਾਨੂੰ ਲੋਕਾਂ ਨੂੰ ਜਮਹੂਰੀ ਅਧਿਕਾਰਾਂ ਦਾ ਪ੍ਰਚਾਰ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਇਸ ਦਾ ਧਿਆਨ ਵੀ ਰੱਖਣਾ ਹੋਵੇਗਾ ਕਿ ਗੈਰ-ਭਾਜਪਾ ਰਾਜਨੀਤਕ ਪਾਰਟੀਆਂ ਦੇ ਮੌਕਾਪ੍ਰਸਤ ਫੈਸਲਿਆਂ ਨਾਲ ਭਾਜਪਾ ਮਜ਼ਬੂਤ ਹੋਵੇਗੀ। ਇਸ ਲਈ ਕਮਿਊਨਿਸਟ ਤਾਕਤਾਂ ਨੂੰ ਵਿਹਾਰਕ ਸਿਆਣਪ ਛੱਡ ਕੇ ਆਪਣਾ ਧਿਆਨ ਲੜਾਕਾ ਅੰਦਾਜ਼ 'ਚ ਲਗਾਤਾਰ ਲੋਕਤੰਤਰ ਅਤੇ ਨਿਆਂ ਦੀ ਰੱਖਿਆ 'ਚ ਲਗਾਉਣਾ ਪਵੇਗਾ।

(ਲੇਖਕ ਸੀ.ਪੀ.ਆਈ. ਦਾ (ਐਮ-ਐਲ) ਜਨਰਲ ਸਕੱਤਰ ਹੈ)

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਅਮਰੀਕਾ ਦੇ ਕਈ ਸੂਬਿਆਂ 'ਚ ਤੇਜ਼ ਹਨੇਰੀ ਅਤੇ ਤੂਫਾਨ ਨਾਲ ਗਈਆਂ 14 ਜਾਨਾਂ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਕਈ ਸੂਬਿਆਂ ਵਿਚ ਹਨੇਰੀ, ਤੂਫਾਨ ਅਤੇ ਹੜ੍ਹ ਆਉਣ ਕਾਰਨ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ। ਪੂਰਬੀ ਟੈਕਸਾਸ ਦੇ ਕਈ ਛੋਟੇ ਸ਼ਹਿਰਾਂ ਵਿਚ ਐਤਵਾਰ ਨੂੰ ਤੂਫਾਨ ਆਇਆ ਸੀ। ਇਸ ਵਿਚ 4 ਲੋਕਾਂ ਦੀ ਮੌਤ ਹੋ ਗਈ। ਉੱਥੇ ਹੀ ਹੜ੍ਹ ਅਤੇ ਤੇਜ਼ ਹਵਾ ਕਾਰਨ ਅਰਕਾਂਸਾਸ ਵਿਚ 5 ਲੋਕਾਂ ਦੀ ਮੌਤ ਹੋ ਗਈ।

ਮਿਸੌਰੀ ਵਿਚ ਦੋ ਲੋਕਾਂ ਦੀ ਮੌਤ ਹੋ ਗਈ, ਮਿਸੀਸਿਪੀ ਵਿਚ ਇਕ 7 ਸਾਲ ਦੇ ਬੱਚੇ ਦੀ ਮੌਤ ਬਿਜਲੀ ਦਾ ਝਟਕਾ ਲੱਗਣ ਕਾਰਨ ਹੋ ਗਈ। ਇਸੇ ਤਰ੍ਹਾਂ ਟੈਨੇਸੀ ਵਿਚ ਫੁੱਟਬਾਲ ਗੋਲ ਪੋਸਟ ਵਿਚ ਫਸਣ ਕਾਰਨ ਦੋ ਸਾਲਾ ਬੱਚੇ ਦੀ ਮੌਤ ਹੋ ਗਈ। ਗੋਲ ਪੋਸਟ ਤੇਜ਼ ਤੂਫਾਨ ਕਾਰਨ ਆਪਣੀ ਥਾਂ ਤੋਂ ਉੱਖੜ ਗਿਆ ਸੀ। ਮੱਧ ਟੈਨੇਸੀ ਵਿਚ ਤੇਜ਼ ਤੂਫਾਨ ਆਉਣ ਕਾਰਨ ਦਰੱਖਤ ਟੁੱਟ ਗਏ ਅਤੇ ਬਿਜਲੀ ਦੀ ਸਪਲਾਈ ਵਿਚ ਰੁਕਾਵਟ ਪੈਦਾ ਹੋਈ ਹੈ। ਇਹ ਤੂਫਾਨ ਜਿਸ ਤਰ੍ਹਾਂ ਨਾਲ ਪੈਨਸਿਲਵੇਨੀਆ ਅਤੇ ਨਿਊਯਾਰਕ ਵੱਲ ਵਧ ਰਿਹਾ ਹੈ, ਇਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਹ ਹੋਰ ਵੀ ਵਧ ਸ਼ਕਤੀਸ਼ਾਲੀ



ਹੋ ਸਕਦਾ ਹੈ। ਬਚਾਅ ਟੀਮਾਂ ਨੇ ਕਈ ਥਾਂਵਾਂ 'ਤੇ ਬਚਾਅ ਆਪਰੇਸ਼ਨ ਚਲਾਇਆ ਹੈ। ਬਚਾਅ ਕੰਮ ਵਿਚ ਜੁਟੀਆਂ ਟੀਮਾਂ ਘਰ-ਘਰ ਜਾ ਕੇ ਹਾਲਾਤ ਦਾ ਜਾਇਜ਼ਾ ਲੈ ਰਹੀਆਂ ਹਨ। ਘਰਾਂ ਅਤੇ ਗੱਡੀਆਂ 'ਤੇ ਦਰੱਖਤ ਡਿੱਗਣ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# 'ਪੈਸ਼ੱਨੇਟ ਕਲਰਜ਼' ਪ੍ਰਦਰਸ਼ਨੀ ਸਰੀ ਆਰਟ ਗੈਲਰੀ ਵਿਖੇ ਸ਼ੁਰੂ





**ਵੈਨਕੂਵਰ/ਬਿਊਰੋ ਨਿਊਜ਼:** ਵਿਸਾਖੀ ਮੌਕੇ ਸਰੀ ਆਰਟ ਗੈਲਰੀ ਵਿਚ 'ਪੈਸ਼ੱਨੇਟ ਕਲਰਜ਼' ਪ੍ਰਦਰਸ਼ਨੀ ਵਿਸ਼ੇਸ਼ ਤੌਰ ਤੇ ਲਾਈ ਗਈ ਹੈ ਜਿਸ ਵਿਚ ਭਾਰਤੀ ਮੂਲ ਦੇ ਚਿਤਰਕਾਰਾਂ ਦੀਆਂ ਕਲਾ ਕਿਰਤਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਸਾਊਥ ਏਸ਼ੀਅਨ ਆਰਟਿਸਟ ਗਿਲਡ ਦੇ ਸਹਿਯੋਗ ਨਾਲ ਲਗਾਈ ਗਈ ਇਸ ਪ੍ਰਦਰਸ਼ਨੀ ਵਿਚ 12 ਕਲਾਕਾਰਾਂ ਦੀਆਂ ਕਿਰਤਾਂ ਸ਼ਾਮਲ ਹਨ ਜਿਹਨਾਂ ਵਿਚ ਪੇਂਟਿੰਗਜ਼, ਫੋਟੋਜ਼ ਤੇ ਕੋਲਾਜ ਵੀ ਹਨ। 22 ਅਪਰੈਲ ਨੂੰ ਅਰੰਭ ਹੋਈ ਇਸ ਨੁਮਾਇਸ਼ ਦੇ ਉਦਘਾਟਨੀ ਸਮਾਰੋਹ ਸਮੇਂ ਬੋਲਦਿਆਂ ਨਾਮਵਰ ਚਿਤਰਕਾਰ ਜਰਨੈਲ ਸਿੰਘ ਨੇ ਦਸਿਆ ਕਿ 2011 ਵਿਚ ਸਰੀ ਆਰਟ ਗੈਲਰੀ ਵਿਚ ਫਰਾਮ ਦ ਲੈਂਡ ਆਫ ਫਾਇਵ ਰਿਵਰਜ਼' ਪ੍ਰਦਰਸ਼ਨੀ ਤੋਂ ਬਾਦ ਭਾਰਤੀ ਮੂਲ ਦੇ ਕਈ ਕਲਾਕਾਰਾਂ ਨਾਲ ਸੰਪਰਕ ਹੋਇਆ ਜਿਸ ਦੇ ਸਿਟੇ ਵਜੋਂ ਇਹ ਸੰਸਥਾ ਹੋਂਦ ਵਿਚ ਆਈ ਤੇ ਇਸ ਵਲੋਂ 2013 ਤੇ 2014 ਵਿਚ ਆਰਟਿਸਟ ਚੌਇਸ' ਤੇ ਵਾਇਬਰੈਂਟ ਵਿਸਟਾਜ਼' ਦੋ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਗਈਆਂ ਤੇ ਇਹ ਤੀਸਰੀ ਪ੍ਰਦਰਸ਼ਨੀ ਸਰੀ ਆਰਟ ਗੈਲਰੀ ਦੇ ਸਹਿਯੋਗ ਨਾਲ ਲਗਾਈ ਗਈ ਹੈ। ਇਸ ਵਿਚ ਬਲਜੀਤ ਕੌਰ , ਬਿੰਦੂ ਮਠਾਰੂ, ਗੁਣਵੰਤ ਬਾਸੀ, ਜਰਨੈਲ ਸਿੰਘ , ਜੇ ਪਨੇਸਰ, ਮਨਦੀਪ ਵਿਰਕ, ਨਵਲਪ੍ਰੀਤ ਰੰਗੀ, ਨੀਤੀ ਸਿੰਘ, ਪਰਮਿੰਦਰ ਸਿੰਘ, ਸੰਜੇ ਦਾਸ, ਸ਼ੀਤਲ ਅਨਮੋਲ ਤੇ ਵਿਪਨ ਕਪੂਰ ਦੀਆਂ ਕਿਰਤਾਂ ਪ੍ਰਦਰਸ਼ਿਤ ਹਨ। ਚਿਤਰਕਾਰਾਂ ਨੇ ਵਖ ਵਖ ਵਿਸ਼ਿਆਂ ਨੂੰ ਅਪਣੀ ਕਲਾ ਰਾਹੀ ਪੇਸ਼ ਕੀਤਾ ਹੈ ਜਿਹਨਾਂ ਵਿਚ ਭਾਰਤੀ ਜੀਵਨ ਦੀਆਂ ਝਲਕੀਆਂ ਦੇ ਨਾਲ ਨਾਲ ਕੈਨੇਡੀਅਨ ਜੀਵਨ ਤੇ ਆਲੇ ਦੁਆਲੇ ਨੂੰ ਵੀ ਅਪਣੀਆਂ ਕਿਰਤਾਂ ਵਿਚ ਸਥਾਨ ਦਿਤਾ ਹੈ।ਕਿੰਗ ਜਾਰਜ ਹਾਈਵੇ ਤੇ 88 ਐਵੇਨਿਊ ਤੇ ਬੀਅਰ ਕਰੀਕ ਪਾਰਕ ਸਰੀ ਵਿਖੇ ਸਥਿਤ ਸਰੀ ਆਰਟ ਗੈਲਰੀ ਵਿਚ ਲਗੀ ਇਹ ਪ੍ਰਦਰਸ਼ਨੀ 17 ਜੁਲਾਈ ਤਕ ਚਲੇਗੀ ਤੇ ਇਸ ਦਾ ਦਾਖਲਾ ਬਿਲਕੁਲ ਮੁਫਤ ਹੈ।

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ-ਕਰਮਨ ਨੇ ਖੇਡਾਂ ਤੇ ਸਭਿਆਚਾਰਕ ਪ੍ਰੋਗਰਾਮ ਲਈ ਕਮਰ ਕੱਸੀ

### *ਫੈਮਲੀ ਪਿਕਨਿਕ 6 ਅਤੇ ਉਪਨ ਕਬੱਡੀ ਟੂਰਨਾਮੈਂਟ 7 ਮਈ ਨੂੰ*

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਸਨਵਾਕੀਨ ਵਿੱਚ 'ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ' ਵੱਲੋਂ ਕਰਵਾਏ ਜਾ ਰਹੇ ਟੂਰਨਾਮੈਂਟ ਅਤੇ ਫੈਮਲੀ ਪਿਕਨਿਕ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਹੋਈ। ਇਹ ਟੂਰਨਾਮੈਂਟ 'ਸਨਵਾਕੀਨ ਸਕੂਲ' ਦੇ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਵਿੱਚ 6 ਮਈ ਸ਼ਨੀਵਾਰ ਨੂੰ ਬਾਕੀ ਖੇਡਾਂ ਦੇ ਨਾਲ-ਨਾਲ ਸਾਰੇ ਪਰਿਵਾਰ ਪਿਕਨਿਕ ਵੀ ਮਨਾਉਣਗੇ। ਗਿੱਧੇ-ਭੰਗੜੇ ਤੋਂ ਇਲਾਵਾ ਗਾਇਕੀ ਅਤੇ ਰਵਾਇਤੀ ਖੇਡਾਂ ਅਤੇ ਰਸਮਾਂ ਦੀ ਵੀ ਗੱਲ ਕੀਤੀ ਜਾਵੇਗੀ। ਔਰਤਾਂ ਅਤੇ ਬੱਚਿਆਂ ਲਈ ਤਿੰਨ ਟੰਗੀ ਦੌੜ (ਸਪੈਸ਼ਲ ਮਾਂ-ਧੀ), ਚਾਟੀ ਦੌੜ, ਮਿਊਜ਼ੀਕਲ ਚੇਅਰ, ਦੌੜਾਂ ਅਤੇ ਰੱਸਾਕਸ਼ੀ ਦੇ ਨਾਲ ਨਾਲ ਨਾਨਕਾ ਅਤੇ ਦਾਦਕਾ ਮੇਲ ਵੱਲੋਂ ਬੋਲੀਆਂ ਦਾ ਮੁਕਾਬਲਾ ਵੀ ਹੋਵੇਗਾ। ਧਰਮਵੀਰ ਥਾਂਦੀ ਅਤੇ ਗਾਇਕਾ ਜੋਤ ਰਣਜੀਤ ਆਪਣੀ ਗਾਇਕੀ ਨਾਲ ਹਾਜ਼ਰੀਨ ਦਾ ਮਨੋਰੰਜਨ ਕਰਨਗੇ। ਸਕੂਲਾਂ ਵਿਚੋਂ 4.0 ਜੀ.ਪੀ.ਐਸ. ਅਤੇ ਇਸ ਤੋਂ ਵੱਧ ਗਰੇਡ ਵਾਲੇ ਬੱਚੇ ਅਤੇ ਖੇਡਾਂ ਵਿੱਚ ਮੱਲ੍ਹਾਂ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਦੂਜੇ ਦਿਨ 7 ਮਈ, ਐਤਵਾਰ ਨੂੰ ਕਬੱਡੀ ਅੰਡਰ 21 ਸਾਲ ਅਤੇ ਵਿਸ਼ੇਸ਼ ਉਪਨ ਕਬੱਡੀ ਦੇ ਮੈਚ ਹੋਣਗੇ। ਇਸ ਦੌਰਾਨ ਅੰਤਰ-ਰਾਸ਼ਟਰੀ ਪੱਧਰ ਦੇ ਨਾਮਵਰ ਖਿਡਾਰੀਆਂ ਅਤੇ ਟੀਮਾਂ ਦੇ ਮੈਚ ਦੇਖਣਯੋਗ ਹੋਣਗੇ। ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਇਸੇ ਦਿਨ ਦਿਲਦਾਰ ਮਿਊਜ਼ੀਕਲ ਬ੍ਰਦਰਜ਼ ਕੈਲੀਫੋਰਨੀਆ ਅਤੇ ਹੋਰ ਗਾਇਕਾਂ ਵੱਲੋਂ ਖੁੱਲ੍ਹਾ ਅਖਾੜਾ ਵੀ ਲਾਇਆ ਜਾਵੇਗਾ। ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਕਰਨਗੇ। ਬੱਚਿਆਂ ਅਤੇ ਔਰਤਾਂ ਦੇ ਬੈਠਣ ਲਈ ਉਚੇਚਾ ਪ੍ਰਬੰਧ ਕੀਤਾ ਜਾਵੇਗਾ। ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ। ਦੋਵੇਂ ਦਿਨ ਗੁਰੂ ਕਾ ਲੰਗਰ ਅਤੁਟ ਵਰਤੇਗਾ ਅਤੇ ਕਾਰ ਪਾਰਕਿੰਗ ਫਰੀ ਹੋਵੇਗੀ। ਗੁਰੂ ਨਾਨਕ ਸਪੋਰਟਸ ਕਲੱਬ ਦੇ ਮੈਂਬਰਾਂ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

# ਬੇਬੇ ਮਾਨ ਕੌਰ ਨੇ ਸਕਾਈ ਟਾਵਰ ਦਾ ਗੇੜਾ ਕੱਟ ਕੇ ਨਵਾਂ ਮਾਅਰਕਾ ਮਾਰਿਆ

### *ਜੈਵਲਿਨ ਸੁੱਟ ਕੇ ਗਿੰਨੀਜ਼ ਵਿਸ਼ਵ ਰਿਕਾਰਡ ਵੀ ਤੋੜਿਆ*




**ਆਕਲੈਂਡ/ਬਿਊਰੋ ਨਿਊਜ਼ :** 'ਚੰਡੀਗੜ੍ਹ ਦੇ ਕ੍ਰਿਸ਼ਮੇ' ਵਜੋਂ ਜਾਣੀ ਜਾਂਦੀ 101 ਵਰ੍ਹਿਆਂ ਦੀ ਅਥਲੀਟ ਮਾਨ ਕੌਰ ਨੇ ਆਕਲੈਂਡ ਦੇ ਮਸ਼ਹੂਰ ਸਥਾਨ ਸਕਾਈ ਟਾਵਰ ਦਾ ਗੇੜਾ ਕੱਟ ਕੇ ਨਵਾਂ ਮਾਅਰਕਾ ਮਾਰ ਲਿਆ ਹੈ। ਉਹ ਇਹ ਕਾਰਨਾਮਾ ਕਰਨ ਵਾਲੀ ਸਭ ਤੋਂ ਬਜ਼ੁਰਗ ਵਿਅਕਤੀ ਬਣ ਗਈ ਹੈ। ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਵਿਚ ਚੱਲ ਰਹੀਆਂ ਵਿਸ਼ਵ ਮਾਸਟਰਜ਼ ਖੇਡਾਂ ਵਿਚ ਨਵੇਂ ਕੀਰਤੀਮਾਨ ਸਥਾਪਤ ਕਰਨ ਤੋਂ ਬਾਅਦ ਵੀਰਵਾਰ ਨੂੰ ਉਸ ਨੇ ਆਕਲੈਂਡ ਸ਼ਹਿਰ ਦੇ 192 ਮੀਟਰ ਉਪਰ ਸਕਾਈ ਵਾਕ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਬੇਬੇ ਮਾਨ ਕੌਰ ਨੇ ਆਪਣੇ 79 ਵਰ੍ਹਿਆਂ ਦੇ ਪੁੱਤਰ ਗੁਰਦੇਵ ਸਿੰਘ ਦਾ ਹੱਥ ਫੜ ਕੇ ਸਿਟੀ ਸੈਂਟਰ ਦੇ ਉੱਚੇ ਪਲੈਟਫਾਰਮ 'ਤੇ ਕਦਮ ਪੁੱਟੇ। ਮਾਨ ਕੌਰ ਨੇ ਕਿਹਾ,"ਹਰੇਕ ਨੂੰ ਸਕਾਈ ਸਿਟੀ ਦਾ ਦੌਰਾ ਕਰ ਕੇ ਇਥੋਂ ਦੇ ਗੇੜੇ ਲਾਉਣੇ ਚਾਹੀਦੇ ਹਨ।" ਉਨ੍ਹਾਂ ਵਿਸ਼ਵ ਮਾਸਟਰਜ਼ ਖੇਡਾਂ ਵਿਚ 100 ਅਤੇ 200 ਮੀਟਰ ਦੀਆਂ ਦੌੜਾਂ ਦੇ ਨਾਲ ਨਾਲ ਗੋਲਾ ਸੁੱਟਣ ਤੇ ਜੈਵਲਿਨ ਮੁਕਾਬਲਿਆਂ ਵਿਚ ਵੀ ਹਿੱਸਾ ਲਿਆ। ਆਪਣੇ ਆਖਰੀ ਮੁਕਾਬਲੇ ਵਿਚ ਮਾਨ ਕੌਰ ਨੇ 5.12 ਮੀਟਰ ਜੈਵਲਿਨ ਸੁੱਟ ਕੇ ਗਿੰਨੀਜ਼ ਵਿਸ਼ਵ ਰਿਕਾਰਡ ਤੋੜ ਦਿੱਤਾ। ਉਨ੍ਹਾਂ ਆਪਣੇ ਸਾਰੇ ਮੁਕਾਬਲੇ ਜਿੱਤ ਕੇ ਖੇਡਾਂ ਵਿਚ ਆਪਣੇ ਸੋਨੇ ਦੇ ਤਮਗਿਆਂ ਦੀ ਸੂਚੀ ਚਾਰ ਕਰ ਲਈ ਹੈ।

## ਇਦਾਹੋ ਦੇ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ ਸਿੱਖ ਇਤਿਹਾਸ

**ਮੈਰੀਡੀਅਨ/ਬਿਊਰੋ ਨਿਊਜ਼ :** ਅਮਰੀਕਾ ਦੇ ਇਦਾਹੋ ਸੂਬੇ ਦੇ ਸਿੱਖਿਆ ਵਿਭਾਗ ਵਲੋਂ ਸਿੱਖਾਂ ਬਾਰੇ ਜਾਣਕਾਰੀ ਨੂੰ ਅਪਣੇ ਸਮਾਜਕ ਸਿੱਖਿਆ ਪ੍ਰੋਗਰਾਮ ਦਾ ਹਿੱਸਾ ਬਣਾਇਆ ਗਿਆ ਹੈ। ਇਸ ਫ਼ੈਸਲੇ ਦੀ ਬਦੌਲਤ ਇਦਾਹੋ ਦੇ ਪਬਲਿਕ ਸਕੂਲਾਂ ਵਿਚ 6ਵੀਂ ਤੋਂ 9ਵੀਂ ਕਲਾਸ ਵਿਚ ਪੜ੍ਹਦੇ 250,000 ਬੱਚੇ ਸਿੱਖਾਂ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰ ਸਕਣਗੇ। ਸਿੱਖ ਕੋਲੀਸ਼ਨ ਦੇ ਅਪ੍ਰੇਸ਼ਨਜ਼ ਐਂਡ ਵਾਲੰਟੀਅਰ ਐਂਗੇਜਮੈਂਟ ਮੈਨੇਜਰ ਦਮਨਪ੍ਰੀਤ ਸਿੰਘ ਨੇ ਕਿਹਾ ਕਿ ਇਦਾਹੋ ਸਿੱਖਿਆ ਵਿਭਾਗ ਵਲੋਂ ਆਪਣੇ ਪਾਠਕ੍ਰਮ ਵਿਚ ਸਿੱਖ ਇਤਿਹਾਸ ਨੂੰ ਸ਼ਾਮਲ ਕਰਨਾ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਇਦਾਹੋ ਵਿਚ ਮਿਲੀ ਸਫ਼ਲਤਾ ਮਗਰੋਂ ਹੋਰਨਾਂ ਸੂਬਿਆਂ ਵਿਚ ਵੀ ਇਸ ਨੂੰ ਅਪਣਾਏ ਜਾਣ ਦੀ ਆਸ ਕਰਦੇ ਹਾਂ।

## 'ਸਿਟੀ ਸਿੱਖਸ' ਸੰਸਥਾ ਦੇ ਬਾਨੀ ਚੇਅਰਮੈਨ ਜਸਵੀਰ ਸਿੰਘ 'ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਨਾਲ ਸਨਮਾਨਤ

**ਲੰਡਨ/ਬਿਊਰੋ ਨਿਊਜ਼ :** ਇੱਥੇ ਬਕਿੰਘਮ ਪੈਲੇਸ ਵਿੱਚ ਹੋਏ ਸਮਾਰੋਹ ਦੌਰਾਨ ਬਰਤਾਨਵੀ ਸਿੱਖ ਵਕੀਲ ਨੇ ਆਪਣੇ ਭਾਈਚਾਰੇ ਦੀਆਂ ਸੇਵਾਵਾਂ ਲਈ ਸ਼ਹਿਜ਼ਾਦਾ ਵਿਲੀਅਮ ਪਾਸੋਂ 'ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' (ਓਬੀਈ) ਹਾਸਲ ਕੀਤਾ। 'ਸਿਟੀ ਸਿੱਖਸ' ਸੰਸਥਾ ਦੇ ਬਾਨੀ ਚੇਅਰਮੈਨ ਜਸਵੀਰ ਸਿੰਘ ਨੇ ਸ਼ਹਿਜ਼ਾਦਾ ਵਿਲੀਅਮ ਤੋਂ 'ਆਫਿਸਰ ਆਫ ਦਿ ਮੋਸਟ ਐਕਸੀਲੈਂਟ ਓਬੀਈ' ਹਾਸਲ ਕੀਤਾ। ਬਰਤਾਨਵੀ ਰਾਜਗੱਦੀ ਦੇ ਦਾਅਵੇਦਾਰਾਂ ਦੀ ਦੂਜੀ ਕਤਾਰ ਵਿੱਚ ਸ਼ਾਮਲ ਸ਼ਹਿਜ਼ਾਦਾ ਵਿਲੀਅਮ ਅਕਸਰ ਸਨਮਾਨ ਸਮਾਰੋਹਾਂ ਵਿੱਚ ਮਹਾਰਾਣੀ ਐਲਿਜ਼ਾਬੈੱਥ ਦੀ ਥਾਂ ਨਜ਼ਰ ਆਉਂਦੇ ਹਨ। ਪਿਛਲੇ ਹਫ਼ਤੇ ਹੋਏ ਸਮਾਰੋਹ ਮਗਰੋਂ ਜਸਵੀਰ ਸਿੰਘ ਨੇ ਇਕ ਬਿਆਨ ਵਿੱਚ ਕਿਹਾ ਕਿ "ਇਹ ਮਸਕੀਨ ਤਜਰਬਾ ਸੀ। ਮੈਂ ਵਿਗਿਆਨੀਆਂ, ਕਲਾਕਾਰਾਂ, ਪੈਰਾਲੰਪੀਅਨਾਂ ਅਤੇ ਹਥਿਆਰਬੰਦ ਦਸਤਿਆਂ ਤੇ ਪੁਲੀਸ ਦੇ ਕਈ ਮੈਂਬਰਾਂ ਨੂੰ ਮਿਲਿਆ। ਇਸ ਦੌਰਾਨ ਉਨ੍ਹਾਂ ਦੀਆਂ ਬੇਮਿਸਾਲ ਉਪਲੱਬਧੀਆਂ ਪਤਾ ਲੱਗੀਆਂ।" ਸਮਾਰੋਹ ਦੌਰਾਨ ਸਨਮਾਨ ਪ੍ਰਾਪਤ ਕਰਨ ਵਾਲੇ ਹੋਰ ਬਰਤਾਨਵੀ ਸਿੱਖਾਂ ਵਿੱਚ ਬਰਿੰਦਰ ਸਿੰਘ ਮਾਹੋਂ ਸ਼ਾਮਲ ਹੈ। ਉਸ ਨੂੰ ਸਿੱਖਿਆ ਵਿੱਚ ਯੋਗਦਾਨ ਬਦਲੇ 'ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਦਿੱਤਾ ਗਿਆ। ਮਰਸੀਸਾਈਡ ਪੁਲੀਸ ਦੀ ਡਿਟੈਕਟਿਵ ਸਾਰਜੈਂਟ ਸਰਬਜੀਤ ਕੌਰ ਨੂੰ ਪੁਲੀਸਿੰਗ ਸੇਵਾਵਾਂ ਲਈ 'ਮੈਂਬਰ ਆਫ ਦਿ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਦਿੱਤਾ ਗਿਆ।

# ਨਾ ਟੈਂਡਰ, ਨਾ ਆਡਿਟ, ਅਕਾਲੀ-ਭਾਜਪਾ ਸਰਕਾਰ ਨੇ ਆਖ਼ਰੀ ਸਾਲ 'ਚ ਖ਼ਰਚ ਕੀਤੇ 1700 ਕਰੋੜ

### *1 ਕਰੋੜ ਤੋਂ ਜ਼ਿਆਦਾ ਗਰਾਂਟ ਲੈਣ ਵਾਲੇ 194 ਪਿੰਡਾਂ ਵਿਚੋਂ 70 ਇਕੱਲੇ ਬਾਦਲ ਹਲਕੇ ਦੇ*

**ਚੰਡੀਗੜ੍ਹ/ਬਿਊਰੋ ਨਿਊਜ਼ :** ਅਕਾਲੀ-ਭਾਜਪਾ ਸਰਕਾਰ ਵਲੋਂ ਚੋਣਾਂ ਜਿੱਤਣ ਲਈ ਆਪਣੇ ਕਾਰਜਕਾਲ ਦੇ ਆਖ਼ਰੀ ਸਾਲ ਵਿਚ ਖ਼ਰਚ ਕੀਤੇ ਗਏ 2100 ਕਰੋੜ ਰੁਪਏ ਦੇ ਕੰਮਾਂ ਵਿਚ ਘੁਟਾਲਿਆਂ ਦੀਆਂ ਪਰਤਾਂ ਉਧਰੜਨ ਲੱਗੀਆਂ ਹਨ। ਦਿਹਾਤੀ ਵਿਕਾਸ ਮੰਤਰੀ ਨੇ ਇਕ ਕਰੋੜ ਤੋਂ ਜ਼ਿਆਦਾ ਲੈਣ ਵਾਲੇ ਅਜਿਹੇ 194 ਪਿੰਡਾਂ ਦੀਆਂ ਲਿਸਟਾਂ ਮੰਗਵਾਈਆਂ ਤਾਂ ਉਨ੍ਹਾਂ ਨਾਲ ਆਈ ਮੁਢਲੀ ਲੇਖਾ-ਜੋਖਾ ਰਿਪੋਰਟਾਂ ਤੋਂ ਪਤਾ ਚਲਿਆ ਕਿ ਨਾ ਤਾਂ ਕੰਮਾਂ ਦੇ ਟੈਂਡਰ ਕੀਤੇ ਗਏ ਤੇ ਨਾ ਹੀ ਪੀ.ਆਈ.ਡੀ.ਬੀ. ਦੇ ਇਸ ਕਰਜ਼ੇ ਦੀ ਦੂਸਰੀ ਕਿਸ਼ਤ ਲੈਣ ਲਈ ਪਹਿਲੀ ਕਿਸ਼ਤ ਦੇ ਵਰਤੋਂ ਸਰਟੀਫਿਕੇਟ ਦਿੱਤੇ ਗਏ।

ਪੰਜਾਬ ਸਰਕਾਰ ਨੇ ਪਿਛਲੀ ਸਰਕਾਰ ਵੇਲੇ ਸੂਬੇ ਦੇ ਜਿਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਇਕ ਕਰੋੜ ਰੁਪਏ ਤੋਂ ਵੱਧ ਗਰਾਂਟਾਂ ਮਿਲੀਆਂ, ਉਨ੍ਹਾਂ ਦਾ ਆਡਿਟ ਤੀਜੀ ਧਿਰ ਵੱਲੋਂ ਕਰਵਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹੇ ਮੁਕਤਸਰ ਦੇ 71 ਪਿੰਡਾਂ ਦੀਆਂ ਪੰਚਾਇਤਾਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਬਹੁਤੇ ਪਿੰਡ ਮੁੱਖ ਮੰਤਰੀ ਦੇ ਲੰਬੀ ਵਿਧਾਨ ਸਭਾ ਹਲਕੇ ਦੇ ਹਨ। ਜ਼ਿਲ੍ਹੇ ਦੇ ਗਿੱਦੜਬਾਹਾ ਹਲਕੇ ਦੇ ਕੁਝ ਪਿੰਡਾਂ ਨੂੰ ਵੀ ਇਕ ਕਰੋੜ ਤੋਂ ਵੱਧ ਦੀਆਂ ਗਰਾਂਟਾਂ ਦਿੱਤੀਆਂ ਗਈਆਂ। ਬਠਿੰਡਾ ਜ਼ਿਲ੍ਹੇ ਦੀਆਂ 27 ਪੰਚਾਇਤਾਂ ਨੂੰ ਇਕ ਕਰੋੜ ਤੋਂ ਵੱਧ ਦੀਆਂ ਗਰਾਂਟਾਂ ਦਿੱਤੀਆਂ ਗਈਆਂ। ਇਨ੍ਹਾਂ ਪਿੰਡਾਂ ਵਿੱਚ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਹਲਕੇ ਦੇ ਪਿੰਡ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਹਲਕੇ ਜਲਾਲਾਬਾਦ ਦੇ ਪਿੰਡ ਵੀ ਸ਼ਾਮਲ ਹਨ। ਇਸ ਸੂਚੀ ਵਿੱਚ ਜ਼ਿਲ੍ਹਾ ਮਾਨਸਾ ਦੇ 10, ਤਰਨ ਤਾਰਨ ਦੇ 20 ਅਤੇ ਜਲੰਧਰ ਦੇ ਪੰਜ ਪਿੰਡ ਸ਼ਾਮਲ ਹਨ। ਜ਼ਿਲ੍ਹਾ ਅੰਮ੍ਰਿਤਸਰ ਦੇ ਹਲਕਾ ਅਟਾਰੀ ਦੇ ਪਿੰਡ ਵੀ ਇਕ ਕਰੋੜੀ ਗੱਫਾ ਲੈਣ ਵਾਲਿਆਂ ਵਿੱਚ ਸ਼ਾਮਲ ਹਨ। ਸੂਬੇ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਅਹੁਦਾ ਸੰਭਾਲਣ ਤੋਂ ਕੁਝ ਦਿਨ ਬਾਅਦ ਸਾਰੇ ਜ਼ਿਲ੍ਹਿਆਂ ਦੇ ਉਨ੍ਹਾਂ ਪਿੰਡਾਂ ਦੀ ਸੂਚੀ ਮੰਗੀ ਸੀ, ਜਿਨ੍ਹਾਂ ਵਿੱਚ ਪਿਛਲੀ ਸਰਕਾਰ ਦੇ ਪੰਜ ਸਾਲ ਦੇ ਕਾਰਜਕਾਲ ਵਿੱਚ ਇਕ ਕਰੋੜ ਜਾਂ ਇਸ ਤੋਂ ਵੱਧ ਦੀਆਂ ਗਰਾਂਟਾਂ ਦਿੱਤੀਆਂ ਗਈਆਂ। ਵਿਭਾਗ ਦੇ ਡਾਇਰੈਕਟਰ ਨੇ ਅੱਜ ਇਹ ਸੂਚੀ ਮੰਤਰੀ ਨੂੰ ਸੌਂਪ ਦਿੱਤੀ ਪਰ ਅਜੇ ਹੋਰ ਪਿੰਡਾਂ ਦੇ ਨਾਂ ਆਉਣੇ ਬਾਕੀ ਹਨ। ਸਰਕਾਰ ਨੇ ਗਰਾਂਟ ਦੇਣ ਸਮੇਂ ਸ਼ਰਤ ਰੱਖੀ ਸੀ ਕਿ ਪਹਿਲੀ ਕਿਸ਼ਤ ਵਜੋਂ ਚਾਲੀ ਫੀਸਦੀ ਪੈਸਾ ਖਰਚਣ ਤੋਂ ਬਾਅਦ ਆਡਿਟ ਕਰਵਾਇਆ ਜਾਵੇਗਾ ਪਰ ਇਸ 'ਤੇ ਅਮਲ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਚਾਲੀ ਫੀਸਦੀ ਹੋਰ ਗਰਾਂਟ ਮਿਲਣ ਤੋਂ ਬਾਅਦ ਵੀ ਆਡਿਟ ਨਹੀਂ ਕਰਵਾਇਆ ਗਿਆ। ਇਸ ਕਰ ਕੇ ਕਾਂਗਰਸ ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਇਹ ਆਡਿਟ ਪੰਜ ਅਹਿਮ ਅਦਾਰਿਆਂ ਕੋਲੋਂ ਕਰਵਾਇਆ ਜਾਵੇਗਾ।

**ਸੀਡੀਟੀਸੀ ਦੇ ਪ੍ਰਿੰਸੀਪਲ ਮੁਅੱਤਲ :** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵਿੱਤ ਕਮਿਸ਼ਨਰ ਡਾ. ਰੌਸ਼ਨ ਸੁੰਕਾਰੀਆ ਨੇ ਬਟਾਲਾ ਦੇ ਸੀਡੀਟੀਸੀ ਦੇ ਪ੍ਰਿੰਸੀਪਲ ਸਤੀਸ਼ ਚੰਦਰ ਵਸ਼ਿਸ਼ਟ ਨੂੰ ਮੁਅੱਤਲ ਕਰ ਦਿੱਤਾ ਹੈ। ਮੁਅੱਤਲੀ ਦੌਰਾਨ ਅਧਿਕਾਰੀ ਦਾ ਹੈੱਡਕੁਆਰਟਰ ਐਸਏਐਸ ਨਗਰ ਮੁਹਾਲੀ ਹੋਵੇਗਾ। ਇਸ ਅਧਿਕਾਰੀ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ।

**ਵੀਆਈਪੀਜ਼ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਵੀਆਂ ਹਦਾਇਤਾਂ :** ਚੰਡੀਗੜ੍ਹ : ਪੰਜਾਬ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤਾਂ ਜਾਰੀ ਕੀਤੀਆ ਹਨ ਕਿ ਜ਼ਿਲ੍ਹਿਆਂ ਵਿਚ ਵੀਆਈਪੀਜ਼ ਦੀ ਆਮਦ 'ਤੇ ਐਵੇਂ ਇਕੱਠ ਨਾ ਕੀਤੇ ਜਾਣ ਅਤੇ ਵੀਆਈਪੀਜ਼ ਨੂੰ ਉਹੀ ਅਧਿਕਾਰੀ ਮਿਲਣ ਆਉਣ ਜਿਨ੍ਹਾਂ ਨੂੰ ਪਹਿਲਾਂ ਸੱਦਿਆ ਗਿਆ ਹੋਵੇਗਾ। ਰਾਜ ਸਰਕਾਰ ਨੇ ਇਹ ਫੈਸਲਾ ਇਸ ਮਾਮਲੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਮ-ਕਾਜ ਵਿਚ ਪੈਂਦੇ ਵਿਘਨ ਅਤੇ ਖਰਚੇ ਘਟਾਉਣ ਦੇ ਮੱਦੇਨਜ਼ਰ ਲਿਆ ਹੈ। ਇਸ ਦੇ ਨਾਲ ਸਰਕਾਰ ਨੇ ਸਾਰੇ ਵਿਧਾਇਕਾਂ ਦੀਆਂ ਤਨਖਾਹਾਂ, ਭੱਤੇ ਅਤੇ ਜਾਇਦਾਦਾਂ ਦੇ ਵੇਰਵੇ ਇੰਟਰਨੈੱਟ 'ਤੇ ਪਾਉਣ ਲਈ ਕਿਹਾ ਹੈ।

# Sir Speedy Tustin
Printers to the Community

**Outdoor 3'x11' Promo Flag**
**Only $29/-**
Pole & Spike $55/-

GURU NANAK SIKH TEMPLE FAIRFIELD
Visit Our Website: www.FairfieldGurudwara.com

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

OPEN 24 HOURS
OPEN HOUSE! Welcome
Call Toll Free: 855 360-HOME

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

ਲੱਖ ਲੱਖ ਵਧਾਈ

**11" Printed Balloons**
Printed with your logo and info. One color, one location. Min. qty 1000
**19¢ each**

YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100

**Your Printed T-Shirts**
**Only $4.99**

YOUR LOGO HERE
1 color in 1 position. Min Qty. 100

**Your Printed Caps**
**Only $4.99**

DAILY TRIP ENVELOPE

**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# Classified

## ਲੜਕੀ ਦੀ ਲੋੜ

ਸਿੱਖ ਰਾਮਗੜੀਆ ਲੜਕਾ, 30/5’9”, ਭਾਰਤ ਤੋਂ ਇਲੈਕਟ੍ਰੋਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਚ ਬੀ.ਟੈਕ। ਕੈਨੇਡਾ ਵਿਚ ਕਾਨੂੰਨੀ ਤਾਲਾਕ।(ਸਿਰਫ਼ 5 ਦਿਨ ਇਕੱਠੇ ਰਹੇ)। ਮੌਜੂਦਾ ਸਮੇਂ ਵਰਕ ਪਰਮਿਟ ’ਤੇ। ਸਿਰਫ਼ ਕੈਨੇਡਾ ਤੇ ਅਮਰੀਕਾ ਦੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ। ਸੰਪਰਕ : ਅਮਰੀਕਾ : 714-232-2482, ਵਟਸਐਪ : 97791-30287, saggu.gagan@gmail.com

ਰਾਮਗੜੀਆ ਸੋਹਣਾ ਸਿੱਖ ਪਰ ਕਲੀਨਸ਼ੇਵ ਲੜਕਾ ਕੱਦ 6 ਫੁੱਟ ਉਮਰ 30 ਸਾਲ ਜਹਾਜ ਪਾਇਲਟ ਦੀ ਨੌਕਰੀ ਇੰਡੀਆ ਤੋਂ ਬਾਹਰ ਕਿਸੇ ਦੇਸ਼ ਵਿਚ ਕਰਦਾ ਹੈ, ਪਰਿਵਾਰ ਅਮਰੀਕਾ ਵਿਚ ਹੈ, ਉਸ ਲਈ ਅਮਰੀਕਨ ਸਿਟੀਜਨ ਸੋਹਣੀ ਲੜਕੀ ਦੀ ਲੋੜ ਹੈ, ਵਿਆਹ ਛੇਤੀ।
ਸੰਪਰਕ ਕਰੋ: 916-507-9527

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5’10” ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ ’ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ।
ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ ’ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ ’ਚ ਮਲੋਟ ਨੇੜੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।
**ਹੋਰ ਜਾਣਕਾਰੀ ਲਈ ਫੋਨ: 09045898878**
**E-mail: navi_singh001@yahoo.com**

## Bride WANTED

Seeking a Matrimonial match in Canada & USA only, for a Sikh Ramgharia boy, 30/5’9” having B-Tech in Electronics & Communication Engineering from India. Legally divorced in Canada (together for 5 days only). Currently on work permit. Contact:
USA: 714-232-2482, WhatsApp: 9779130287,
Email : saggu.gagan@gmail.com

Jat Sikh Bhular boy 28 years old Height: 5’ 10” Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.
**For More information :**
**Call Mobile No. 09045898878**
**E-mail: navi_singh001@yahoo.com**

## ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰ (ਵੇਟਰ ਅਤੇ ਹੈਲਪਰ) ਦੀ ਲੋੜ ਹੈ।
ਸੰਪਰਕ ਕਰੋ: ਗੁਰਪ੍ਰੀਤ ਸਿੰਘ ਸੋਹਲ
ਫੋਨ : 707-498-9325
Email : tandooribiteseureka@gmail.com

## ਦਿੱਲੀ ਵਿਚ ਭਾਜਪਾ ਦੀਆਂ 31% ਸੀਟਾਂ ਵਧੀਆਂ, ਦੋ ਵਰ੍ਹਿਆਂ ’ਚ 51% ਘੱਟ ਗਈ ‘ਆਪ’ ਦੀ ਵੋਟ

ਕੇ ਦਿੱਲੀ ਦੀ ਜਨਤਾ ਦੀ ਭਲਾਈ ਲਈ ਕੰਮ ਕਰੇਗੀ। ਦਿੱਲੀ ਪ੍ਰਦੇਸ਼ ਦੇ ‘ਆਪ’ ਕਨਵੀਨਰ ਦਲੀਪ ਪਾਂਡੇ ਨੇ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ‘ਆਪ’ ਨੇ ਸ਼ੁਰੂ ਵਿਚ ਹਾਰ ਲਈ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮ) ਵਿਚ ਗੜਬੜੀ ਦਾ ਤੋੜਾ ਝਾੜਿਆ ਸੀ ਪਰ ਸ੍ਰੀ ਕੇਜਰੀਵਾਲ ਨੇ ਆਪਣੇ ਬਿਆਨ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਦੇ ਲੋਕਾਂ ਵੱਲੋਂ ਪਾਰਟੀ ਪ੍ਰਤੀ ਜਤਾਏ ਭਰੋਸੇ ਲਈ ਟਵੀਟ ਰਾਹੀਂ ਧੰਨਵਾਦ ਕੀਤਾ। ਉਨ੍ਹਾਂ ਜਿੱਤ ਯਕੀਨੀ ਬਣਾਉਣ ਲਈ ਭਾਜਪਾ ਵਰਕਰਾਂ ਦੀ ਵੀ ਸ਼ਲਾਘਾ ਕੀਤੀ। ਵਿਰੋਧੀ ਧਿਰ ਨੇ ਚੋਣਾਂ ਨੂੰ ਕੇਜਰੀਵਾਲ ਸਰਕਾਰ ਖਿਲਾਫ਼ ਫਤਵਾ ਕਰਾਰ ਦਿੰਦਿਆਂ ਮੁੱਖ ਮੰਤਰੀ ਤੋਂ ਅਸਤੀਫ਼ਾ ਦੇਣ ਦੀ ਮੰਗ ਕੀਤੀ। ਭਾਜਪਾ ਲਈ ਨਗਰ ਨਿਗਮ ਚੋਣਾਂ ਵਿਚ ਇਹ ਵੱਡੀ ਜਿੱਤ ਬਹੁਤ ਅਹਿਮ ਹੈ ਕਿਉਂਕਿ ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ ‘ਆਪ’ ਹੱਥੋਂ ਭਾਜਪਾ ਨੂੰ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ‘ਆਪ’ ਲਈ ਇਹ ਹਾਰ ਵੱਡਾ ਝਟਕਾ ਹੈ ਕਿਉਂਕਿ ਪੰਜਾਬ ਅਤੇ ਗੋਆ ਵਿਧਾਨ ਸਭਾ ਵਿਚ ਉਨ੍ਹਾਂ ਨੂੰ ਹਾਰ ਮਿਲੀ ਸੀ ਅਤੇ ਫਿਰ ਰਾਜੌਰੀ ਗਾਰਡਨ ਜ਼ਿਮਨੀ ਚੋਣ ਵੀ ਪਾਰਟੀ ਹਾਰ ਗਈ ਸੀ।

## ਕੈਨੇਡਾ ਵੱਸਦੇ ਗਰਮ ਖਿਆਲੀ ਆਗੂਆਂ ਵੱਲੋਂ ਅਮਰਿੰਦਰ ਨੂੰ ਧਮਕੀਆਂ ਦਾ ਭਾਰਤ ਸਰਕਾਰ ਨੇ ਲਿਆ ਨੋਟਿਸ

ਕੱਢੇ ਜਾਣ ਉਤੇ ਵੀ ਸਖ਼ਤ ਇਤਰਾਜ਼ ਕੀਤਾ ਗਿਆ, ਜਿਨ੍ਹਾਂ ਵਿੱਚ ਮਰਹੂਮ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਹੋਰ ਵੱਖਵਾਦੀ ਆਗੂ ਸ਼ਾਮਲ ਸਨ। ਨਾਲ ਹੀ ਭਾਰਤੀ ਫ਼ੌਜ ਤੇ ਪੁਲੀਸ ਦੇ ਉਨ੍ਹਾਂ ਮੌਜੂਦਾ ਤੇ ਸਾਬਕਾ ਅਫ਼ਸਰਾਂ ਦੀਆਂ ਤਸਵੀਰਾਂ ਵੀ ਲਾਈਆਂ ਗਈਆਂ, ਜਿਨ੍ਹਾਂ ਨੂੰ ਗਰਮ ਖ਼ਿਆਲੀਆਂ ਦੀ ਹਿੱਟ-ਲਿਸਟ ਉਤੇ ਦੱਸਿਆ ਜਾਂਦਾ ਹੈ।
ਭਾਰਤੀ ਅਧਿਕਾਰੀਆਂ ਨੇ ਕੈਨੇਡਾ ਨੂੰ ਖ਼ਾਲਿਸਤਾਨੀਆਂ ਵੱਲੋਂ ਕੀਤੇ ਜਾਂਦੇ ‘ਭਾਰਤ ਵਿਰੋਧੀ ਪ੍ਰਚਾਰ’ ਬਾਰੇ ਪਹਿਲਾਂ ਹੀ ਖ਼ਬਰਦਾਰ ਕੀਤਾ ਸੀ। ਕੈਨੇਡੀਅਨ ਵਿਦੇਸ਼ ਵਿਭਾਗ ਨੇ ਇਸ ਦੇ ਜਵਾਬ ਵਿੱਚ ਭਾਰਤ ਨੂੰ ‘ਜ਼ਰੂਰੀ ਕਾਰਵਾਈ’ ਦਾ ਭਰੋਸਾ ਦਿੱਤਾ ਸੀ। ਇਸ ਦੇ ਬਾਵਜੂਦ ਕੈਨੇਡੀਅਨ ਹਕੂਮਤ ਨੇ ਖ਼ਾਲਿਸਤਾਨੀ ਅਨਸਰਾਂ ਨੂੰ ਪਰੇਡ ਦੌਰਾਨ ਖੁੱਲ੍ਹ ਖੇਡਣ ਦੀ ਇਜਾਜ਼ਤ ਦੇ ਦਿੱਤੀ। ਸੂਤਰਾਂ ਨੇ ਕਿਹਾ ਕਿ ਇਸ ਮੌਕੇ ਕੈਨੇਡੀਅਨ ਸੂਬਾਈ ਪੁਲੀਸ ਤੇ ਸੁਰੱਖਿਆ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ। ਜਾਣਕਾਰੀ ਮੁਤਾਬਕ ਭਾਰਤੀ ਸ਼ਿਕਾਇਤ ਵਿੱਚ ਦੋ ਖ਼ਾਲਿਸਤਾਨੀ ਆਗੂਆਂ ਇੰਦਰਜੀਤ ਸਿੰਘ ਬੈਂਸ (ਦਸਮੇਸ਼ ਗੁਰਦੁਆਰਾ, ਸਰੀ ਦਾ ਸਾਬਕਾ ਅਹੁਦੇਦਾਰ) ਅਤੇ ਸੰਸਥਾ ਸਿੱਖਸ ਫਾਰ ਜਸਟਿਸ (ਐਸਜੇਐਫ਼) ਦੇ ਇਕ ਹੋਰ ਆਗੂ ਦਾ ਖ਼ਾਸ ਜ਼ਿਕਰ ਕੀਤਾ ਗਿਆ ਹੈ। ਪਰੇਡ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਵੀ ਸ਼ਿਰਕਤ ਕੀਤੀ। ਗ਼ੌਰਤਲਬ ਹੈ ਕਿ ਪੰਜਾਬੀ ਪਰਵਾਸੀਆਂ, ਖ਼ਾਸਕਰ ਸਿੱਖਾਂ ਨੂੰ ਬੀਸੀ ਵਿੱਚ ਵੱਡਾ ਵੋਟ ਬੈਂਕ ਮੰਨਿਆ ਜਾਂਦਾ ਹੈ, ਜਿਥੇ ਛੇਤੀ ਹੀ ਚੋਣਾਂ ਹੋਣ ਜਾ ਰਹੀਆਂ ਹਨ।
ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਆਖਿਆ, “ਅਜਿਹੀਆਂ ਧਮਕੀਆਂ ਤੋਂ ਕੈਨੇਡਾ ਵਿੱਚ ਮੁਕਾਬਲਤਨ ਛੋਟੇ ਜਿਹੇ ਸਿੱਖ ਭਾਈਚਾਰੇ ਵਿੱਚ ਵਧ ਰਹੀ ਕੱਟੜਪੰਥੀ ਦਾ ਪਤਾ ਲੱਗਦਾ ਹੈ।” ਗ਼ੌਰਤਲਬ ਹੈ ਕਿ ਕੈਪਟਨ ਨੇ ਪਿਛਲੇ ਮਹੀਨੇ ਭਾਰਤ ਤੇ ਪੰਜਾਬ ਆਏ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ‘ਖ਼ਾਲਿਸਤਾਨੀ ਹਮਦਰਦ’ ਕਰਾਰ ਦਿੰਦਿਆਂ ਮਿਲਣ ਤੋਂ ਨਾਂਹ ਕਰ ਦਿੱਤੀ ਸੀ।

Office for Lease in Union City, CA

Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

## ਨਸਲਭੇਦ ਕਾਰਨ ਪੁਲੀਸ ਅਧਿਕਾਰੀ ਬਲਜੀਵਨ ਸਿੰਘ ਸੰਧੂ ਨੂੰ ਨਹੀਂ ਮਿਲੀ ਤਰੱਕੀ

ਹੀ ਨਹੀਂ ਗਿਆ, ਸਗੋਂ ਪੀਲ ਰਿਜ਼ਨਲ ਪੁਲੀਸ ਨੇ ਵਿਭਿੰਨਤਾ ਦੇ ਰਿਸ਼ਤਿਆਂ ਬਾਰੇ ਸੋਚਿਆ ਤੱਕ ਨਹੀਂ। ਜਾਣਕਾਰੀ ਮੁਤਾਬਕ ਅਦਾਲਤ ਨੇ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਵਿਚ ਹੋਈ ਉਲੰਘਣਾ ’ਤੇ ਕਿਹਾ ਕਿ ਅਪੀਲਕਰਤਾ ਸੰਧੂ ਦੀ ਨਸਲ, ਰੰਗ, ਸਭਿਆਚਾਰ, ਪਿਛੋਕੜ ਆਦਿ ਅਜਿਹੇ ਕਾਰਨ ਹਨ, ਜਿਨ੍ਹਾਂ ਕਰਕੇ ਉਸ ਨੂੰ ਤਰੱਕੀ ਤੋਂ ਵਾਂਝਿਆ ਰੱਖਿਆ ਗਿਆ ਹੈ। ਅਦਾਲਤ ਨੇ ਕਿਹਾ ਕਿ ਅਸੀਂ ਜਾਂਚ ਵਿਚ ਦੇਖਿਆ ਕਿ ਸੰਧੂ ਨਾਲ ਨਸਲੀ ਭੇਦ ਰੱਖ ਕੇ ਉਸ ਨੂੰ ਸਿਰਫ਼ ਮਜ਼ਾਕ ਦਾ ਹੀ ਪਾਤਰ ਬਣਾਇਆ ਜਾਂਦਾ ਰਿਹਾ ਹੈ। ਸੰਧੂ ਦੇ ਵਕੀਲ ਨੇ ਕਿਹਾ ਕਿ ਜਦੋਂ ਉਹ 1989 ਵਿਚ ਕੈਡਟ ਭਰਤੀ ਹੋਇਆ ਸੀ, ਉਸ ਸਮੇਂ ਤੋਂ ਹੀ ਬਾਕੀ ਸਹਿਕਰਮੀਆਂ ਵੱਲੋਂ ਸੰਧੂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਹੈ।

## ਦਿੱਲੀ ਵਿਧਾਨ ਸਭਾ ਚੋਣਾਂ ’ਚ ਹੀ ਬੀਜੇ ਗਏ ਸਨ ਹਾਰ ਦੇ ਬੀਜ

ਲਿਹਾਜ਼ਾ ਜੇ ਅਰਵਿੰਦ ਚੰਗੇ ਮੁੱਖ ਮੰਤਰੀ ਹੋਣ ਦੇ ਕੁੱਝ ਐਵਾਰਡ ਜਿੱਤ ਲੈਂਦੇ ਤਾਂ ਉਨ੍ਹਾਂ ਦੀ ਵੱਖਰਾ ਹੀ ਰੁਤਬਾ ਹੁੰਦਾ। ਅਰਵਿੰਦ ਹੁਣ ਵੀ ‘ਆਪ’ ਨੂੰ ਉੱਪਰ ਲਿਜਾ ਸਕਦੇ ਹਨ, ਬਸ਼ਰਤੇ ਉਹ ਰੋਣਾ ਛੱਡ ਕੇ ਕੰਮ ’ਚ ਲੱਗ ਜਾਣ। ਵੈਸੀ ਵੀ ਪ੍ਰਧਾਨ ਮੰਤਰੀ ਬਣਨ ਦੀ ਅਜਿਹੀ ਕੀ ਛੇਤੀ ਹੈ, ਕੀ ਮੁੱਖ ਮੰਤਰੀ ਦਾ ਬੰਗਲਾ ਆਰਾਮਦਾਇਕ ਨਹੀਂ ਹੈ?
‘ਆਪ’ ਜਿੱਥੇ ਦੂਜਿਆਂ ਦੀ ਸ਼ਿਕਾਇਤਾਂ ਕਰਦੀ ਰਹੀ, ਉੱਥੇ ਇਸ ਨੇ ਪਾਰਟੀ ਦੇ ਕੌਮੀ ਇਸ਼ਤਿਹਾਰਾਂ ਅਤੇ ਮੁੱਖ ਮੰਤਰੀ ਦੇ ਮੁਕੱਦਮੇ ਲੜਨ ਲਈ ਸਰਕਾਰੀ ਪੈਸੇ ਦੀ ਵਰਤੋਂ ਕੀਤੀ। ਸਸਤੇ ਮੋਬਾਈਲ ਡਾਟਾ ਦੇ ਇਸ ਦੌਰ ’ਚ ਅਜਿਹੀ ਗੱਲਾਂ ਲੁਕੀਆਂ ਨਹੀਂ ਹਨ। ‘ਆਪ’ ਦਾ ਤੇਜ਼ੀ ਨਾਲ ਉਥਾਨ ਅਤੇ ਪਤਨ ਸਾਨੂੰ ਵੋਟਰਾਂ ਨੂੰ ਇਨ੍ਹਾਂ ਦਿਨੀਂ ਮਿਲ ਰਹੀਆਂ ਸੂਚਨਾਵਾਂ ਦੀ ਤੇਜ਼ ਰਫ਼ਤਾਰ ਦੱਸਦੀ ਹੈ। ‘ਆਪ’ ਨੂੰ ਪਤਾ ਲਗਾਉਣਾ ਹੋਵੇਗਾ ਕਿ ਉਹ ਚਾਹੁੰਦੀ ਕੀ ਹੈ? ਜੇ ਇਹ ਮੌਜੂਦਾ ਪਾਰਟੀਆਂ ਦਾ ਸ਼ਿਕਾਇਤੀ ਸੰਸਕਰਨ ਬਣਨਾ ਚਾਹੁੰਦੀ ਹੈ ਤਾਂ ਇਹ ਜ਼ਿਆਦਾ ਦੂਰ ਤੱਕ ਨਹੀਂ ਜਾ ਸਕੇਗੀ। ਜੇ ਇਹ ਹੁਣ ਵੀ ਚੰਗੇ ਲੋਕਾਂ, ਕੰਮ ਤੇ ਵਿਸ਼ਵਾਸ ਉੱਤੇ ਜ਼ੋਰ ਦੇਵੇ ਤਾਂ ਇਸ ਦਾ ਭਵਿੱਖ ਹੋ ਸਕਦਾ ਹੈ।
ਇਸ ਬਾਰੇ ਕੋਈ ਗ਼ਲਤੀ ਨਾ ਕਰੇ ਕਿ ‘ਆਪ’ ਨੇ ਭਾਰਤੀ ਰਾਜਨੀਤੀ ਨੂੰ ਤਾਂ ਬਦਲਿਆ ਹੈ। ਖ਼ੁਦ ਪਟੜੀ ਤੋਂ ਉੱਤਰਨ ਤੋਂ ਪਹਿਲਾਂ ਇਸ ਨੇ ਭਾਰਤੀ ਰਾਜਨੀਤੀ ਦੀ ਕੁੱਝ ਸਫ਼ਾਈ ਕਰਨ ’ਚ ਮਦਦ ਤਾਂ ਕੀਤੀ ਹੈ। ਇਸ ਨੂੰ ਇਹ ਸਿਹਰਾ ਹਮੇਸ਼ਾ ਮਿਲਦਾ ਰਹੇਗਾ। ਇਸ ਦਾ ਜੋ ਵੀ ਹੋਵੇ, ਇਹ ਸਾਡੇ ਸਾਰਿਆਂ ਲਈ ਸਬਕ ਹੈ। ਅਸੀਂ ਆਪਣੀ ਜ਼ਿੰਦਗੀ ’ਚ ਵੀ ਚੰਗੀ ਬਣੇ ਰਹੀਏ, ਸ਼ਿਕਾਇਤਾਂ ਘੱਟ ਤੇ ਕੰਮ ਜ਼ਿਆਦਾ ਕਰੀਏ।

## ਪਹਿਲੇ 100 ਦਿਨਾਂ ’ਚ ਹੀ ਟਰੰਪ ਦੀ ਸੁਰ ਪਈ ਨਰਮ

ਅਮਰੀਕੀ ਰਾਸ਼ਟਰਪਤੀਆਂ ਨੇ ਇਹ ਸੱਦ ਜ਼ਰੂਰ ਸੁਣੀ ਹੈ।
ਟਰੰਪ ਚੀਨ, ਮੈਕਸਿਕੋ, ਯੂਰੋਪੀਅਨ ਸਮੇਤ ਬਾਹਰੀ ਤਾਕਤਾਂ ਉੱਤੇ ਸੰਯੁਕਤ ਰਾਜ ਅਮਰੀਕਾ ਨਾਲ ਬੇਇਨਸਾਫ਼ੀ ਕਰਨ ਅਤੇ ਅਮਰੀਕੀ ਆਰਥਿਕਤਾ ਦੀ ਗਿਰਾਵਟ ਲਈ ਸਿੱਧੇ ਜਾਂ ਅਸਿੱਧੇ ਤੌਰ ’ਤੇ ਕਾਰਨ ਹੋਣ ਦਾ ਦੋਸ਼ ਲਾਉਂਦਾ ਹੋਇਆ ਓਵਲ ਦਫ਼ਤਰ ਤੋਂ ਬਾਹਰ ਆਇਆ। ਉਸ ਨੇ ਅਮਰੀਕਨਾਂ ਲਈ ਸੁਰੱਖਿਆਵਾਦ ਅਤੇ ਬਾਕੀ ਦੁਨੀਆ ਤੋਂ ਅਲਹਿਦਗੀ ਦਾ ਵਾਅਦਾ ਕੀਤਾ। ਉਸ ਨੇ ਅਮਰੀਕੀ ਫ਼ੌਜਾਂ ਨੂੰ ਘਰੇ ਰੱਖਣ ਦਾ ਵਾਅਦਾ ਕੀਤਾ ਅਤੇ ਆਲਮੀ ਥਾਣੇਦਾਰ ਬਣਨ ਤੋਂ ਸਿੱਧੀ ਨਾਂਹ ਕਰ ਦਿੱਤੀ। ਉਸ ਨੇ ਕਥਿਤ ਆਲਮੀ ਸੰਰਚਨਾ ਤੋਂ ਖ਼ੁਦ ਨੂੰ ਅਪ੍ਰਭਾਵਿਤ ਐਲਾਨਿਆ ਕਿ ਉਸ ਦੀ ਤਰਜੀਹ ਦੁੱਵਲੇ ਸਮਝੌਤੇ ਅਤੇ ਲੋੜ ਪੈਣ ’ਤੇ ਟੱਕਰ ਲੈਣੀ ਹੋਏਗੀ।
ਪੂਰਬੀ ਤੱਟ ਦੇ ਵਿਸ਼ਵੀਕਰਨ ਦੇ ਹਾਮੀਆਂ ਲਈ ਇਹ ਬਹੁਤ ਵੱਡੀ ਰਾਹਤ ਹੈ ਕਿ ਬਤੌਰ ਰਾਸ਼ਟਰਪਤੀ, ਉਹ ਰਵਾਇਤੀ ਲੀਕਾਂ ਮਿਟਾਉਣਾ ਚਾਹੁੰਦਾ ਹੈ। ਉਹ ਘਰ ਨਹੀਂ ਠਹਿਰਿਆ। ਉਹ ਅਫ਼ਗਾਨਿਸਤਾਨ ਗਿਆ ਜਿੱਥੇ ਉਸ ਨੇ ਮਹਾਂਬੰਬ, ਸੀਰੀਆ ਵਿੱਚ ਮਿਜ਼ਾਈਲਾਂ ਸੁੱਟੀਆਂ ਕਿਉਂਕਿ ਅਸਦ ਸ਼ਾਸਨ ਬੁਰੇ ਲੋਕਾਂ ਦੇ ਸ਼ਾਸਨ ਦੀ ਤਰ੍ਹਾਂ ਸੀ। ਇਸ ਹਫ਼ਤੇ ਉਸ ਨੇ ਆਪਣੇ ਉਪ ਰਾਸ਼ਟਰਪਤੀ ਨੂੰ ਉੱਤਰੀ ਕੋਰੀਆ ਖ਼ਿਲਾਫ਼ ਕੁਝ ਕਰਨ ਲਈ ਭੇਜਿਆ ਹੈ।
ਚੀਨ ਨੇ ਟਰੰਪ ਦੀ ਸ਼ਖ਼ਸੀਅਤ ਦਾ ਭੇਤ ਪਾ ਲਿਆ ਹੈ। ਚੀਨ ਨੇ ਕੂਟਨੀਤਕ ਨਿਪੁੰਨਤਾ ਦਾ ਪ੍ਰਦਰਸ਼ਨ ਕੀਤਾ ਹੈ। ਚੀਨੀ ਛੇਤੀ ਕਿਤੇ ਭੜਕਦੇ ਨਹੀਂ। ਪਰ ਲੋੜ ਮਹਿਸੂਸ ਹੋਣ ’ਤੇ ਖ਼ੁਦ ਨੂੰ ਮਜ਼ਬੂਤੀ ਨਾਲ ਪ੍ਰਗਟਾਉਣ ਵਿੱਚ ਯਕੀਨ ਰੱਖਦੇ ਹਨ। ਉਨ੍ਹਾਂ ਨੇ ਇੱਕੋ ਸਮੇਂ ਟਕਰਾਅ, ਸਹਿਯੋਗ ਅਤੇ ਸਹਿਕਾਰਤਾ ਰਾਹੀਂ ਉਸ ਨੂੰ ਹੈਰਾਨ ਜ਼ਰੂਰ ਕਰ ਦਿੱਤਾ ਹੈ।
ਯੂਰੋਪੀਅਨ ਹੁਣ ਟਰੰਪ ਦੀ ਬਾਕੀਆਂ ਤੋਂ ਅਲਹਿਦਾ ਰਹਿਣ ਦੀ ਧੁਨ ਤੋਂ ਚਿੰਤਤ ਨਹੀਂ ਹਨ, ਉਨ੍ਹਾਂ ਨੂੰ ਨਾਟੋ ਵਿੱਚ ਕੁਝ ਗੁਣ ਲੱਭੇ ਹਨ। ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਪਹਿਲਾਂ ਆਪਣੇ ਘਰ ਵਿੱਚ ਸਭ ਕੁਝ ਠੀਕ ਕਰਨਾ ਪਏਗਾ ਅਤੇ ਉਹ ਰਾਹਤ ਮਹਿਸੂਸ ਕਰਦੇ ਹਨ ਕਿ ਯੂਰੋਪੀਅਨ ਪ੍ਰਾਜੈਕਟਾਂ ਵਿੱਚ ਟਰੰਪ ਵੱਲੋਂ ਰੋੜੇ ਅਟਕਾਉਣ ਦੇ ਮਾਮਲੇ ਨਾਲ ਉਨ੍ਹਾਂ ਨੂੰ ਸਿੱਝਣਾ ਨਹੀਂ ਪਿਆ। ਦੂਜੀ ਤਰਫ਼ ਰੂਸੀ ਵੀ ਉਸ ਨੂੰ ਆਪਣੇ ਨਾਲ ਤੋਰ ਕੇ ਖ਼ੁਸ਼ ਹਨ।
ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਨਿਰਸੰਦੇਹ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦਫ਼ਤਰ ਹੈ। ਓਵਲ ਦਫ਼ਤਰ ਵਿੱਚ ਬੈਠਣ ਵਾਲਾ ਵਿਅਕਤੀ ਕਿਸੇ ਤੋਂ ਵੀ ਉਸ ਦੀ ਖ਼ੁਸ਼ੀ ਖੋਹ ਸਕਦਾ ਹੈ। ਇਨ੍ਹਾਂ ਸੌ ਦਿਨਾਂ ਵਿੱਚ ਜੇਕਰ ਕੋਈ ਰਾਹਤ ਦੀ ਗੱਲ ਹੈ ਤਾਂ ਉਹ ਹੈ ਕਿ ਟਰੰਪ ਨੂੰ ਬੇਪਰਵਾਹ ਹੋਣ ਦੀ ਆਗਿਆ ਨਹੀਂ ਦਿੱਤੀ ਗਈ। ਸੰਸਥਾਗਤ ਰੁਕਾਵਟਾਂ, ਉਦਾਰਵਾਦੀ ਧਾਰਮਿਕਤਾ ਅਤੇ ਜ਼ੋਰਦਾਰ ਤੇ ਜਾਨਦਾਰ ਮੀਡੀਆ ਨੇ ਮਿਲ ਕੇ ਉਸ ਨੂੰ ਜਾਂਚ ਅਤੇ ਜਵਾਬਦੇਹੀ ਅਧੀਨ ਲਗਾਤਾਰ ਲਿਆਂਦਾ ਹੈ। ਜਮਹੂਰੀ ਆਵਾਜ਼ਾਂ ਅਤੇ ਸੰਯੁਕਤ ਰਾਸ਼ਟਰ ਦੇ ਅੰਦਰਲੀਆਂ ਤੇ ਉਸ ਤੋਂ ਦੂਰ ਦਰਾਜ ਦੀਆਂ ਜਮਹੂਰੀ ਸੁਰਾਂ ਤੇ ਤਾਕਤਾਂ ਲਈ ਇਹ ਆਪਣੇ ਆਪ ਵਿੱਚ ਵੱਡੀ ਤਸੱਲੀ ਵਾਲੀ ਗੱਲ ਹੋਣੀ ਚਾਹੀਦੀ ਹੈ।

## 'ਆਪ' ਦੀ ਹਤਾਸ਼ਾ; ਤੂੰ-ਤੂੰ, ਮੈਂ-ਮੈਂ ਦਾ ਤਮਾਸ਼ਾ

ਮਾਮਲਿਆਂ ਬਾਰੇ ਕਮੇਟੀ ਤੋਂ ਅਸਤੀਫ਼ਾ ਦੇਣਾ ਪਿਆ ਪਰ ਉਹ ਆਪਣੇ ਸਟੈਂਡ 'ਤੇ ਹਾਲੇ ਵੀ ਕਾਇਮ ਹਨ। ਅਮਾਨਤੁੱਲਾ ਖ਼ਾਨ ਨੇ ਸਾਫ਼ ਕਿਹਾ ਹੈ ਕਿ ਕੁਝ ਲੋਕ ਆਮ ਆਦਮੀ ਪਾਰਟੀ ਨੂੰ ਤੋੜਨ ਲਈ ਭਾਜਪਾ ਅਤੇ ਸੰਘ ਦੇ ਸੰਪਰਕ ਵਿਚ ਹਨ। ਇਸ ਤੋਂ ਨਾਰਾਜ਼ ਕੁਮਾਰ ਵਿਸ਼ਵਾਸ ਧੜੇ ਦੇ 22 ਵਿਧਾਇਕਾਂ ਨੇ ਉਨ੍ਹਾਂ ਨੂੰ ਪਾਰਟੀ 'ਚੋਂ ਹਟਾਉਣ ਤਕ ਦੀ ਗੱਲ ਕੀਤੀ ਹੈ। ਭਾਵੇਂ ਕੇਜਰੀਵਾਲ ਕੁਮਾਰ ਵਿਸ਼ਵਾਸ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਹਨ ਪਰ ਕੁਮਾਰ ਵਿਸ਼ਵਾਸ ਨੇ ਪਾਰਟੀ ਛੱਡਣ ਦੇ ਸੰਕੇਤ ਦਿੱਤੇ ਹਨ।

ਹਾਲੀਆ ਨਗਰ ਨਿਗਮ ਚੋਣਾਂ ਵਿਚ ਦਿੱਲੀ ਦੀ ਹਾਰ ਸਭ ਤੋਂ ਨਮੋਸ਼ੀ ਭਰੀ ਹੈ ਕਿਉਂਕਿ ਜਿਸ ਦਿੱਲੀ ਨੇ 'ਆਪ' ਦੇ ਹੱਕ ਵਿਚ ਜ਼ੋਰਦਾਰ ਫ਼ਤਵਾ ਦਿੱਤਾ ਸੀ, ਉਸੇ ਦਿੱਲੀ ਨੇ ਮਹਿਜ਼ 2 ਸਾਲਾਂ ਵਿਚ ਹੀ ਇਸ ਦੀਆਂ ਨਾਕਾਮੀਆਂ ਤੋਂ ਦੁਖੀ ਹੋ ਕੇ ਉਸ ਨੂੰ ਨਕਾਰ ਦਿੱਤਾ। ਦਿੱਲੀ ਤੇ ਪੰਜਾਬ ਦੀ ਹੋਣੀ ਇਕੋ ਜਿਹੀ ਰਹੀ। ਜਦੋਂ ਦਿੱਲੀ ਵਿਚ 'ਆਪ' ਨੇ ਜਲਵਾ ਦਿਖਾਇਆ ਤਾਂ ਪੰਜਾਬ ਵਿਚ ਵੀ ਤੀਜੀ ਧਿਰ ਦੇ ਸੱਤਾ ਵਿਚ ਆਉਣ ਦੀ ਆਸ ਬੱਝ ਗਈ ਸੀ ਪਰ ਪਾਰਟੀ ਆਗੂਆਂ ਦੀਆਂ 'ਆਪਹੁਦਰੀਆਂ, ਧੱਕੇਸ਼ਾਹੀਆਂ, ਚਾਪਲੂਸੀਆਂ, ਹੰਕਾਰ' ਕਾਰਨ ਪੰਜਾਬ ਦੀ ਸੱਤਾ ਵੀ ਹੱਥੋਂ ਕਿਰ ਗਈ। ਪੰਜਾਬ ਵਿਚਲੇ ਜਿਹੜੇ ਆਗੂ 'ਜੀ ਹਜ਼ੂਰੀਆਂ' ਵਿਚ ਲੱਗੇ ਸਨ, ਉਹ ਵੀ ਅੱਜ ਵਿਰੋਧੀ ਸੁਰ ਅਲਾਪ ਰਹੇ ਹਨ। ਪੰਜਾਬ ਵਿਚਲੇ ਆਗੂ ਜਿੱਥੇ ਹੁਣ ਦਿੱਲੀ ਲੀਡਰਸ਼ਿਪ ਖ਼ਿਲਾਫ਼ ਖੁੱਲ੍ਹ ਕੇ ਬਿਆਨਬਾਜ਼ੀ ਕਰ ਰਹੇ ਹਨ, ਉਥੇ ਦਿੱਲੀ ਦੇ ਪੰਜਾਬ ਇੰਚਾਰਜਾਂ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਨੇ ਹਾਰ ਦੀ ਜ਼ਿੰਮੇਵਾਰੀ ਕਬੂਲਦਿਆਂ ਪੰਜਾਬ ਦੀ 'ਇੰਚਾਰਜੀ' ਤੋਂ ਅਸਤੀਫ਼ੇ ਦੇ ਦਿੱਤੇ ਹਨ। ਪੰਜਾਬ ਵਿਚ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਜਿੱਥੇ ਪੰਜਾਬ ਵਿਚਲੀ ਹਾਰ ਲਈ ਸੰਸਦ ਮੈਂਬਰ ਭਗਵੰਤ ਮਾਨ ਨੂੰ ਅਸਿੱਧੇ ਢੰਗ ਨਾਲ ਨਿਸ਼ਾਨਾ ਬਣਾਇਆ ਹੈ, ਉਥੇ ਭਗਵੰਤ ਮਾਨ, ਪਾਰਟੀ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ, ਸੁਖਪਾਲ ਖਹਿਰਾ ਨੂੰ ਵੀ ਦਿੱਲੀ ਲੀਡਰਸ਼ਿਪ ਵਿਚ ਖਾਮੀਆਂ ਨਜ਼ਰ ਆਉਣ ਲੱਗੀਆਂ ਹਨ। ਜਦੋਂ ਦਿੱਲੀ ਲੀਡਰਸ਼ਿਪ ਨੂੰ ਪੰਜਾਬ ਵਿਚੋਂ ਭੇਜਣ ਲਈ ਆਵਾਜ਼ਾਂ ਉਠ ਰਹੀਆਂ ਸਨ, ਤਾਂ ਉਹ ਆਵਾਜ਼ਾਂ ਦਬਾ ਦਿੱਤੀਆਂ ਗਈਆਂ।

ਪਰ ਪੰਜਾਬ ਲੀਡਰਸ਼ਿਪ ਹੁਣ 'ਆਪ' ਤੋਂ 'ਬਾਹਰ' ਹੁੰਦੀ ਪ੍ਰਤੀਤ ਹੋ ਰਹੀ ਹੈ। ਇਕ ਪਾਸੇ ਪਾਰਟੀ ਵਿਧਾਇਕਾਂ ਨੇ ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਦੇ ਖੰਭ ਕੁਤਰਨ ਲਈ ਆਪਣੀ ਸਿਆਸੀ ਧਾਰ ਤਿੱਖੀ ਕਰ ਲਈ ਹੈ, ਦੂਜੇ ਪਾਸੇ ਇਹ ਚਾਰ ਗੁੱਟਾਂ ਵਿਚ ਵੰਡੇ ਗਏ ਹਨ। ਡੇਢ ਦਰਜਨ ਵਿਧਾਇਕਾਂ ਨੇ ਗੁਪਤ ਮੀਟਿੰਗ ਕਰਕੇ ਨਵਾਂ ਸੂਬਾ ਕਨਵੀਨਰ ਲਾਏ ਜਾਣ 'ਤੇ ਸਹਿਮਤੀ ਪ੍ਰਗਟ ਕੀਤੀ ਹੈ। ਦਿੱਲੀ ਦੀ ਖਿੱਚੋਤਾਣ 'ਚ ਉਲਝੇ ਕੇਜਰੀਵਾਲ ਨੇ ਪੰਜਾਬ ਦੀ ਤਾਣੀ ਸੁਲਝਾਉਣ ਲਈ ਭਗਵੰਤ ਮਾਨ ਨੂੰ ਆਪਣਾ ਵਿਦੇਸ਼ ਦੌਰਾ ਟਾਲਣ ਲਈ ਕਿਹਾ ਹੈ। ਭਗਵੰਤ ਮਾਨ ਨੇ ਪਹਿਲੀ ਮਈ ਅਮਰੀਕਾ ਜਾਣਾ ਸੀ ਪਰ ਹੁਣ 8 ਮਈ ਨੂੰ ਜਾਣਗੇ। ਭਗਵੰਤ ਮਾਨ ਨੇ ਤਾਂ ਅਰਵਿੰਦ ਕੇਜਰੀਵਾਲ ਨਾਲ ਕੁਝ ਦਿਨ ਪਹਿਲਾਂ ਦਿੱਲੀ ਵਿੱਚ ਦੋ ਘੰਟੇ ਗੁਪਤ ਮੀਟਿੰਗ ਕਰਕੇ ਚੋਣਾਂ ਵਿੱਚ 'ਆਪ' ਵੱਲੋਂ ਕੀਤੀਆਂ ਗਲਤੀਆਂ ਗਿਣਾਈਆਂ ਸਨ। ਕੇਜਰੀਵਾਲ 'ਤੇ ਸਿੱਧਾ ਹਮਲਾ ਬੋਲਦਿਆਂ ਉਨ੍ਹਾਂ ਆਖਿਆ ਕਿ ਈਵੀਐਮ ਮਸ਼ੀਨਾਂ ਅਤੇ ਪੰਜਾਬ ਦੇ ਲੋਕਾਂ ਦਾ ਕੋਈ ਕਸੂਰ ਨਹੀਂ, ਕਿਸੇ ਦੇ ਕਸੂਰ ਦੀ ਥਾਂ 'ਆਪ' ਲੀਡਰਸ਼ਿਪ ਨੂੰ ਆਤਮ-ਪੜਚੋਲ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ 'ਆਪ' ਨੇ ਪੰਜਾਬ ਚੋਣਾਂ ਦੌਰਾਨ ਵੱਡੀਆਂ ਗਲਤੀਆਂ ਕੀਤੀਆਂ, ਜਿਸ ਦਾ ਨੁਕਸਾਨ ਹੋਇਆ। ਉਨ੍ਹਾਂ ਆਖਿਆ ਕਿ ਕੇਜਰੀਵਾਲ ਇਹ ਨਹੀਂ ਸਮਝ ਸਕੇ ਕਿ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ। ਮੁੱਖ ਮੰਤਰੀ ਦੇ ਉਮੀਦਵਾਰ ਦੇ ਨਾਮ ਦਾ ਐਲਾਨ ਨਾ ਕਰਨਾ ਵੱਡੀ ਗਲਤੀ ਰਹੀ ਅਤੇ ਉਸ ਤੋਂ ਵੱਡੀ ਗਲਤੀ ਗਰਮ ਖਿਆਲੀ ਆਗੂਆਂ ਨਾਲ 'ਆਪ' ਆਗੂਆਂ ਨੇ ਮੀਟਿੰਗ ਕਰ ਕੇ ਕਰ ਦਿੱਤੀ।

ਸੰਸਦ ਮੈਂਬਰ ਨੇ ਆਖਿਆ ਕਿ ਪਹਿਲਾਂ ਟਿਕਟਾਂ ਦੀ ਵੰਡ ਵਿੱਚ ਗਲਤ ਫੈਸਲੇ ਹੋਏ ਅਤੇ ਉਸ ਨੂੰ ਟਿਕਟਾਂ ਦੀ ਵੰਡ ਦੇ ਮਾਮਲੇ ਵਿਚੋਂ ਲਾਂਭੇ ਕੀਤਾ ਅਤੇ ਫਿਰ ਪਾਰਟੀ ਚੋਣਾਂ ਵਿੱਚ ਬਿਨਾਂ ਕਪਤਾਨ ਵਾਲੀ ਮੁਹੱਲੇ ਦੀ ਕ੍ਰਿਕਟ ਟੀਮ ਵਾਂਗ ਖੇਡੀ। ਉਨ੍ਹਾਂ ਆਖਿਆ ਕਿ ਉਸ ਨੇ ਚੋਣਾਂ ਦੌਰਾਨ 500 ਰੈਲੀਆਂ ਕੀਤੀਆਂ ਅਤੇ ਦਿਨ-ਰਾਤ ਮਿਹਨਤ ਕੀਤੀ ਪਰ ਉਸ ਨੂੰ ਦਿੱਲੀਓਂ ਕਦੇ ਸ਼ਾਬਾਸ਼ ਨਹੀਂ ਮਿਲੀ, ਉਲਟਾ ਝਿੜਕਾਂ ਜ਼ਰੂਰ ਮਿਲਦੀਆਂ ਸਨ। ਉਧਰ ਪੰਜਾਬ ਵਿਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਤੇ ਸੁਖਪਾਲ ਖਹਿਰਾ ਨੇ ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਲੜਨ ਦੇ ਸੰਕੇਤ ਦਿੱਤੇ ਹਨ। ਫੂਲਕਾ ਨੇ ਜਿਹੜੀ 'ਪੰਜਾਬ ਯਾਤਰਾ' ਸ਼ੁਰੂ ਕੀਤੀ ਹੈ, ਗੁਰਪ੍ਰੀਤ ਸਿੰਘ ਵੜੈਚ ਨੇ ਉਸ ਤੋਂ ਦੂਰੀ ਬਣਾਈ ਹੋਈ ਹੈ। ਖਹਿਰਾ ਨੇ ਵੀ ਇਕ ਦਿਨ ਪਹਿਲਾਂ ਅੰਮ੍ਰਿਤਸਰ ਦਾ ਦੌਰਾ ਕਰਕੇ ਸੰਕੇਤ ਦਿੱਤੇ ਕਿ ਉਨ੍ਹਾਂ ਦਾ ਇਸ ਯਾਤਰਾ ਨਾਲ ਕੋਈ ਸਬੰਧ ਨਹੀਂ। ਚੌਥੀ ਧਿਰ ਦੇ ਕੁਝ ਆਗੂ ਸਿੱਧੇ ਤੌਰ 'ਤੇ ਕੌਮੀ ਲੀਡਰਸ਼ਿਪ ਨਾਲ ਜੁੜੇ ਹਨ ਤੇ ਪੂਰੇ ਮਾਮਲੇ ਤੋਂ ਨਿਰਾਸ਼ ਹਨ।

ਮਸਲਾ ਸਿਰਫ਼ ਹਾਰ-ਜਿੱਤ ਦਾ ਨਹੀਂ, ਸਗੋਂ 'ਭਾਰਤ ਬਨਾਮ ਭ੍ਰਿਸ਼ਟਾਚਾਰ' ਦੇ ਅੰਦੋਲਨ ਨਾਲ ਸਿਆਸਤ ਵਿਚ ਆਈ 'ਆਪ' ਨੂੰ ਆਪਣੀ ਵਿਚਾਰਧਾਰਾ ਵੀ ਸਪਸ਼ਟ ਕਰਨੀ ਪਏਗੀ। ਵਿਵਸਥਾ ਪਰਿਵਰਤਨ ਅਤੇ ਸਵਰਾਜ ਦਾ ਖਾਕਾ ਪੇਸ਼ ਕਰਕੇ 'ਆਪ' ਨੇ ਲੋਕਾਂ ਦਾ ਸਮਰਥਨ ਜੁਟਾਇਆ ਸੀ ਪਰ ਵਿਚਾਰਧਾਰਕ ਅਣਹੋਂਦ ਤੇ ਦਾਗ਼ੀ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਕਰਕੇ ਉਹ ਆਪਣਾ ਅਸਤਿੱਤਵ ਗਵਾਉਂਦੀ ਜਾ ਰਹੀ ਹੈ।

ਬੇਸ਼ੱਕ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਹੁਣ ਸਵੀਕਾਰ ਕੀਤਾ ਹੈ ਕਿ ਇਹ ਆਤਮ ਮੰਥਨ ਦਾ ਵੇਲਾ ਹੈ ਪਰ ਪਾਰਟੀ ਆਗੂਆਂ ਨੂੰ ਮੁੜ ਇਕਜੁਟ ਕਰਨਾ ਆਸਾਨ ਕੰਮ ਨਹੀਂ ਹੈ। ਜੇਕਰ ਕੇਜਰੀਵਾਲ ਆਪਣੀਆਂ ਕਮੀਆਂ-ਪੇਸ਼ੀਆਂ ਪਹਿਲਾਂ ਹੀ ਸਵੀਕਾਰ ਕਰ ਲੈਂਦੇ ਤਾਂ ਪ੍ਰਸ਼ਾਂਤ ਭੂਸ਼ਣ, ਯੋਗੇਂਦਰ ਯਾਦਵ, ਡਾ. ਧਰਮਵੀਰ ਗਾਂਧੀ ਵਰਗੇ ਆਗੂਆਂ ਨੂੰ ਪਾਰਟੀ ਤੋਂ ਬਾਹਰ ਨਾ ਜਾਣਾ ਪੈਂਦਾ ਤੇ ਅੱਜ ਪਾਰਟੀ ਦੀ ਸਥਿਤੀ ਕਿਤੇ ਬਿਹਤਰ ਹੋਣੀ ਸੀ। ਦੂਜਿਆਂ ਦੀ ਆਲੋਚਨਾ ਕਰਨ ਵਾਲੇ ਅਰਵਿੰਦ ਕੇਜਰੀਵਾਲ ਨੇ ਆਪਣੀ ਆਲੋਚਨਾ ਕਦੇ ਸਵੀਕਾਰ ਨਹੀਂ ਕੀਤੀ। ਆਲੋਚਨਾ ਕਰਨ ਵਾਲੇ 'ਕੇਜਰੀਵਾਲ ਭਗਤਾਂ' ਦੇ ਹਮਲਿਆਂ ਦਾ ਸ਼ਿਕਾਰ ਹੁੰਦੇ ਰਹੇ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪਾਰਟੀ ਨੂੰ ਮੁੜ ਪੈਰਾਂ-ਸਿਰ ਕਰਨ ਲਈ ਆਪਣੀਆਂ ਗ਼ਲਤੀਆਂ ਨਾ ਸਿਰਫ਼ ਸਵੀਕਾਰਨੀਆਂ ਪੈਣਗੀਆਂ, ਸਗੋਂ ਉਨ੍ਹਾਂ ਨੂੰ ਦੂਰ ਵੀ ਕਰਨ ਦੀ ਲੋੜ ਹੈ। ਸਭ ਤੋਂ ਅਹਿਮ ਦਾਗ਼ੀ ਨੇਤਾਵਾਂ ਦੀ ਛੁੱਟੀ ਕਰਕੇ ਇਮਾਨਦਾਰ ਨੇਤਾਵਾਂ ਦੀ ਵਾਪਸੀ ਕਰਨ ਦੀ ਜ਼ਰੂਰਤ ਹੈ। ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦੇ ਦਾਅਵਿਆਂ-ਵਾਅਦਿਆਂ ਤੋਂ ਪਹਿਲਾਂ ਪਾਰਟੀ ਅੰਦਰ ਪਾਰਦਰਸ਼ਤਾ ਲਿਆਉਣ ਦੀ ਵੱਡੀ ਲੋੜ ਹੈ। ਆਤਮ ਮੰਥਨ ਦਾ ਮਕਸਦ ਅਮਲ ਨਾਲ ਹੀ ਪੂਰਾ ਹੋ ਸਕਦਾ ਹੈ।

## ਨਾਇਬ ਸੂਬੇਦਾਰ ਪਰਮਜੀਤ ਸਿੰਘ ਦੀ ਮੌਤ 'ਤੇ ਪਰਿਵਾਰ ਗੁੱਸੇ ਵਿਚ, ਕਿਹਾ- ਕੇਂਦਰ ਸਰਕਾਰ ਦੀਆਂ ਕਮਜ਼ੋਰ ਨੀਤੀਆਂ ਕਾਰਨ ਨਿਤ ਮਰ ਰਹੇ ਨੇ ਜਵਾਨ

**ਤਰਨ ਤਾਰਨ/ਬਿਊਰੋ ਨਿਊਜ਼ :** ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿਚ ਮਾਰੇ ਗਏ ਭਾਰਤੀ ਫ਼ੌਜ ਦੇ ਨਾਇਬ ਸੂਬੇਦਾਰ ਪਰਮਜੀਤ ਸਿੰਘ ਦੀ ਸ਼ਹਾਦਤ ਉਪਰ ਪੂਰੇ ਵੇਈਂਪੂਈਂ ਪਿੰਡ ਅਤੇ ਇਲਾਕੇ ਨੂੰ ਮਾਣ ਹੈ, ਉਥੇ ਆਪਣੀ ਸਰਕਾਰ 'ਤੇ ਲੋਕਾਂ ਵਿਚ ਗੁੱਸੇ ਦੀ ਲਹਿਰ ਵੀ ਹੈ। ਪਿੰਡ ਵਾਸੀਆਂ ਤੇ ਪਰਿਵਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀਆਂ ਕਮਜ਼ੋਰ ਨੀਤੀਆਂ ਕਾਰਨ ਰੋਜ਼ਾਨਾ ਦੇਸ਼ ਦੇ ਜਵਾਨ ਪਾਕਿਸਤਾਨ ਦੇ ਅੱਤਵਾਦੀਆਂ ਅਤੇ ਫ਼ੌਜੀਆਂ ਹੱਥੋਂ ਸ਼ਹੀਦੀ ਜਾਮ ਪੀ ਰਹੇ ਹਨ, ਪਰ ਕੇਂਦਰ ਸਰਕਾਰ ਵੱਖ-ਵੱਖ ਤਿਉਹਾਰਾਂ 'ਤੇ ਪਾਕਿਸਤਾਨੀ ਫ਼ੌਜੀਆਂ ਨੂੰ ਗੁਲਦਸਤੇ ਅਤੇ ਫੁੱਲ ਦੇ ਕੇ ਉਨ੍ਹਾਂ ਨਾਲ ਭਾਈਚਾਰਕ ਸਾਂਝ ਦਿਖਾਉਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ। ਜਦਕਿ ਪਾਕਿਸਤਾਨ ਹਮੇਸ਼ਾਂ ਹੀ ਭਾਰਤੀ ਫ਼ੌਜੀਆਂ ਉਪਰ ਹਮਲਾ ਕਰਕੇ ਰੋਜ਼ਾਨਾ 'ਨਵੀਆਂ ਭਾਜੀਆਂ' ਪਾ ਰਿਹਾ ਹੈ। ਪਾਕਿਸਤਾਨੀ ਫ਼ੌਜੀਆਂ ਵੱਲੋਂ ਪਾਈਆਂ ਗਈਆਂ ਇਨ੍ਹਾਂ ਭਾਜੀਆਂ ਦਾ ਹੁਣ ਮੁਲ ਮੋੜਨ ਦਾ ਸਮਾਂ ਹੈ। ਇਸ ਕਰਕੇ ਭਾਰਤ ਨੂੰ ਰੋਜ਼ਾਨਾ ਹੋ ਰਹੀਆਂ ਭਾਰਤੀ ਫ਼ੌਜੀਆਂ ਦੀ ਸ਼ਹਾਦਤਾਂ ਨੂੰ ਰੋਕਣ ਵਾਸਤੇ ਕੇਂਦਰ ਸਰਕਾਰ ਨੂੰ ਸਖ਼ਤ ਫ਼ੈਸਲਾ ਲੈ ਕੇ ਆਰ-ਪਾਰ ਦੀ ਲੜਾਈ ਲੜਨੀ ਚਾਹੀਦੀ ਹੈ, ਜਿਸ ਵਿਚ ਦੇਸ਼ ਦਾ ਹਰ ਨੌਜਵਾਨ ਫ਼ੌਜ ਦੀ ਮਦਦ ਲਈ ਅੱਗੇ ਹੋ ਕੇ ਸਾਥ ਦੇਵੇਗਾ। 'ਅਜੀਤ' ਦੀ ਟੀਮ ਦੇਰ ਸ਼ਾਮ ਜੰਮੂ-ਕਸ਼ਮੀਰ ਦੇ ਪੁਣਛ ਖ਼ੇਤਰ 'ਚ ਦੁਸ਼ਮਣ ਦੀ ਗੋਲੀ ਨਾਲ ਸ਼ਹੀਦ ਹੋਏ ਪਿੰਡ ਵੇਈਂਪੂਈਂ ਦੇ ਨਾਇਬ ਸੂਬੇਦਾਰ ਪ੍ਰਮਜੀਤ ਸਿੰਘ ਦੇ ਘਰ ਵਿਚ ਪਹੁੰਚੀ ਤਾਂ ਉਥੇ ਪਿੰਡ ਵਾਸੀਆਂ ਦਾ ਤਾਂਤਾ ਲੱਗਾ ਹੋਇਆ ਸੀ। ਪਿੰਡ ਦਾ ਹਰ ਵਿਅਕਤੀ ਨਾਇਬ ਸੂਬੇਦਾਰ ਪ੍ਰਮਜੀਤ ਸਿੰਘ ਦੀ ਇਸ ਸ਼ਹਾਦਤ ਉਪਰ ਜਿਥੇ ਫ਼ਖ਼ਰ ਮਹਿਸੂਸ ਕਰ ਰਿਹਾ ਸੀ, ਉਥੇ ਸ਼ਹੀਦ ਪਰਮਜੀਤ ਸਿੰਘ ਦੇ ਮਾਤਾ-ਪਿਤਾ ਅਤੇ ਭਰਾ ਸ਼ਹੀਦ ਦੀ ਕੁਰਬਾਨੀ ਨੂੰ ਸਲਾਮ ਕਰਦੇ ਦਿਖਾਈ ਦਿੱਤੇ। ਸ਼ਹੀਦ ਪ੍ਰਮਜੀਤ ਸਿੰਘ ਦੇ ਭਰਾ ਰਣਜੀਤ ਸਿੰਘ ਨੇ ਦੱਸਿਆ ਕਿ ਉਸਦਾ ਭਰਾ 1995 ਵਿਚ ਫ਼ੌਜ ਵਿਚ ਭਰਤੀ ਹੋਇਆ ਸੀ। ਉਹ ਪਹਿਲਾਂ ਵੀ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ 'ਚ ਚਾਰ ਸਾਲ ਤੋਂ ਵੱਧ ਸਮਾਂ ਡਿਊਟੀ ਕਰਕੇ ਆਇਆ ਸੀ ਅਤੇ ਹੁਣ ਦੂਸਰੀ ਵਾਰ ਉਹ ਆਪਣੀ ਬਟਾਲੀਅਨ ਨਾਲ ਇਸ ਸੈਕਟਰ ਵਿਚ ਤਾਇਨਾਤ ਸੀ। ਲਗਭਗ 6 ਕੁ ਮਹੀਨੇ ਪਹਿਲਾਂ ਉਹ ਪਿੰਡ ਛੁੱਟੀ 'ਤੇ ਘਰ ਆਇਆ ਸੀ ਅਤੇ ਹੁਣ 10 ਮਈ ਨੂੰ ਫਿਰ ਵਾਪਸ ਪਿੰਡ ਛੁੱਟੀ 'ਤੇ ਆਪਣੇ ਪਰਿਵਾਰ ਵਿਚ ਆ ਰਿਹਾ ਸੀ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਸ਼ਹੀਦ ਦੇ ਭਰਾ ਰਣਜੀਤ ਸਿੰਘ ਦਾ ਕਹਿਣਾ ਹੈ ਕਿ ਭਾਰਤ-ਪਾਕਿਸਤਾਨ ਸਰਹੱਦ 'ਤੇ ਰੋਜ਼ਾਨਾ ਹੀ ਭਾਰਤੀ ਜਵਾਨਾਂ ਨੂੰ ਸ਼ਹੀਦ ਕਰਵਾਉਣ ਦੀ ਬਜਾਇ ਭਾਰਤ ਸਰਕਾਰ ਨੂੰ ਹੁਣ ਪਾਕਿਸਤਾਨ ਨਾਲ ਆਰ-ਪਾਰ ਦੀ ਲੜਾਈ ਲੜਨੀ ਚਾਹੀਦੀ ਹੈ। ਇਸ ਕੰਮ ਲਈ ਦੇਸ਼ ਦਾ ਹਰ ਨੌਜਵਾਨ ਭਾਰਤੀ ਫ਼ੌਜ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਇਹ ਲੜਾਈ ਲੜਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਭਰਾ ਦੀ ਸ਼ਹੀਦੀ ਉਪਰ ਪੂਰਾ ਮਾਣ ਹੈ ਕਿ ਉਸ ਨੇ ਦੇਸ਼ ਦੀ ਰੱਖਿਆ ਲਈ ਆਪਣਾ ਖ਼ੂਨ ਡੋਲ੍ਹਿਆ ਹੈ। ਉਨ੍ਹਾਂ ਆਪਣੀ ਹੀ ਸਰਕਾਰ ਦੇ ਖ਼ਿਲਾਫ਼ ਇਸ ਗੱਲ ਦਾ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਹੈ ਕਿ ਸਾਡੇ ਜਵਾਨਾਂ ਨੂੰ ਸ਼ਹੀਦ ਕਰਕੇ ਉਨ੍ਹਾਂ ਦੀ ਦੇਹ ਨਾਲ ਦੁਸ਼ਮਣ ਖਿਲਵਾੜ ਕਰੇ, ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ। ਅਸੀਂ ਕੇਂਦਰ ਸਰਕਾਰ ਕੋਲੋਂ ਮੰਗ ਕਰਦੇ ਹਾਂ ਕਿ ਉਨ੍ਹਾਂ ਦੇ ਸ਼ਹੀਦ ਭਰਾ ਦੇ ਪੂਰੇ ਅੰਗ ਪਰਿਵਾਰ ਵਿਚ ਪੁੱਜਣੇ ਚਾਹੀਦੇ ਹਨ। ਸ਼ਹੀਦ ਪਰਮਜੀਤ ਸਿੰਘ ਦੇ ਪਿਤਾ ਊਧਮ ਸਿੰਘ ਜਿਨ੍ਹਾਂ ਦੀ ਹੁਣੇ ਕੁਝ ਮਹੀਨੇ ਪਹਿਲਾਂ ਹੀ ਦਿਲ ਦੀ ਬਾਈਪਾਸ ਸਰਜਰੀ ਹੋਈ ਹੈ, ਦਾ ਆਪਣੇ ਪੁੱਤਰ ਦੀ ਸ਼ਹਾਦਤ 'ਤੇ ਜਿਥੇ ਮਾਣ ਸੀ, ਉਥੇ ਉਨ੍ਹਾਂ ਦਾ ਦੁੱਖ ਮੱਥੇ 'ਤੇ ਸਾਫ਼ ਝਲਕ ਰਿਹਾ ਸੀ। ਸ਼ਹੀਦ ਪਰਮਜੀਤ ਸਿੰਘ ਦੀ ਮਾਤਾ ਦਾ ਵੀ ਆਪਣੇ ਪੁੱਤਰ ਦੀ ਜੁਦਾਈ ਵਿਚ ਬੁਰਾ ਹਾਲ ਦਿਖਾਈ ਦੇ ਰਿਹਾ ਸੀ।

## ਦੁਨੀਆ ਦੇ ਸਭ ਤੋਂ ਵੱਡੇ ਫ਼ਿਲਮ ਫੈਸਟੀਵਲ ਵਿਚ 'ਦੀ ਬਲੈਕ ਪ੍ਰਿੰਸ' ਨੂੰ ਬਿਹਤਰੀਨ ਫ਼ਿਲਮ ਪੁਰਸਕਾਰ

ਆਪਣੀ ਆਵਾਜ਼ ਬੁਲੰਦ ਕੀਤੀ, ਸਗੋਂ ਸੰਨ 1880 ਵਿਚ ਭਾਰਤ ਦੀ ਆਜ਼ਾਦੀ ਦਾ ਵੀ ਹੋਕਾ ਦਿੱਤਾ।

ਇਸ ਫ਼ਿਲਮ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾਇਰੈਕਟਰ ਕਵੀ ਰਾਜ਼ ਨੇ ਕਿਹਾ ਕਿ ਭਾਰਤੀ ਇਤਿਹਾਸ ਦੇ ਇਸ ਮਹੱਤਵਪੂਰਨ ਅਧਿਆਏ 'ਤੇ ਸਮੇਂ ਦੀ ਧੂੜ ਜੰਮੀ ਰਹੀ ਜਾਂ ਇਸ ਨੂੰ ਸਹੀ ਤਰੀਕੇ ਨਾਲ ਪੇਸ਼ ਹੀ ਨਹੀਂ ਕੀਤਾ ਗਿਆ। ਇਸ ਅਧਿਆਏ ਨੂੰ ਮੁੜ ਤੋਂ ਪਰਿਭਾਸ਼ਤ ਕਰਨ ਤੇ ਸ਼ਾਇਦ ਮੁੜ ਤੋਂ ਲਿਖਣ ਦੀ ਲੋੜ ਸੀ।

ਮਹਾਰਾਜਾ ਦਲੀਪ ਸਿੰਘ ਦੀ ਇਸ ਦਰਦਮਈ ਦਾਸਤਾਨ ਨੂੰ ਅਦਾਕਾਰ ਸਤਿੰਦਰ ਸਰਤਾਜ ਨੇ ਬਾਖ਼ੂਬੀ ਪੇਸ਼ ਕੀਤਾ ਹੈ। ਟੈਕਸਾਸ ਦੇ ਦਰਸ਼ਕਾਂ, ਜੋ ਕਿ ਆਮ ਤੌਰ 'ਤੇ ਸਿਨੇਮਾ ਅਤੇ ਅਜਿਹੀਆਂ ਸੰਵੇਦਨਸ਼ੀਲ ਕਹਾਣੀਆਂ ਪ੍ਰਤੀ ਖਿੱਚ ਨਹੀਂ ਰੱਖਦੇ, ਨੇ ਸਰਤਾਜ ਦੇ ਕੰਮ ਨੂੰ ਬੇਹੱਦ ਸਲਾਹਿਆ, ।

ਦੀ ਬਲੈਕ ਪ੍ਰਿੰਸ ਵਿਸ਼ਵ ਭਰ ਵਿੱਚ 21 ਜੁਲਾਈ ਨੂੰ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਭਾਸ਼ਾਵਾਂ ਵਿਚ ਰਿਲੀਜ਼ ਹੋਣ ਜਾ ਰਹੀ ਹੈ, ਜਿਸ ਦੀ ਦੇਸ਼-ਵਿਦੇਸ਼ ਦੇ ਦਰਸ਼ਕਾਂ ਨੂੰ ਬੇਸਬਰੀ ਨਾਲ ਉਡੀਕ ਹੈ।

## ਪਾਕਿ ਫ਼ੌਜ ਵਲੋਂ ਜਵਾਨਾਂ ਦੇ ਸਿਰ ਕਲਮ ਕਰਨ ਦੀ ਕਰੂਰਤਾ ਵਾਲੀ ਕਾਰਵਾਈ

ਤੋਂ ਇਕ ਦਿਨ ਬਾਅਦ ਵਾਪਰੀ ਹੈ। ਜਨਰਲ ਬਾਜਵਾ ਨੇ ਘਟਨਾ ਤੋਂ ਇਕ ਦਿਨ ਪਹਿਲਾਂ ਇਸ ਦੌਰੇ ਦੌਰਾਨ ਪਾਕਿਸਤਾਨ ਵੱਲੋਂ ਕਸ਼ਮੀਰੀ ਵੱਖਵਾਦੀਆਂ ਦੀ ਹਮਾਇਤ ਦਾ ਅਹਿਦ ਦੁਹਰਾਇਆ ਸੀ। ਫ਼ੌਜ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ, "ਇਹ ਪਾਕਿਸਤਾਨੀ ਫ਼ੌਜ ਦਾ ਗਿਣ-ਮਿਥ ਕੇ ਕੀਤਾ ਗਿਆ ਹਮਲਾ ਸੀ। ਉਨ੍ਹਾਂ ਆਪਣੀ ਬੈਟ ਟੀਮ ਨੂੰ ਭਾਰਤ ਵਿੱਚ 250 ਮੀਟਰ ਅੰਦਰ ਤੱਕ ਭੇਜਿਆ ਅਤੇ ਉਥੇ ਘਾਤ ਲਾ ਕੇ ਇਹ ਹਮਲਾ ਕੀਤਾ, ਜਿਸ ਦੌਰਾਨ ਹਮਲਾਵਰ ਲੰਬਾ ਸਮਾਂ 7-8 ਮੈਂਬਰੀ ਭਾਰਤੀ ਗਸ਼ਤੀ ਟੀਮ ਦੀ ਉਡੀਕ ਵਿੱਚ ਬੈਠੇ ਰਹੇ।" ਉਨ੍ਹਾਂ ਕਿਹਾ ਕਿ ਹਮਲਾ ਹੋਣ ਉਤੇ ਗਸ਼ਤੀ ਟੀਮ ਦੇ ਮੈਂਬਰ ਬਚਾਅ ਲਈ ਭੱਜੇ ਪਰ ਇਸ ਦੌਰਾਨ ਦੋ ਜਵਾਨ ਪਿੱਛੇ ਰਹਿਣ ਕਾਰਨ ਉਨ੍ਹਾਂ ਦਾ ਸ਼ਿਕਾਰ ਬਣ ਗਏ। ਫ਼ੌਜ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਦੋਵਾਂ ਜਵਾਨਾਂ ਦੀਆਂ ਲਾਸ਼ਾਂ ਦੀ ਵੱਢ-ਟੁੱਕ ਕੀਤੀ ਗਈ ਹੈ, ਪਰ ਫ਼ੌਜ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਦੋਵਾਂ ਜਵਾਨਾਂ ਦੇ ਸਿਰ ਵੱਢੇ ਗਏ ਹਨ।

**ਪਾਕਿ ਵੱਲੋਂ ਸਿਰ ਕਲਮ ਕਰਨ ਤੋਂ ਇਨਕਾਰ :**

ਇਸਲਾਮਾਬਾਦ: ਪਾਕਿਸਤਾਨ ਦੀ ਥਲ ਸੈਨਾ ਨੇ ਦੋ ਭਾਰਤੀ ਸੈਨਿਕਾਂ ਦੀਆਂ ਲਾਸ਼ਾਂ ਦੀ ਵੱਢ-ਟੁੱਕ ਤੋਂ ਇਨਕਾਰ ਕੀਤਾ। ਪਾਕਿ ਥਲ ਸੈਨਾ ਦੇ 'ਅੰਤਰ ਸੇਵਾਵਾਂ ਲੋਕ ਸੰਪਰਕ ਵਿੰਗ' ਨੇ ਕਿਹਾ ਕਿ ਸੈਨਾ ਨੇ ਭਾਰਤ ਨਾਲ ਲਗਦੀ ਕੰਟਰੋਲ ਰੇਖਾ ਉਤੇ ਗੋਲੀਬੰਦੀ ਦੀ ਕੋਈ ਉਲੰਘਣਾ ਨਹੀਂ ਕੀਤੀ। ਭਾਰਤੀ ਸੈਨਿਕਾਂ ਦੀਆਂ ਲਾਸ਼ਾਂ ਦੀ ਵੱਢ-ਟੁੱਕ ਕਰਨ ਦੇ ਭਾਰਤ ਦੇ ਦਾਅਵੇ ਵੀ ਝੂਠੇ ਹਨ। ਪਾਕਿ ਸੈਨਾ ਉੱਚ ਪਾਏ ਦਾ ਪੇਸ਼ੇਵਰ ਬਲ ਹੈ ਅਤੇ ਉਹ ਕਦੇ ਵੀ ਕਿਸੇ ਫੌਜੀ ਦੀ ਨਿਰਾਦਰੀ ਨਹੀਂ ਕਰੇਗਾ।

**ਜੇਤਲੀ ਬੋਲੇ-ਜਵਾਨਾਂ ਦਾ ਬਲੀਦਾਨ ਜ਼ਾਇਆ ਨਹੀਂ ਜਾਏਗਾ**

ਨਵੀਂ ਦਿੱਲੀ : ਜੰਮੂ ਕਸ਼ਮੀਰ ਵਿੱਚ ਦੋ ਭਾਰਤੀ ਫੌਜੀਆਂ ਦੇ ਸਿਰ ਕਲਮ ਕਰਨ ਉਤੇ ਕੇਂਦਰ ਸਰਕਾਰ ਤੇ ਸਿਆਸੀ ਪਾਰਟੀਆਂ ਨੇ ਪਾਕਿਸਤਾਨ ਦੀ ਆਲੋਚਨਾ ਕੀਤੀ। ਭਾਜਪਾ ਦੇ ਕਾਨੂੰਨਸਾਜ਼ਾਂ ਨੇ ਪਾਕਿ ਥਲ ਸੈਨਾ ਨੂੰ ਵੀ ਇਸੇ ਤਰ੍ਹਾਂ ਦਾ ਜਵਾਬ ਦੇਣ ਉਤੇ ਜ਼ੋਰ ਦਿੱਤਾ। ਰੱਖਿਆ ਮੰਤਰੀ ਅਰੁਣ ਜੇਤਲੀ ਨੇ ਇਸ ਘਿਨਾਉਣੇ ਕਾਰੇ ਨੂੰ ਭੰਡਦਿਆਂ ਕਿਹਾ ਕਿ ਅਜਿਹੇ ਹਮਲੇ ਤਾਂ ਜੰਗ ਦੌਰਾਨ ਵੀ ਨਹੀਂ ਵਾਪਰਦੇ। ਉਨ੍ਹਾਂ ਕਿਹਾ ਕਿ ਪੂਰੇ ਮੁਲਕ ਨੂੰ ਹਥਿਆਰਬੰਦ ਦਸਤਿਆਂ ਵਿੱਚ ਪੂਰਾ ਵਿਸ਼ਵਾਸ ਹੈ। ਜਵਾਨਾਂ ਦੀਆਂ ਲਾਸ਼ਾਂ ਦੀ ਬੇਹੁਰਮਤੀ ਜਾਂਗਲੀਪੁਣੇ ਦਾ ਪ੍ਰਚੰਡ ਰੂਪ ਹੈ। ਭਾਰਤ ਸਰਕਾਰ ਇਸ ਤਰ੍ਹਾਂ ਦੀ ਕਾਰਵਾਈ ਦੀ ਸਖ਼ਤੀ ਨਾਲ ਨਿਖੇਧੀ ਕਰਦੀ ਹੈ। ਪੂਰੇ ਮੁਲਕ ਨੂੰ ਆਪਣੇ ਹਥਿਆਰਬੰਦ ਦਸਤਿਆਂ ਉਤੇ ਪੂਰਾ ਭਰੋਸਾ ਹੈ, ਜੋ ਇਸ ਦਾ ਢੁਕਵਾਂ ਜਵਾਬ ਦੇਣਗੇ। ਉਨ੍ਹਾਂ ਕਿਹਾ ਕਿ ਜਵਾਨਾਂ ਦਾ ਬਲੀਦਾਨ ਜ਼ਾਇਆ ਨਹੀਂ ਜਾਵੇਗਾ।

## ਬੈਂਕ ਦੀ ਕੈਸ਼ ਵੈਨ 'ਤੇ ਹਮਲੇ ਦੌਰਾਨ ਪੰਜ ਪੁਲੀਸ ਜਵਾਨਾਂ ਸਣੇ ਸੱਤ ਹਲਾਕ :

ਸ੍ਰੀਨਗਰ: ਦਹਿਸ਼ਤਗਰਦਾਂ ਨੇ ਕਸ਼ਮੀਰ ਵਾਦੀ ਵਿੱਚ ਬੈਂਕ ਦੀ ਇਕ ਕੈਸ਼ ਵੈਨ ਉਤੇ ਹਮਲਾ ਕਰ ਕੇ ਪੰਜ ਪੁਲੀਸ ਜਵਾਨਾਂ ਸਣੇ ਸੱਤ ਵਿਅਕਤੀਆਂ ਨੂੰ ਮਾਰ ਮੁਕਾਇਆ। ਹਮਲੇ ਦੀ ਜ਼ਿੰਮੇਵਾਰੀ ਹਿਜ਼ਬੁਲ ਮੁਜਾਹਦੀਨ ਨੇ ਲਈ ਹੈ। ਇਹ ਘਟਨਾ ਕਸ਼ਮੀਰ ਦੇ ਦੱਖਣੀ ਜ਼ਿਲ੍ਹੇ ਕੁਲਗਾਮ ਵਿੱਚ ਬਾਅਦ ਦੁਪਹਿਰ ਉਦੋਂ ਵਾਪਰੀ ਜਦੋਂ ਜੰਮੂ ਅਤੇ ਕਸ਼ਮੀਰ ਬੈਂਕ ਦੀ ਇਹ ਕੈਸ਼ ਵੈਨ ਧਮਾਲ ਹਾਂਜੀ ਪੋਰਾ ਤੋਂ ਜ਼ਿਲ੍ਹਾ ਸਦਰ ਮੁਕਾਮ ਉਤੇ ਪਰਤ ਰਹੀ ਸੀ। ਇਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਹਥਿਆਰਾਂ ਨਾਲ ਵੱਡੀ ਪੱਧਰ 'ਤੇ ਲੈਸ ਦਹਿਸ਼ਤਗਰਦਾਂ ਦੀ ਇਕ ਟੋਲੀ ਨੇ ਵੈਨ ਨੂੰ ਘੇਰ ਲਿਆ। ਉਨ੍ਹਾਂ ਪੰਜ ਜਵਾਨਾਂ ਅਤੇ ਬੈਂਕ ਦੇ ਦੋ ਮੁਲਾਜ਼ਮਾਂ ਨੂੰ ਵੈਨ ਤੋਂ ਬਾਹਰ ਧੂਹ ਕੇ ਬੜੀ ਨੇੜਿਓਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਮ੍ਰਿਤਕਾਂ ਵਿੱਚ ਪੁਲੀਸ ਦਾ ਇਕ ਏਐਸਆਈ ਵੀ ਸ਼ਾਮਲ ਹੈ। ਰਿਪੋਰਟਾਂ ਮੁਤਾਬਕ ਦਹਿਸ਼ਤਗਰਦ ਜਵਾਨਾਂ ਦੀਆਂ ਸਰਕਾਰੀ ਰਾਈਫਲਾਂ ਲੈ ਗਏ। ਪੁਲੀਸ ਅਫ਼ਸਰਾਂ ਅਨੁਸਾਰ ਉਹ ਅਜੇ ਇਸ ਗੱਲ ਦਾ ਪਤਾ ਲਾ ਰਹੇ ਹਨ ਕਿ ਕੀ ਦਹਿਸ਼ਤਗਰਦ ਵੈਨ ਵਿਚੋਂ ਨਕਦੀ ਤੇ ਜਵਾਨਾਂ ਦੀਆਂ ਸਰਕਾਰੀ ਰਾਈਫਲਾਂ ਲੈ ਗਏ ਹਨ।

## ਨਗਰ ਕੀਰਤਨ 'ਚ ਪੁੱਜੇ ਟਰੂਡੋ ਨੇ ਖ਼ਾਲਸਾ ਪਥ ਨੂੰ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਦਿੱਤੀਆਂ ਵਧਾਈਆਂ

ਸੁਣਾਈ ਦਿੰਦੀ ਰਹੀ। ਦਰਜਨ ਦੇ ਕਰੀਬ ਢੋਲੀਆਂ ਨੇ ਲਗਾਤਾਰ ਡਗੇ ਚਲਾਏ। ਚੁਫੇਰੇ ਅਤੁੱਟ ਲੰਗਰਾਂ ਦੇ ਅਨੇਕਾਂ ਸਟਾਲ ਸਨ, ਜਿੱਥੇ ਸੇਵਾਦਾਰਾਂ ਅਤੇ ਸੇਵਾਦਾਰਨੀਆਂ ਨੇ ਅਣਥੱਕਤਾ ਨਾਲ ਲੰਗਰ ਤਿਆਰ ਕੀਤੇ ਅਤੇ ਵਰਤਾਏ। ਇਸ ਮੌਕੇ ਕਈ ਹੋਰ ਭਾਈਚਾਰਿਆਂ ਦੇ ਲੋਕ ਲੰਗਰ ਛੱਕ ਕੇ ਨਿਹਾਲ ਹੁੰਦੇ ਦੇਖੇ ਗਏ। ਉਂਟਾਰੀਓ ਪ੍ਰੋਵਿੰਸ਼ੀਅਲ ਪੁਲੀਸ ਅਤੇ ਕੈਨੇਡੀਅਨ ਫੌਜ ਦੇ ਜਵਾਨਾਂ ਨੇ ਫੋਰਸ ਵਿੱਚ ਭਰਤੀ ਬਾਰੇ ਅਤੇ ਹੋਰ ਜਾਣਕਾਰੀ ਦੇਣ ਲਈ ਵੱਖਰੇ ਸਟਾਲ ਲਗਾਏ ਸਨ। 'ਸਿੱਖ ਨੇਸ਼ਨ' ਦੇ ਵਲੰਟੀਅਰਾਂ ਨੇ ਖ਼ੂਨਦਾਨ ਲਈ ਰਜਿਸਟਰੇਸ਼ਨ ਕੀਤੀ। ਇਕ ਵੱਖਰੇ ਸਟਾਲ ਵਿੱਚ 'ਸਿੰਪਲੀ ਸਿੱਖ' ਸੰਸਥਾ ਦੇ ਨੌਜਵਾਨ ਸੇਵਾਦਾਰ ਦਸਤਾਰ ਸਜਾਉਣ ਅਤੇ ਮੁਫ਼ਤ ਦਸਤਾਰਾਂ ਵੰਡਣ ਦੀ ਸੇਵਾ ਨਿਭਾ ਰਹੇ ਸਨ, ਜਿੱਥੇ ਦਸਤਾਰ ਸਜਾਉਣ ਲਈ ਬੱਚਿਆਂ ਅਤੇ ਨੌਜਵਾਨਾਂ ਦੀ ਲੰਬੀ ਲਾਈਨ ਲੱਗੀ ਰਹੀ। ਓ.ਐਸ.ਜੀ.ਸੀ. ਤੋਂ ਚੇਅਰਮੈਨ ਭੁਪਿੰਦਰ ਸਿੰਘ ਉਭੀ ਅਤੇ ਮਨਜੀਤ ਸਿੰਘ ਪ੍ਰਮਾਰ ਨੇ ਦੱਸਿਆ ਕਿ ਸਮੁੱਚੇ ਸਮਾਗਮ ਦੌਰਾਨ ਸੰਗਤ ਵਲੋਂ ਗੋਲਕਾਂ ਵਿੱਚ ਭੇਟ ਕੀਤੀ ਗਈ ਮਾਇਆ ਟੋਰਾਂਟੋ ਸਥਿਤ ਸਿੱਕ ਚਿਲਡਰਨਜ਼ ਹਸਪਤਾਲ ਨੂੰ ਦਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ।

## "ਭਾਰਤ ਵਲੋਂ ਕਨੇਡਾ ਸਰਕਾਰ ਕੋਲ ਸ਼ਿਕਾਇਤ ਸਿੱਖਾਂ ਨੂੰ ਬਦਨਾਮ ਕਰਨ ਦੀ ਚਾਲ"

ਤਸਵੀਰਾਂ ਲਗੀਆਂ ਹੋਈਆਂ ਸਨ ਜਿਨ੍ਹਾਂ ਨੇ 1990ਵਿਆਂ ਦੌਰਾਨ ਭਾਰਤ ਸਰਕਾਰ ਨਾਲ ਜੂਝਦਿਆਂ ਆਪਣੀਆਂ ਜਾਨਾਂ ਵਾਰੀਆਂ ਸਨ।

ਭਾਰਤ ਵਲੋਂ ਕੈਨੇਡਾ ਦੇ ਗਲੋਬਲ ਅਫੇਅਰਜ਼ ਕੋਲ ਸਿੱਖਸ ਫਾਰ ਜਸਟਿਸ ਖਿਲਾਫ ਕੀਤੀ ਸ਼ਿਕਾਇਤ ਨੂੰ ਹਾਸੋਹੀਣਾ ਕਰਾਰ ਦਿੰਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਵੱਖਵਾਦ ਅੱਤਵਾਦ ਨਹੀਂ ਹੁੰਦਾ ਤੇ ਸਿਖਸ ਫਾਰ ਜਸਟਿਸ ਹਮੇਸ਼ਾ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੰਮ ਕਰਦੀ ਹੈ।

ਅਟਾਰਨੀ ਪੰਨੂ ਨੇ ਕਿਹਾ ਕਿ ਕੈਪਟਨ ਅਮਰਿੰਦਰ ਕੌਮਾਂਤਰੀ ਕਾਨੂੰਨਾਂ ਤਹਿਤ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਲਈ ਜ਼ੁੰਮੇਵਾਰ ਹੈ ਅਤੇ ਅਸੀ ਉਸ ਦੀ ਕੈਨੇਡਾ, ਅਮਰੀਕਾ ਅਤੇ ਯੂਰਪੀਨ ਦੇਸ਼ਾਂ ਵਿਚ ਉਡੀਕ ਕਰ ਰਹੇ ਹਾਂ ਕਿ ਕਦੋਂ ਉਹ ਆਏ ਤਾਂ ਜੋ ਉਸ ਨੂੰ ਮਨੁੱਖਤਾ ਖਿਲਾਫ ਅਪਰਾਧਾਂ ਲਈ ਉਸ ਖਿਲਾਫ ਮੁਕੱਦਮਾ ਚਲਾ ਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਜਵਾਬਦੇਹ ਬਣਾਇਆ ਜਾਵੇ।

ਵਰਨਣਯੋਗ ਹੈ ਕਿ ਅਪ੍ਰੈਲ 2016 ਵਿਚ ਸਿਖਸ ਫਾਰ ਜਸਟਿਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਕੈਨੇਡਾ ਵਿਚ ਸਿਆਸੀ ਰੈਲੀਆਂ ਕਰਨ ਤੋਂ ਸਫਲਤਾ ਨਾਲ ਰੋਕਿਆ ਸੀਤੇ ਉਸ ਖਿਲਾਫ ਮੁਕਦਮਾ ਦਾਇਰ ਕਰਕੇ ਗ੍ਰਿਫਤਾਰੀ ਵਾਰੰਟ ਦੀ ਮੰਗ ਕੀਤੀ ਸੀ ਤਾਂ ਜੋ 2002 ਵਿਚ ਉਸ ਦੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਸਿੱਖਾਂ 'ਤੇ ਹੋਏ ਬੇਤਹਾਸ਼ਾ ਤਸ਼ਦਦ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾ ਸਕੇ। 1990ਵਿਆਂ ਦੇ ਅਖੀਰ ਵਿਚ ਬਗਾਵਤ ਵਿਰੋਧੀ ਅਪਰੇਸ਼ਨਾਂ ਦੌਰਾਨ ਪੰਜਾਬ ਵਿਚ ਭਾਰਤੀ ਸੁਰਖਿਆ ਬਲਾਂ ਵਲੋਂ ਵੱਡੀ ਗਿਣਤੀ ਵਿਚ ਕੈਨੇਡੀਅਨ ਸਿੱਖਾਂ ਨੂੰ ਅਗਵਾ ਕੀਤਾ ਗਿਆ, ਤਸ਼ੱਦਦ ਕੀਤਾ ਗਿਆ ਤੇ ਉਨ੍ਹਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ ਸੀ। ਸਿਖਸ ਫਾਰ ਜਸਟਿਸ ਨੇ ਦੋਸ਼ ਲਾਇਆ ਹੈ ਕਿ 2002 ਵਿਚ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਰਕਾਰ ਦੇ ਮੁਖੀ ਹੁੰਦਿਆਂ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਬਹਾਲ ਕਰਨਾ, ਤਰੱਕੀ ਦੇਣੀ ਤੇ ਉਨ੍ਹਾਂ ਦੀ ਪੁਸ਼ਤਪਨਾਹੀ ਸ਼ੁਰੂ ਕਰ ਦਿੱਤੀ ਸੀ ਜਿਹੜੇ ਕਿ 1990 ਵਿਆਂ ਦੌਰਾਨ ਸਿੱਖਾਂ 'ਤੇ ਤਸ਼ਦਦ, ਲਾਪਤਾ ਕਰਨ ਅਤੇ ਫਰਜ਼ੀ ਮੁਕਾਬਲਿਆਂ ਦੇ ਦੋਸ਼ੀ ਸਨ ਜਿਨ੍ਹਾਂ ਦੇ ਨਾਂਅ ਪੀੜਤ ਪਰਿਵਾਰਾਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਵਾਰ ਵਾਰ ਲਏ ਜਾਂਦੇ ਰਹੇ ਹਨ।

ਗੁਰਪਤਵੰਤ ਸਿੰਘ ਪੰਨੂੰ ਨੇ ਦਾਅਵਾ ਕੀਤਾ ਕਿ ਵੱਖਵਾਦ ਕੋਈ ਦਹਿਸ਼ਤਵਾਦ ਨਹੀਂ ਹੈ ਤੇ ਐਸ.ਐਫ.ਜੇ. ਹਮੇਸ਼ਾ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਕਨੇਡੀਅਨ ਸਿੱਖਾਂ ਨੂੰ ਆਪਣਾ ਕੋਈ ਵੀ ਸਿਆਸੀ ਵਿਚਾਰ ਜ਼ਾਹਰ ਕਰਨ ਦਾ ਸੰਵਿਧਾਨਕ ਹੱਕ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਭਾਰਤ ਸਰਕਾਰ ਨੂੰ ਇਸ ਤੋਂ ਤਕਲੀਫ਼ ਹੁੰਦੀ ਹੈ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
Kirtan
Katha
GLOBAL PUNJAB
News
Discussion
Debate
channel punjabi BEATS
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143

## ਮਹਾਨ ਗੁਰਮਤਿ ਸਮਾਗਮ

## 19 ਮਈ, 2017 ਤੋਂ 21 ਮਈ, 2017


ਭਾਈ ਬਲਦੇਵ ਸਿੰਘ ਜੀ ਵਡਾਲਾ


ਭਾਈ ਨਿਰਮਲ ਸਿੰਘ ਜੀ ਖ਼ਾਲਸਾ


ਭਾਈ ਬਲਜੀਤ ਸਿੰਘ ਜੀ ਕੈਨੇਡਾ


ਭਾਈ ਸੁੱਖਾ ਸਿੰਘ ਜੀ ਯੂ.ਕੇ.


ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ

### ਤਰੀਕ ਅਤੇ ਸਮਾਂ

19 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

20 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ ਆਸਾ ਦੀ ਵਾਰ

20 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

21 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤਕ ਭਾਈ ਨਿਰਮਲ ਸਿੰਘ ਆਸਾ ਦੀ ਵਾਰ

21 ਮਈ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤਕ ਕੀਰਤਨ, ਕਥਾ, ਕਵੀਸ਼ਰੀ ਦਰਬਾਰ

*ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ*
*ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸਾਧ-ਸੰਗਤ ਨੂੰ ਇਨ੍ਹਾਂ ਸਮਾਗਮਾਂ*
*ਵਿਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।*

**ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :**
**ਭਾਈ ਜਸਦੀਪ ਸਿੰਘ 317-560-0019, ਭਾਈ ਸਤਨਾਮ ਸਿੰਘ 317-403-8344,**
**ਭਾਈ ਗੁਰਪ੍ਰੀਤ ਸਿੰਘ 317-476-4038**

## GURDWARA SHRI GURU HARGOBIND SAHIB JI

**1050 S. GRAHAM RD. GREENWOOD, IN 46143**


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com